25-NOV-PAGE- Punjab add.qxd 11/24/2025 10:55 PM Page 1

ਮੰਗਲਵਾਰ, 25 ਨਵੰਬਰ, 2025
10 ਮੱਘਰ { ਨਾਨਕਸ਼ਾਹੀ 557, ਬਿਕਰਮੀ 2082 }
ਜਿਲਦ/VOL. : 74
ਅੰਕ/NO. : 175

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 25 NOVEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14



# 350ਵਾਂ ਸ਼ਹੀਦੀ ਦਿਹਾੜਾ

## ਸ੍ਰੀ ਗੁਰੂ ਤੇਗ਼ ਬਹਾਦਰ ਜੀ

ਭਾਈ ਮਤੀ ਦਾਸ ਜੀ,
ਭਾਈ ਸਤੀ ਦਾਸ ਜੀ,
ਭਾਈ ਦਿਆਲਾ ਜੀ



### ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਦਾ ਵੇਰਵਾ

### 25 ਨਵੰਬਰ, 2025

- ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਦੀ ਸੰਪੂਰਨਤਾ
- ਸੂਬਾ ਪੱਧਰੀ ਖ਼ੂਨਦਾਨ ਮੁਹਿੰਮ
- 3.50 ਲੱਖ ਬੂਟੇ ਲਾਉਣ ਦੀ ਸੂਬਾ ਪੱਧਰੀ ਮੁਹਿੰਮ
- ਗੁਰਬਾਣੀ ਕੀਰਤਨ
- ਸਰਬੱਤ ਦਾ ਭਲਾ ਇਕੱਤਰਤਾ
- ਡਰੋਨ ਸ਼ੋਅ

### ਸ੍ਰੀ ਅੰਮ੍ਰਿਤਸਰ ਸਾਹਿਬ ਅੰਦਰੂਨ ਸ਼ਹਿਰ, ਤਲਵੰਡੀ ਸਾਬੋ ਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦਾ ਫ਼ੈਸਲਾ

### ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਕਰਵਾਏ ਸਮਾਗਮ ਅਤੇ ਉਪਰਾਲੇ

- ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵੱਖ-ਵੱਖ ਸੂਬਿਆਂ ਵਿੱਚ ਸਮਾਗਮ ਕਰਵਾਏ ਗਏ
- ਸਮਾਗਮਾਂ ਦੀ ਸ਼ੁਰੂਆਤ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ, ਨਵੀਂ ਦਿੱਲੀ ਤੋਂ ਕੀਤੀ ਗਈ
- ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਵਿਖੇ ਵਿਸ਼ਾਲ ਕੀਰਤਨ ਦਰਬਾਰ ਕਰਵਾਇਆ ਗਿਆ
- ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ 142 ਪਿੰਡਾਂ ਅਤੇ ਸ਼ਹਿਰਾਂ ਦੇ ਵਿਕਾਸ ਲਈ 71 ਕਰੋੜ ਰੁਪਏ ਦਿੱਤੇ ਗਏ। ਹਰੇਕ ਪਿੰਡ ਅਤੇ ਸ਼ਹਿਰ ਨੂੰ 50 ਲੱਖ ਰੁਪਏ ਦਿੱਤੇ ਗਏ
- 1 ਨਵੰਬਰ ਤੋਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਲਾਈਟ ਐਂਡ ਸਾਊਂਡ ਸ਼ੋਅ ਕਰਵਾਏ ਗਏ, ਹੁਣ ਇਹ ਸ਼ੋਅ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਮਹਾਨ ਜੀਵਨ ਅਤੇ ਫ਼ਲਸਫ਼ੇ ਨੂੰ ਰੂਪਮਾਨ ਕੀਤਾ ਗਿਆ ਹੈ
- ਗੁਰੂ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਨਗਰਾਂ ਅਤੇ ਸ਼ਹਿਰਾਂ ਵਿੱਚ ਕੀਰਤਨ ਸਮਾਗਮ ਕਰਵਾਏ ਗਏ
- 18 ਨਵੰਬਰ ਨੂੰ ਸ੍ਰੀਨਗਰ (ਜੰਮੂ-ਕਸ਼ਮੀਰ) ਵਿੱਚ ਕੀਰਤਨ ਦਰਬਾਰ ਕਰਵਾਇਆ ਗਿਆ। 19 ਨਵੰਬਰ ਨੂੰ ਸ੍ਰੀਨਗਰ ਤੋਂ ਨਗਰ ਕੀਰਤਨ ਸਜਾਇਆ ਗਿਆ। 20 ਨਵੰਬਰ ਨੂੰ ਤਲਵੰਡੀ ਸਾਬੋ, ਫ਼ਰੀਦਕੋਟ ਅਤੇ ਗੁਰਦਾਸਪੁਰ ਤੋਂ ਤਿੰਨ ਨਗਰ ਕੀਰਤਨ ਸਜਾਏ ਗਏ। ਇਹ ਚਾਰੇ ਨਗਰ ਕੀਰਤਨ 22 ਨਵੰਬਰ ਦੀ ਸ਼ਾਮ ਅਤੇ 23 ਨਵੰਬਰ ਨੂੰ ਅੰਮ੍ਰਿਤ ਵੇਲੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਪਹੁੰਚ ਕੇ ਸੰਪੂਰਨ ਹੋਏ
- ਸ੍ਰੀ ਅਨੰਦਪੁਰ ਸਾਹਿਬ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਵਾਲੇ ਸ਼ਰਧਾਲੂਆਂ ਦੇ ਠਹਿਰਾਅ ਲਈ ਟੈਂਟ ਸਿਟੀ ਬਣਾਈ ਗਈ, ਜਿਸ ਦਾ ਨਾਮ 'ਚੱਕ ਨਾਨਕੀ' ਰੱਖਿਆ ਗਿਆ ਹੈ
    - ਇਸ ਪਵਿੱਤਰ ਨਗਰੀ ਵਿੱਚ ਸਰਬ ਧਰਮ ਸੰਮੇਲਨ ਕਰਵਾਇਆ ਗਿਆ
    - ਗੁਰੂ ਸਾਹਿਬ ਦੇ ਜੀਵਨ ਤੇ ਫਲਸਫ਼ੇ ਨੂੰ ਦਰਸਾਉਂਦੀ ਪ੍ਰਦਰਸ਼ਨੀ ਤੇ ਡਰੋਨ ਸ਼ੋਅ ਕਰਵਾਏ ਗਏ
    - ਕੀਰਤਨ ਦਰਬਾਰ, ਕਥਾ, ਗੱਤਕਾ, ਗਾਈਡਡ ਟੂਰ ਕਰਵਾਇਆ ਗਿਆ

### ਆਓ, ਸ੍ਰੀ ਅਨੰਦਪੁਰ ਸਾਹਿਬ ਨਤਮਸਤਕ ਹੋਈਏ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

ਮੰਗਲਵਾਰ, 25 ਨਵੰਬਰ, 2025
10 ਮੱਘਰ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 175

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 25 NOVEMBER, 2025    ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in

# ਅੰਮ੍ਰਿਤਸਰ ਦੇ ਗਲਿਆਰਾ ਏਰੀਆ, ਸ੍ਰੀ ਆਨੰਦਪੁਰ ਸਾਹਿਬ ਤੇ ਤਲਵੰਡੀ ਸਾਬੋ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦਾ ਮਤਾ ਪਾਸ

## ਪਹਿਲੀ ਵਾਰ ਚੰਡੀਗੜ੍ਹ ਤੋਂ ਬਾਹਰ ਸ੍ਰੀ ਆਨੰਦਪੁਰ ਸਾਹਿਬ 'ਚ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ, ਮੁੱਖ ਮੰਤਰੀ ਮਾਨ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਕੁਰਬਾਨੀ ਨੂੰ ਕੀਤਾ ਯਾਦ





**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**
ਇੱਥੇ ਸੋਮਵਾਰ ਸ੍ਰੀ ਗੁਰੂ ਤੇਗ ਬਹਾਦਰ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ 'ਚ ਮੁੱਖ ਮੰਤਰੀ ਭਗਵੰਤ ਮਾਨ ਨੇ ਅੰਮ੍ਰਿਤਸਰ ਦੇ ਗਲਿਆਰਾ ਏਰੀਆ, ਸ੍ਰੀ ਆਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦਾ ਮਤਾ ਪੇਸ਼ ਕੀਤਾ, ਜਿਸ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ।

ਪਹਿਲੀ ਵਾਰ ਪੰਜਾਬ ਵਿਧਾਨ ਸਭਾ ਦੇ ਚੰਡੀਗੜ੍ਹ ਤੋਂ ਬਾਹਰ ਇੱਥੇ ਭਾਈ ਜੈਤਾ ਜੀ ਯਾਦਗਾਰੀ ਪਾਰਕ 'ਚ ਵਾਟਰ ਪਰੂਫ ਟੈਂਟ ਵਿੱਚ ਹੋਏ ਇਜਲਾਸ ਦੌਰਾਨ ਪਵਿੱਤਰ ਸ਼ਹਿਰਾਂ ਨੂੰ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਬਜਟ ਦੇਣ ਦਾ ਐਲਾਨ ਵੀ ਕੀਤਾ ਗਿਆ।

ਪਾਸ ਕੀਤੇ ਗਏ ਮਤੇ ਮੁਤਾਬਕ ਇਨ੍ਹਾਂ ਪਵਿੱਤਰ ਸ਼ਹਿਰਾਂ ਵਿੱਚ ਮੀਟ, ਸ਼ਰਾਬ ਅਤੇ ਤੰਬਾਕੂ ਦੀ ਵਿਕਰੀ ਅਤੇ ਸੇਵਨ 'ਤੇ ਮੁਕੰਮਲ ਪਾਬੰਦੀ ਲਗਾਈ ਜਾਵੇਗੀ। ਸਰਕਾਰ ਚਾਹੁੰਦੀ ਹੈ ਕਿ ਗੁਰੂ ਦੀ ਨਗਰੀ ਅਤੇ ਤਖਤ ਸਾਹਿਬਾਨ ਵਾਲੇ ਇਨ੍ਹਾਂ ਸ਼ਹਿਰਾਂ ਵਿੱਚ ਨਸ਼ਾ ਅਤੇ ਮੀਟ ਪੂਰੀ ਤਰ੍ਹਾਂ ਵਰਜਿਤ ਹੋਵੇ।

ਮਾਨ ਨੇ ਮਤੇ ਵਿੱਚ ਇਹ ਵੀ ਸੁਝਾਅ ਦਿੱਤਾ ਕਿ ਇਨ੍ਹਾਂ ਤਿੰਨਾਂ ਸ਼ਹਿਰਾਂ ਵਿੱਚ ਇੱਕ 'ਸਰਬ ਧਰਮ ਕਮੇਟੀ' ਦਾ ਗਠਨ ਕੀਤਾ ਜਾਣਾ ਚਾਹੀਦਾ ਹੈ। ਇਸ ਕਮੇਟੀ ਵਿੱਚ ਸਾਰੇ ਧਰਮਾਂ ਦੇ ਨੁਮਾਇੰਦੇ ਸ਼ਾਮਲ ਹੋਣਗੇ, ਜੋ ਸ਼ਹਿਰਾਂ ਦੀ ਧਾਰਮਕ ਅਤੇ ਸਮਾਜਕ ਸਦਭਾਵਨਾ ਨੂੰ ਬਣਾਈ ਰੱਖਣ ਲਈ ਕੰਮ ਕਰਨਗੇ। ਮਤੇ ਅਨੁਸਾਰ ਪੰਜਾਬ ਸਰਕਾਰ ਇਨ੍ਹਾਂ ਸ਼ਹਿਰਾਂ ਦੇ ਸੁੰਦਰੀਕਰਨ ਅਤੇ ਵਿਕਾਸ ਲਈ ਲੋੜੀਂਦਾ ਬਜਟ ਅਲਾਟ ਕਰੇਗੀ। ਇਸਦੇ ਨਾਲ ਹੀ, ਕੇਂਦਰ ਸਰਕਾਰ ਨੂੰ ਵੀ ਬੇਨਤੀ ਕੀਤੀ ਜਾਵੇਗੀ ਕਿ ਉਹ ਇਨ੍ਹਾਂ ਧਾਰਮਕ ਸ਼ਹਿਰਾਂ ਦੇ ਵਿਕਾਸ ਲਈ ਜ਼ਰੂਰੀ ਵਿੱਤੀ ਸਹਾਇਤਾ ਪ੍ਰਦਾਨ ਕਰੇ।

ਮੁੱਖ ਮੰਤਰੀ ਨੇ ਆਪਣੇ ਸੰਬੋਧਨ 'ਚ ਕਿਹਾ, "ਅੱਜ ਦਾ ਦਿਨ ਰੌਲਾ-ਰੱਪਾ ਪਾਉਣ ਵਾਲਾ ਨਹੀਂ, ਬਲਕਿ ਮੁਕੱਦਸ ਦਿਨ ਹੈ। ਪਹਿਲੀ ਵਾਰ ਹੈ ਜਦੋਂ ਪੰਜਾਬ ਦੀ ਵਿਧਾਨ ਸਭਾ ਚੰਡੀਗੜ੍ਹ ਤੋਂ ਚੱਲ ਕੇ ਗੁਰੂ ਦੇ ਚਰਨਾਂ ਵਿਚ ਸਿਜਦਾ ਕਰਨ ਲਈ ਆਈ ਹੈ।" ਮੁੱਖ ਮੰਤਰੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੂੰ ਯਾਦ ਕੀਤਾ।

ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਆਨੰਦਪੁਰ ਮਤੇ ਦੀ ਗੱਲ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ ਪੰਜਾਬ ਦੇ ਅਧਿਕਾਰ ਖੋਹੇ ਜਾ ਰਹੇ ਹਨ। ਇਆਲੀ ਨੇ ਮਨੁੱਖੀ ਅਧਿਕਾਰਾਂ ਦੀ ਗੱਲ ਕਰਦਿਆਂ ਮੰਗ ਉਠਾਈ ਕਿ ਸ੍ਰੀ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅਮ੍ਰਿਤਪਾਲ ਸਿੰਘ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਹੋਣੀ ਚਾਹੀਦੀ ਹੈ।

ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਬੋਲਣ ਨਹੀਂ ਦਿੱਤਾ ਗਿਆ, ਜਿਸ ਦਾ ਵਿਰੋਧ ਖਹਿਰਾ ਨੇ ਸਦਨ ਵਿੱਚ ਕੀਤਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵੇਲੇ ਦੇ ਹਾਕਮ ਧਾੜਵੀ ਬਣ ਕੇ ਪੰਜਾਬ ਨੂੰ ਨਿਸ਼ਾਨਾ ਬਣਾ ਰਹੇ ਹਨ। ਕਦੇ ਪੰਜਾਬ ਦੀ ਖੇਤੀ 'ਤੇ ਹਮਲਾ ਤੇ ਕਦੇ ਸਿੱਖਿਆ 'ਤੇ ਹਮਲਾ ਹੋ ਰਿਹੈ। 'ਆਪ' ਵਿਧਾਇਕ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਗੁਰੂ ਦੇ ਸਿਧਾਂਤਾਂ 'ਤੇ ਚਲਦਿਆਂ ਕੇਂਦਰ ਦੇ ਹਰ ਹਮਲੇ ਦਾ ਡਟ ਕੇ ਮੁਕਾਬਲਾ ਕੀਤਾ ਹੈ। ਸਾਂਝੀਵਾਲਤਾ 'ਤੇ ਪਹਿਰਾ ਦਿੰਦਿਆਂ ਪੰਜਾਬ ਦੇ ਹਰ ਵਰਗ ਨੂੰ ਬਿਨਾਂ ਵਿਤਕਰੇ ਤੋਂ ਸਹੂਲਤਾਂ ਦਿੱਤੀਆਂ ਜਾਣ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਦੇਸ਼ ਨੂੰ ਫਿਰਕੂ ਲੀਹਾਂ 'ਤੇ ਵੰਡਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾ ਨੇ ਮਨੀਪੁਰ ਤੇ ਹਰਿਆਣਾ ਦੇ ਨੂਹ ਦੀਆਂ ਘਟਨਾਵਾਂ ਦਾ ਵੀ ਜ਼ਿਕਰ ਕੀਤਾ।

ਉਨ੍ਹਾ ਅੱਗੇ ਕਿਹਾ ਕਿ ਇਸ ਇਤਿਹਾਸਕ ਮੌਕੇ ਪੰਜਾਬ ਦੇ ਤਿੰਨ ਕਰੋੜ ਨਿਵਾਸੀਆਂ ਨੂੰ ਦੇਸ਼ ਦੀ 150 ਕਰੋੜ ਜਨਤਾ ਤੱਕ ਸਦਭਾਵਨਾ, ਧਰਮ ਨਿਰਪੱਖਤਾ ਅਤੇ ਸ਼ਾਂਤੀ ਦਾ ਸੰਦੇਸ਼ ਪੁੱਜਦਾ ਕਰਨਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਪਾਵਨ ਧਰਤੀ ਤੋਂ, ਅਸੀਂ 'ਹਿੰਦੂ ਰਾਸ਼ਟਰ' ਅਤੇ 'ਖਾਲਿਸਤਾਨ' ਨੂੰ ਖਾਰਿਜ ਕਰਦਿਆਂ 'ਜੁਗ ਜੁਗ ਜੀਵੇ ਮੇਰਾ ਹਿੰਦੁਸਤਾਨ' ਦੇ ਨਾਅਰੇ ਦੀ ਵਕਾਲਤ ਕਰਦੇ ਹਾਂ ਜੋ ਗੁਰੂ ਸਾਹਿਬ ਵੱਲੋਂ ਦਿਖਾਏ ਮਾਰਗ ਅਨੁਸਾਰ ਦੇਸ਼ ਦੀ ਏਕਤਾ ਪ੍ਰਤੀ ਸਾਡੀ ਵਚਨਬੱਧਤਾ ਦਾ ਪ੍ਰਤੀਕ ਹੈ ਅਤੇ ਇਹ ਸੈਸ਼ਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਲਾਸਾਨੀ ਸ਼ਹਾਦਤ ਅਤੇ ਆਪਸੀ ਭਾਈਚਾਰੇ ਦੇ ਸੰਦੇਸ਼ ਨੂੰ ਨਿਮਾਣੀ ਸ਼ਰਧਾਂਜਲੀ ਹੈ। ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਨੇ ਸਦਨ ਵਿੱਚ ਪ੍ਰਤਾਪ ਸਿੰਘ ਬਾਜਵਾ ਦੇ ਹਵਾਲੇ ਨਾਲ ਕਿਹਾ ਕਿ ਵਿਸ਼ੇਸ਼ ਇਜਲਾਸ ਦੌਰਾਨ ਸਦਨ ਵਿੱਚ ਰਾਜਨੀਤੀ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਜੇ ਗੁਰੂ ਦਾ ਸੰਦੇਸ਼ ਸਹੀ ਸੰਦਰਭ ਵਿੱਚ ਮੰਨੀਏ ਤਾਂ ਪੰਜਾਬ ਦੇ ਭਾਈਚਾਰੇ ਨੂੰ ਕੋਈ ਵੀ ਲਾਂਬੂ ਨਹੀਂ ਲਾ ਸਕਦਾ। ਬਸਪਾ ਵਿਧਾਇਕ ਨਛੱਤਰ ਪਾਲ ਨੇ ਮੰਗ ਕੀਤੀ ਕਿ ਰੋਪੜ ਜ਼ਿਲ੍ਹੇ ਦਾ ਨਾਂਅ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂਅ 'ਤੇ ਰੱਖਿਆ ਜਾਵੇ ਜਾਂ ਫਿਰ ਰੋਪੜ ਜ਼ਿਲ੍ਹੇ ਦਾ ਨਾਂਅ ਆਨੰਦਪੁਰ ਸਾਹਿਬ ਰੱਖਿਆ ਜਾਵੇ। ਉਨ੍ਹਾ ਕਿਹਾ ਕਿ ਆਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਬਣਾਉਣ ਦੇ ਚਰਚੇ ਚੱਲ ਰਹੇ ਹਨ, ਪ੍ਰੰਤੂ ਹੁਸ਼ਿਆਰਪੁਰ, ਬਲਾਚੌਰ ਤੇ ਗੜ੍ਹਸ਼ੰਕਰ ਦੇ ਲੋਕ ਇਸ ਕਦਮ ਦਾ ਵਿਰੋਧ ਕਰਦੇ ਹਨ।

## ਵਾਂਗਚੁੱਕ ਕੇਸ ਦੀ ਸੁਣਵਾਈ 8 ਦਸੰਬਰ ਤੱਕ ਮੁਲਤਵੀ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਸੋਮਵਾਰ ਜੇਲ੍ਹ ਵਿੱਚ ਬੰਦ ਸੋਨਮ ਵਾਂਗਚੁਕ ਦੀ ਪਤਨੀ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ 8 ਦਸੰਬਰ ਤੱਕ ਮੁਲਤਵੀ ਕਰ ਦਿੱਤੀ। ਪਟੀਸ਼ਨ ਵਿੱਚ ਵਾਂਗਚੁਕ ਦੀ ਕੌਮੀ ਸੁਰੱਖਿਆ ਕਾਨੂੰਨ ਤਹਿਤ ਨਜ਼ਰਬੰਦੀ ਨੂੰ ਗੈਰ-ਕਾਨੂੰਨੀ ਅਤੇ ਮਨਮਾਨੀ ਕਾਰਵਾਈ, ਜੋ ਉਸਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦੀ ਹੈ, ਕਰਾਰ ਦਿੱਤਾ ਗਿਆ ਹੈ। ਜਸਟਿਸ ਅਰਵਿੰਦ ਕੁਮਾਰ ਅਤੇ ਜਸਟਿਸ ਐੱਨ ਵੀ ਅੰਜਾਰੀਆ ਦੀ ਬੈਂਚ ਨੇ ਮਾਮਲੇ ਨੂੰ ਮੁਲਤਵੀ ਕਰ ਦਿੱਤਾ, ਕਿਉਂਕਿ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ, ਜੋ ਕੇਂਦਰ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਲੱਦਾਖ ਵੱਲੋਂ ਪੇਸ਼ ਹੋਏ ਸਨ, ਨੇ ਜਵਾਬ ਦੇਣ ਲਈ ਸਮਾਂ ਮੰਗਿਆ।

## ਮਲੇਸ਼ੀਆ ਵੀ ਰੋਕ ਲਾਏਗਾ

**ਕੁਆਲਾਲੰਪੁਰ :** ਮਲੇਸ਼ੀਆ ਅਗਲੇ ਸਾਲ ਤੋਂ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਖਾਤਿਆਂ 'ਤੇ ਪਾਬੰਦੀ ਲਗਾਉਣ ਦੀ ਯੋਜਨਾ ਬਣਾ ਰਿਹਾ ਹੈ। ਛੋਟੀ ਉਮਰ ਦੇ ਬੱਚਿਆਂ 'ਤੇ ਆਸਟਰੇਲੀਆ ਨੇ ਪਾਬੰਦੀ ਲਾਈ ਸੀ ਤੇ ਹੋਰ ਦੇਸ਼ ਵੀ ਇਸ ਉਮਰ ਵਰਗ ਦੇ ਬੱਚਿਆਂ 'ਤੇ ਪਾਬੰਦੀ ਲਾ ਰਹੇ ਹਨ।

## ਭਾਰਤ ਜਿੱਤਿਆ

**ਇਪੋਹ :** ਇੱਥੇ ਸੋਮਵਾਰ ਸੁਲਤਾਨ ਅਜ਼ਲਾਨ ਸ਼ਾਹ ਕੱਪ ਹਾਕੀ ਟੂਰਨਾਮੈਂਟ ਦੇ ਪਹਿਲੇ ਮੈਚ ਵਿੱਚ ਭਾਰਤੀ ਟੀਮ ਨੇ ਤਿੰਨ ਵਾਰ ਦੇ ਚੈਂਪੀਅਨ ਦੱਖਣੀ ਕੋਰੀਆ ਨੂੰ 1-0 ਨਾਲ ਹਰਾ ਦਿੱਤਾ। ਛੇ ਸਾਲਾਂ ਦੇ ਵਕਫੇ ਤੋਂ ਬਾਅਦ ਇਸ ਵੱਕਾਰੀ ਟੂਰਨਾਮੈਂਟ ਵਿੱਚ ਹਿੱਸਾ ਲੈ ਰਹੇ ਭਾਰਤ ਵੱਲੋਂ ਮੁਹੰਮਦ ਰਾਹੀਲ ਨੇ 15ਵੇਂ ਮਿੰਟ ਵਿੱਚ ਗੋਲ ਕੀਤਾ।

## ਗੁੰਮਨਾਮ ਚੋਣ ਫੰਡਿੰਗ ਖਿਲਾਫ ਪਟੀਸ਼ਨ

### ਸੁਪਰੀਮ ਕੋਰਟ ਵੱਲੋਂ ਕੇਂਦਰ, ਚੋਣ ਕਮਿਸ਼ਨ ਤੇ ਪਾਰਟੀਆਂ ਨੂੰ ਨੋਟਿਸ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਸੋਮਵਾਰ ਉਸ ਪਟੀਸ਼ਨ 'ਤੇ ਕੇਂਦਰ ਸਰਕਾਰ, ਚੋਣ ਕਮਿਸ਼ਨ ਤੇ ਪਾਰਟੀਆਂ ਨੂੰ ਜਵਾਬ ਦੇਣ ਦਾ ਨੋਟਿਸ ਜਾਰੀ ਕੀਤਾ, ਜਿਸ ਵਿੱਚ ਸਿਆਸੀ ਪਾਰਟੀਆਂ ਨੂੰ ਦੋ ਹਜ਼ਾਰ ਰੁਪਏ ਤੋਂ ਘੱਟ 'ਗੁੰਮਨਾਮ' ਕੈਸ਼ ਲੈਣ ਦੀ ਆਗਿਆ ਦਿੰਦੀ ਇਨਕਮ ਟੈਕਸ ਐਕਟ ਦੀ ਮੱਦ ਨੂੰ ਚੈਲੰਜ ਕੀਤਾ ਗਿਆ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਪਾਰਦਰਸ਼ਤਾ ਦੀ ਇਹ ਘਾਟ ਚੋਣ ਪ੍ਰਕਿਰਿਆ ਦੀ ਪਵਿੱਤਰਤਾ ਨੂੰ ਖਤਮ ਕਰਦੀ ਹੈ, ਕਿਉਂਕਿ ਵੋਟਰਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਪਾਰਟੀ ਨੂੰ ਕਿੱਥੋਂ ਪੈਸੇ ਮਿਲੇ ਹਨ ਅਤੇ ਕਿਸਨੇ ਦਿੱਤੇ ਹਨ ਤੇ ਪੈਸੇ ਦੇਣ ਵਾਲਿਆਂ ਦਾ ਮੰਤਵ ਕੀ ਹੈ? ਇਸ ਤਰ੍ਹਾਂ ਉਹ ਵੋਟ ਪਾਉਣ ਵੇਲੇ ਤਰਕਸੰਗਤ ਫੈਸਲਾ ਨਹੀਂ ਕਰ ਪਾਉਂਦੇ। ਪਟੀਸ਼ਨ ਵਿੱਚ ਇਹ ਵੀ ਮੰਗ ਕੀਤੀ ਗਈ ਹੈ ਕਿ ਸੁਪਰੀਮ ਕੋਰਟ ਚੋਣ ਕਮਿਸ਼ਨ ਨੂੰ ਨਿਰਦੇਸ਼ ਦੇਵੇ ਕਿ ਉਹ ਕਿਸੇ ਸਿਆਸੀ ਪਾਰਟੀ ਨੂੰ ਰਜਿਸਟਰ ਕਰਨ ਤੇ ਚੋਣ ਨਿਸ਼ਾਨ ਦੇਣ ਵੇਲੇ ਇਹ ਸ਼ਰਤ ਲਾਵੇ ਕਿ ਉਹ ਕੋਈ ਵੀ ਪੈਸਾ ਕੈਸ਼ ਵਿੱਚ ਨਹੀਂ ਲੈ ਸਕਦੀ। ਜਸਟਿਸ ਵਿਕਰਮ ਨਾਥ ਤੇ ਜਸਟਿਸ ਸੰਦੀਪ ਮਹਿਤਾ ਨੇ ਕਿਹਾ ਕਿ ਮਾਮਲੇ 'ਤੇ ਚਾਰ ਹਫਤਿਆਂ ਬਾਅਦ ਸੁਣਵਾਈ ਕੀਤੀ ਜਾਵੇਗੀ। ਸ਼ੁਰੂ ਵਿੱਚ ਬੈਂਚ ਨੇ ਪਟੀਸ਼ਨਰ ਖੇਮ ਸਿੰਘ ਭੱਟੀ ਵੱਲੋਂ ਪੇਸ਼ ਹੋਏ ਐਡਵੋਕੇਟ ਵਿਜੇ ਹੰਸਾਰੀਆ ਤੇ ਐਡਵੋਕੇਟ ਸਨੇਹਾ ਕਲੀਤਾ ਨੂੰ ਪੁੱਛਿਆ ਕਿ ਉਹ ਪਹਿਲਾਂ ਹਾਈ ਕੋਰਟ ਕਿਉਂ ਨਹੀਂ ਗਏ? ਐਡਵੋਕੇਟ ਹੰਸਾਰੀਆ ਨੇ ਕਿਹਾ ਕਿ ਮਾਮਲਾ ਸਾਰੀਆਂ ਸਿਆਸੀ ਪਾਰਟੀਆਂ ਨਾਲ ਸੰਬੰਧਤ ਹੈ ਅਤੇ ਉਨ੍ਹਾਂ ਨੂੰ ਦੇਸ਼-ਭਰ ਵਿੱਚੋਂ ਪੈਸੇ ਮਿਲਦੇ ਹਨ। ਇਸਤੋਂ ਬਾਅਦ ਬੈਂਚ ਮਾਮਲੇ ਦੀ ਸੁਣਵਾਈ ਕਰਨ ਲਈ ਰਾਜ਼ੀ ਹੋ ਗਈ ਅਤੇ ਕੇਂਦਰ, ਚੋਣ ਕਮਿਸ਼ਨ ਅਤੇ ਭਾਜਪਾ ਤੇ ਕਾਂਗਰਸ ਸਣੇ ਕਈ ਹੋਰ ਪਾਰਟੀਆਂ ਨੂੰ ਨੋਟਿਸ ਜਾਰੀ ਕਰ ਦਿੱਤਾ। ਪਟੀਸ਼ਨ ਵਿੱਚ ਇਨਕਮ ਟੈਕਸ ਐਕਟ 1961 ਦੇ ਸੈਕਸ਼ਨ 13 ਏ ਨੂੰ ਅਸੰਵਿਧਾਨਕ ਕਰਾਰ ਦਿੰਦਿਆਂ ਖਤਮ ਕਰਨ ਦੀ ਮੰਗ ਕੀਤੀ ਗਈ ਹੈ। ਪਟੀਸ਼ਨਰ ਨੇ ਇਸ ਸੰਬੰਧ ਵਿੱਚ ਇਲੈਕਟੋਰਲ ਬਾਂਡ ਸਕੀਮ ਰੱਦ ਕਰਨ ਦੇ ਸੁਪਰੀਮ ਕੋਰਟ ਦੇ 2024 ਦੇ ਫੈਸਲੇ ਦਾ ਵੀ ਹਵਾਲਾ ਦਿੱਤਾ ਹੈ। ਪਟੀਸ਼ਨਰ ਨੇ ਮੰਗ ਕੀਤੀ ਹੈ ਕਿ ਸਿਆਸੀ ਪਾਰਟੀਆਂ ਨੂੰ ਨਿਰਦੇਸ਼ ਦਿੱਤੇ ਜਾਣ ਕਿ ਉਹ ਉਨ੍ਹਾਂ ਨੂੰ ਪੈਸੇ ਦੇਣ ਵਾਲੇ ਦਾ ਨਾਂ, ਰਕਮ ਦੀ ਮਾਤਰਾ ਤੇ ਹੋਰ ਵੇਰਵੇ ਦੱਸਣ।

ਇਹ ਵੀ ਮੰਗ ਕੀਤੀ ਗਈ ਹੈ ਕਿ ਚੋਣ ਫੰਡਿੰਗ ਵਿੱਚ ਪਾਰਦਰਸ਼ਤਾ ਬਰਕਰਾਰ ਰੱਖਣ ਲਈ ਕੈਸ਼ ਵਿੱਚ ਪੈਸੇ ਨਾ ਪ੍ਰਾਪਤ ਕੀਤੇ ਜਾਣ। ਇਨਕਮ ਟੈਕਸ ਦਾ ਸੈਕਸ਼ਨ 13 ਏ ਸਿਆਸੀ ਪਾਰਟੀਆਂ ਦੀ ਆਮਦਨ ਨਾਲ ਸੰਬੰਧਤ ਹੈ ਤੇ ਉਨ੍ਹਾਂ ਨੂੰ ਫੰਡਾਂ ਬਾਰੇ ਜਾਣਕਾਰੀ ਨਾ ਦੇਣ ਦ ਛੋਟ ਦਿੰਦਾ ਹੈ।

## ਬਿਰਸਾ ਮੁੰਡਾ ਤੋਂ ਮਾਦਵੀ ਹਿੜਮਾ ਤੱਕ...




**ਨਵੀਂ ਦਿੱਲੀ :** ਰਾਜਧਾਨੀ ਵਿੱਚ ਜ਼ਹਿਰੀਲੀ ਹਵਾ ਦੇ ਸੰਕਟ ਖਿਲਾਫ ਐਤਵਾਰ ਮੁਜ਼ਾਹਰੇ ਦੌਰਾਨ ਇੱਕ ਮੁਜ਼ਾਹਰਾਕਾਰੀ ਨੇ ਹਾਲ ਹੀ ਵਿੱਚ ਆਂਧਰਾ 'ਚ ਮਾਰੇ ਗਏ ਮਾਓਵਾਦੀ ਕਮਾਂਡਰ ਮਾਦਵੀ ਹਿੜਮਾ ਦਾ ਪੋਸਟਰ ਵੀ ਚੁੱਕਿਆ ਹੋਇਆ ਸੀ, ਜਿਸ 'ਤੇ ਲਿਖਿਆ ਹੋਇਆ ਸੀ : ਬਿਰਸਾ ਮੁੰਡਾ ਤੋਂ ਮਾਦਵੀ ਹਿੜਮਾ ਤਕ, ਜੰਗਲਾਂ ਤੇ ਪਰਿਆਵਰਣ ਲਈ ਸਾਡੀ ਲੜਾਈ ਜਾਰੀ ਰਹੇਗੀ। ਦਿੱਲੀ ਪੁਲਸ ਨੇ 22 ਮੁਜ਼ਾਹਰਾਕਾਰੀਆਂ ਨੂੰ ਗ੍ਰਿਫਤਾਰ ਕਰ ਲਿਆ।

## ਖ਼ੂਬਸੂਰਤ ਅਦਾਕਾਰ ਤੁਰ ਗਿਆ



**ਮੁੰਬਈ :** ਮਸ਼ਹੂਰ ਅਦਾਕਾਰ ਧਰਮਿੰਦਰ (89) ਦਾ ਲੰਬੀ ਬਿਮਾਰੀ ਮਗਰੋਂ ਸੋਮਵਾਰ ਦੁਪਹਿਰ ਦੇਹਾਂਤ ਹੋ ਗਿਆ। ਧਰਮਿੰਦਰ ਸਿੰਘ ਦਿਓਲ ਦਾ ਜਨਮ 8 ਦਸੰਬਰ 1935 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨਸਰਾਲੀ ਵਿਖੇ ਹੈੱਡ ਮਾਸਟਰ ਕੇਵਲ ਕ੍ਰਿਸ਼ਨ ਦਿਓਲ ਦੇ ਘਰ ਹੋਇਆ ਸੀ। ਉਨ੍ਹਾ 1958 ਵਿੱਚ 'ਫਿਲਮਫੇਅਰ' ਮੈਗਜ਼ੀਨ ਦਾ 'ਟੈਲੰਟ ਹੰਟ' ਮੁਕਾਬਲਾ ਜਿੱਤਿਆ, ਜਿਸ ਨੇ ਉਨ੍ਹਾ ਲਈ ਬਾਲੀਵੁੱਡ ਦੇ ਦਰਵਾਜ਼ੇ ਖੋਲ੍ਹ ਦਿੱਤੇ। ਉਨ੍ਹਾ ਫਿਲਮੀ ਕਰੀਅਰ ਦੀ ਸ਼ੁਰੂਆਤ 1960 ਵਿੱਚ 'ਦਿਲ ਭੀ ਤੇਰਾ ਹਮ ਭੀ ਤੇਰੇ' ਨਾਲ ਕੀਤੀ ਸੀ। ਉਨ੍ਹਾ ਦੀ ਪਛਾਣ 1966 ਵਿੱਚ ਆਈ 'ਫੂਲ ਔਰ ਪੱਥਰ' ਨਾਲ ਬਣੀ। ਉਨ੍ਹਾ 1970 ਅਤੇ 1980 ਦੇ ਦਹਾਕੇ ਵਿੱਚ ਬਾਲੀਵੁੱਡ ਉੱਤੇ ਰਾਜ ਕੀਤਾ। ਉਨ੍ਹਾ 300 ਤੋਂ ਵੱਧ ਫਿਲਮਾਂ ਵਿੱਚ ਕੰਮ ਕੀਤਾ, ਜਿਨ੍ਹਾਂ ਵਿੱਚ ਪੰਜਾਬੀ ਫਿਲਮਾਂ ਵੀ ਸਨ। ਉਨ੍ਹਾ ਨੂੰ ਸਰਕਾਰ ਨੇ 2012 ਵਿੱਚ ਪਦਮ ਭੂਸ਼ਣ ਨਾਲ ਸਨਮਾਨਤ ਕੀਤਾ ਸੀ। ਉਹ ਭਾਜਪਾ ਦੇ ਮੈਂਬਰ ਵਜੋਂ ਰਾਜਸਥਾਨ ਦੇ ਬੀਕਾਨੇਰ ਹਲਕੇ ਤੋਂ 14ਵੀਂ ਲੋਕ ਸਭਾ (2004-2009) ਦੇ ਮੈਂਬਰ ਰਹੇ।

## ਸੂਰੀਆ ਕਾਂਤ ਨੇ ਚੀਫ ਜਸਟਿਸ ਵਜੋਂ ਸਹੁੰ ਚੁੱਕੀ



**ਨਵੀਂ ਦਿੱਲੀ :** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸੋਮਵਾਰ ਜਸਟਿਸ ਸੂਰੀਆ ਕਾਂਤ ਨੂੰ ਸੋਮਵਾਰ ਭਾਰਤ ਦੇ 53ਵੇਂ ਚੀਫ ਜਸਟਿਸ ਵਜੋਂ ਸਹੁੰ ਚੁਕਾਈ। ਉਹ ਜੰਮੂ-ਕਸ਼ਮੀਰ ਨੂੰ ਧਾਰਾ 370 ਤਹਿਤ ਮਿਲਿਆ ਵਿਸ਼ੇਸ਼ ਰੁਤਬਾ ਮਨਸੂਖ ਕਰਨ ਸਣੇ ਕਈ ਵੱਡੇ ਫੈਸਲਿਆਂ ਦਾ ਹਿੱਸਾ ਰਹੇ ਹਨ। ਜਸਟਿਸ ਬੀ ਆਰ ਗਵਈ ਦੀ ਥਾਂ ਲੈਣ ਵਾਲੇ ਸੂਰੀਆ ਕਾਂਤ ਇਸ ਅਹੁਦੇ 'ਤੇ ਕਰੀਬ 15 ਮਹੀਨਿਆਂ ਲਈ ਰਹਿਣਗੇ। ਉਹ 9 ਫਰਵਰੀ 2027 ਨੂੰ 65 ਸਾਲ ਦੀ ਉਮਰ ਦੇ ਹੋਣ ਮੌਕੇ ਅਹੁਦਾ ਛੱਡਣਗੇ।

## ਰਈਆ ਨੇੜੇ ਗੈਂਗਸਟਰ ਮਾਰਿਆ ਗਿਆ



**ਰਈਆ :** ਪਿੰਡ ਨਿੱਜਰ ਕੋਲ ਸੋਮਵਾਰ ਵੱਡੇ ਤੜਕੇ ਮੁਕਾਬਲੇ ਵਿੱਚ ਗੈਂਗਸਟਰ ਮਾਰਿਆ ਗਿਆ, ਜਦਕਿ ਪੁਲਸ ਨੇ ਉਸ ਦੇ ਸਾਥੀ ਨੂੰ ਕਾਬੂ ਕਰ ਲਿਆ। ਮੁਕਾਬਲੇ ਦੌਰਾਨ ਏ ਐੱਸ ਆਈ ਜ਼ਖ਼ਮੀ ਹੋ ਗਿਆ।

ਡੀ ਆਈ ਜੀ ਬਾਰਡਰ ਰੇਂਜ ਸੰਦੀਪ ਗੋਇਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੁਲਸ ਨੇ ਪਿੰਡ ਨਿੱਜਰ ਕੋਲ ਨਾਕੇਬੰਦੀ ਦੌਰਾਨ ਵਹੀਕਲ ਸਵਾਰ ਦੋ ਨੌਜਵਾਨਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ, ਪਰ ਉਨ੍ਹਾਂ ਨੇ ਗੋਲੀ ਚਲਾ ਦਿੱਤੀ। ਜਵਾਬੀ ਫਾਇਰਿੰਗ ਵਿੱਚ ਗੈਂਗਸਟਰ ਰਾਜਨ ਬਿੱਲਾ ਉਰਫ ਰਾਜਾ ਵਾਸੀ ਪੱਟੀ ਮਾਰਿਆ ਗਿਆ ਅਤੇ ਉਸ ਦੇ ਸਾਥੀ ਸ਼ੰਮੀ ਅੰਮ੍ਰਿਤਸਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਦੁਵੱਲੀ ਗੋਲੀਬਾਰੀ ਦੌਰਾਨ ਏ ਐੱਸ ਆਈ ਸ਼ੰਕਰ ਜ਼ਖਮੀ ਹੋ ਗਿਆ। ਡੀ ਆਈ ਜੀ ਨੇ ਦੱਸਿਆ ਕਿ ਇਹ ਗੈਂਗਸਟਰ ਵਿਦੇਸ਼ ਵਿੱਚ ਬੈਠੇ ਕਿਸੇ ਆਕਾ ਦੇ ਕਹਿਣ 'ਤੇ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਸਨ ਅਤੇ ਉਨ੍ਹਾਂ ਪਿੰਡ ਧੂਲਕਾ ਵਿੱਚ ਮਨਜੀਤ ਸਿੰਘ ਦੇ ਪਰਵਾਰ ਤੋਂ 50 ਲੱਖ ਦੀ ਫਿਰੌਤੀ ਮੰਗੀ ਸੀ। ਪਰਵਾਰ ਵੱਲੋਂ ਰਕਮ ਨਾ ਦਿੱਤੇ ਜਾਣ ਕਰਕੇ ਉਨ੍ਹਾਂ ਮਨਜੀਤ ਸਿੰਘ ਨੂੰ ਮਾਰ ਦਿੱਤਾ ਸੀ।

## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਕਸਬਾ **ਫਤਿਹਗੜ੍ਹ ਚੂੜੀਆਂ** ਤੋਂ ਸਾਹਿਤਕ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਜਸਦੇਵ ਸਿੰਘ ਮਾਨ** ਨਾਲ ਮੋਬਾਇਲ 98150-17596 'ਤੇ ਸੰਪਰਕ ਕਰੋ। *-ਜਨਰਲ ਮੈਨੇਜਰ*

## ਅੱਜ-ਨਾਮਾ

ਕੰਗਨਾ ਆਈ, ਬਠਿੰਡੇ ਵਿੱਚ ਪੇਸ਼ ਹੋਈ,
ਹੋ ਗਏ ਤੈਅ ਆ ਉਹਦੇ 'ਤੇ ਦੋਸ਼ ਮੀਆਂ।
ਬਹੁਤੀ ਬੋਲਣ ਨੂੰ ਬੀਬੀ ਪ੍ਰਸਿੱਧ ਜਿਹੜੀ,
ਬਠਿੰਡੇ ਆਣ ਕੇ ਰਹਿੰਦੀ ਖਾਮੋਸ਼ ਮੀਆਂ।
ਚੱਕਰ ਜਿੰਦਾਂ ਦਾ ਜਾਪਦਾ ਪਿਆ ਲੱਗਦਾ,
ਦਿੱਸਦੀ ਆਈ ਟਿਕਾਣੇ ਆ ਹੋਸ਼ ਮੀਆਂ।
ਚੜ੍ਹਵੀਂ ਭਾਸ਼ਾ ਵਿੱਚ ਬੋਲਦੀ ਨਿੱਤ ਹੁੰਦੀ,
ਏਥੇ ਆਈ ਤੇ ਲਹਿ ਗਿਆ ਜੋਸ਼ ਮੀਆਂ।
ਆਪਣਾ ਲਾਵਣਾ ਜ਼ੋਰ ਉਹ ਲਾਈ ਜਾਊ,
ਜੋ ਵੀ ਸੁੱਝੇਗੀ, ਵਰਤੂਗੀ ਜੁਗਤ ਮੀਆਂ।
ਨਿੱਜੀ ਕੌੜ ਨਹੀਂ ਕਿਸੇ ਨੂੰ ਨਾਲ ਉਹਦੇ,
ਗਲਤੀ ਕਰੀ ਤਾਂ ਰਹੀ ਹੈ ਭੁਗਤ ਮੀਆਂ।

-ਤੀਸ ਮਾਰ ਖਾਂ

## ਲੇਬਰ ਕੋਡਾਂ ਖਿਲਾਫ ਭਲਕੇ ਮੋਦੀ ਸਰਕਾਰ ਦੇ ਪੁਤਲੇ ਫੂਕੇ ਜਾਣ : ਬਰਾੜ, ਧਾਲੀਵਾਲ



**ਪਟਿਆਲਾ :** ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਪੰਜਾਬ ਦੇ ਸਮੁੱਚੇ ਅਦਾਰਿਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ, ਮਜ਼ਦੂਰਾਂ ਦੀਆਂ ਜਥੇਬੰਦੀਆਂ ਨੂੰ ਸੱਦਾ ਦਿੱਤਾ ਹੈ ਕਿ 26 ਨਵੰਬਰ ਨੂੰ ਕਾਰਪੋਰੇਟਾਂ ਦੀ ਜੋਟੀਦਾਰ ਮੋਦੀ ਸਰਕਾਰ ਵੱਲੋਂ ਮਜ਼ਦੂਰਾਂ ਦੀ ਹੋਰ ਆਰਥਿਕ ਲੁੱਟ ਕਰਨ ਦੇ ਰਾਹ ਮੋਕਲੇ ਕਰਦਿਆਂ ਜੋ 21 ਨਵੰਬਰ ਨੂੰ 29 ਕੇਂਦਰੀ ਕਿਰਤ ਕਾਨੂੰਨਾਂ ਦਾ ਖਾਤਮਾ ਕਰਕੇ 4 ਲੇਬਰ ਕੋਡਜ਼ ਲਾਗੂ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਉਸ ਦੇ ਵਿਰੋਧ ਵਿੱਚ ਸਾਂਝੇ ਜਾਂ ਜਿਵੇਂ ਵੀ ਸੰਭਵ ਹੋਵੇ ਫੌਰੀ ਐਕਸ਼ਨ ਦੇ ਤੌਰ 'ਤੇ ਡਟਵਾਂ ਵਿਰੋਧ ਕਰਦਿਆਂ ਰੈਲੀਆਂ, ਮੁਜ਼ਾਹਰੇ, ਰੋਸ ਮਾਰਚ ਆਦਿ ਲਾਮਬੰਦ ਕਰਕੇ ਮੋਦੀ ਸਰਕਾਰ ਦੇ ਪੁਤਲੇ ਸਾੜੇ ਜਾਣ। ਦੂਸਰੀਆਂ ਜਥੇਬੰਦੀਆਂ ਨਾਲ ਰਾਬਤਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਕਿ ਐਕਸ਼ਨ ਸਾਂਝੇ ਹੋ ਜਾਣ ਕਿਉਂਕਿ 10 ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਪਲੇਟਫਾਰਮ ਵੱਲੋਂ ਵੀ ਐਕਸ਼ਨਾਂ ਦੀ ਕਾਲ ਦਿੱਤੀ ਗਈ ਹੈ। ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡਜ਼ ਦੇ ਸਬੰਧ ਵਿੱਚ ਸੰਖੇਪ ਜਾਣਕਾਰੀ ਦਿੰਦਿਆਂ ਬਰਾੜ ਅਤੇ ਧਾਲੀਵਾਲ ਨੇ ਦੱਸਿਆ ਕਿ ਭਾਵੇਂ ਸਰਕਾਰ ਲੇਬਰ ਕੋਡਜ਼ ਲਾਗੂ ਕਰਨ ਨੂੰ ਇਸ ਤਰ੍ਹਾਂ ਮਜ਼ਦੂਰ ਪੱਖੀ ਬਣਾ ਕੇ ਪੇਸ਼ ਕਰ ਰਹੀ ਹੈ ਕਿ ਜਿਵੇਂ ਮਜ਼ਦੂਰਾਂ ਦੀ ਜ਼ਿੰਦਗੀ ਦਾ ਕਾਇਆ ਕਲਪ ਕਰਨ ਦਾ ਆਗਾਜ ਕਰ ਦਿੱਤਾ ਗਿਆ ਹੋਵੇ, ਜਦਕਿ ਨੰਗਾ ਚਿੱਟਾ ਸੱਚ ਤਾਂ ਇਹ ਹੈ ਕਿ ਇਹ ਕੋਡ ਕਾਰਪੋਰੇਟਾਂ ਦੀ ਸਹਿਮਤੀ ਨਾਲ ਮਜ਼ਦੂਰਾਂ ਨੂੰ ਹਕੀਕੀ ਤੌਰ 'ਤੇ ਕਾਨੂੰਨੀ ਅਧਿਕਾਰਾਂ ਤੋਂ ਵੰਚਿਤ ਕਰਨ ਦੀ ਗਿਣੀ ਮਿੱਥੀ ਸਾਜ਼ਿਸ਼ ਤਹਿਤ ਲਾਗੂ ਕੀਤੇ ਗਏ ਹਨ, ਕਿਉਂਕਿ ਕਾਰਪੋਰੇਟ ਸਰਕਾਰ 'ਤੇ ਦਬਾਅ ਬਣਾਉਂਦੇ ਹਨ ਕਿ ਉਨ੍ਹਾਂ ਦੇ ਬਿਜ਼ਨੈੱਸ ਕਰਨ 'ਤੇ ਕਿਸੇ ਕਿਸਮ ਦੀ ਕੋਈ ਸ਼ਰਤ ਮਜ਼ਦੂਰਾਂ ਦੇ ਅਧਿਕਾਰਾਂ ਦੀ ਨਾ ਹੋਵੇ। ਕਿਸੇ ਵੀ ਇੰਡਸਟਰੀ ਜਿਥੇ 300 ਮਜ਼ਦੂਰ ਕੰਮ ਕਰਦੇ ਹੋਣ ਉਸ ਸਨਅਤ ਨੂੰ ਜਦੋਂ ਮਰਜ਼ੀ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਉਹ ਬੰਦ ਕਰਕੇ ਮਜ਼ਦੂਰਾਂ ਦੀ ਛਾਂਟੀ ਕਰ ਦੇਣ ਜਦਕਿ ਪਹਿਲਾਂ ਇਹ ਸ਼ਰਤ 100 ਵਰਕਰਾਂ ਵਾਲੇ ਅਦਾਰੇ ਨੂੰ ਵੀ ਸਰਕਾਰ ਤੋਂ ਮਨਜ਼ੂਰੀ ਲੈ ਕੇ ਬੰਦ ਕਰਨ ਦੀ ਸੀ, ਕੰਮ ਦੇ ਘੰਟੇ 8 ਤੋਂ 12 ਤੱਕ ਕਰ ਦਿੱਤੇ ਗਏ ਹਨ, ਔਰਤਾਂ ਨੂੰ ਨਾਈਟ ਸ਼ਿਫਟਾਂ ਵਿੱਚ ਵੀ ਕੰਮ 'ਤੇ ਤਾਇਨਾਤ ਕੀਤਾ ਜਾਵੇਗਾ। ਬਰਾਬਰ ਕੰਮ ਬਰਾਬਰ ਤਨਖਾਹ ਦੇਣ ਦਾ ਵਾਅਦਾ ਇੱਕ ਛਲਾਵੇ ਤੋਂ ਵੱਧ ਕੁੱਝ ਨਹੀਂ ਹੈ। ਘੱਟੋ-ਘੱਟ ਉਜਰਤਾਂ ਕੀ ਹੋਣਗੀਆਂ ਇਸ ਬਾਰੇ ਕੁੱਝ ਵੀ ਕਲੀਅਰ ਨਹੀਂ ਕੀਤਾ। ਕਾਰਪੋਰੇਟਾਂ ਦੇ ਅਦਾਰਿਆਂ ਵਿੱਚ ਕਾਨੂੰਨੀ ਉਲੰਘਣਾਵਾਂ ਨੂੰ ਚੈੱਕ ਕਰਨ ਤੋਂ ਮੁਕਤ ਕਰ ਦਿੱਤਾ ਗਿਆ ਹੈ। ਟਰੇਡ ਯੂਨੀਅਨ ਦੀ ਰਜਿਸਟਰੇਸ਼ਨ ਮੁਸ਼ਕਲ ਕਰ ਦਿੱਤੀ ਗਈ ਹੈ। ਰਜਿਸਟਰੇਸ਼ਨ ਕੈਂਸਲ ਕਰਨਾ ਸੌਖਾ ਕਰ ਦਿੱਤਾ ਗਿਆ। ਹੜਤਾਲ ਦੇ ਹੱਕ ਨੂੰ ਅਸਿੱਧੇ ਢੰਗ ਨਾਲ ਸਮਾਪਤ ਕਰ ਦਿੱਤਾ ਗਿਆ ਹੈ, ਆਊਟਸੋਰਸ ਅਤੇ ਕੰਟਰੈਕਟ ਸਿਸਟਮ ਬਰਕਰਾਰ ਰੱਖਿਆ ਗਿਆ ਹੈ। ਫਿਕਸ ਟਰਮ ਇੰਪਲਾਇਮੈਂਟ ਤਹਿਤ ਮਜ਼ਦੂਰਾਂ ਦੀ ਨਿਯੁਕਤੀ ਦੀ ਮੱਦ ਰਾਹੀਂ ਨੌਕਰੀ ਮਾਲਕ ਦੀ ਮਰਜ਼ੀ 'ਤੇ ਨਿਰਭਰ ਹੋਵੇਗੀ ਕਿ ਉਹ ਕਿੰਨੇ ਸਮੇਂ ਲਈ ਦੇਵੇਗਾ ਭਾਵੇਂ ਉਸ ਕੋਲ ਕੰਮ ਸਥਾਈ ਵੀ ਹੋਵੇ। ਇਸ ਤਰ੍ਹਾਂ ਦੀਆਂ ਹੋਰ ਅਨੇਕਾਂ ਸ਼ਰਤਾਂ ਹਨ ਜਿਹੜੀਆਂ ਕਿਸੇ ਤਰ੍ਹਾਂ ਵੀ ਵਰਕਰਾਂ ਦੇ ਹਿੱਤਾਂ ਦੀ ਅਣਦੇਖੀ ਕਰਨ ਦੀ ਖੁੱਲ੍ਹ ਦਿੰਦੀਆਂ ਹਨ। ਏਟਕ ਆਗੂਆਂ ਨੇ ਕਿਹਾ ਕਿ ਇਨ੍ਹਾਂ ਮਜ਼ਦੂਰ ਵਿਰੋਧੀ ਕੋਡਜ਼ ਨੂੰ ਵਾਪਸ ਕਰਵਾਉਣ ਲਈ ਲਗਾਤਾਰ ਸੰਘਰਸ਼ ਕਰਨਾ ਪਵੇਗਾ ਜਿਸ ਵਾਸਤੇ ਵਿਸ਼ਾਲ ਲਾਮਬੰਦੀ ਦੀ ਲੋੜ ਹੈ, ਜਿਸ ਵਾਸਤੇ ਹਰ ਪੱਧਰ ਦੇ ਆਗੂਆਂ ਨੂੰ ਅਣਥੱਕ ਅਤੇ ਸਿਰੜ ਨਾਲ ਕੰਮ ਕਰਨਾ ਹੋਵੇਗਾ।

## ਨਵੇਂ ਕੈਨੇਡੀਅਨ ਨਾਗਰਿਕਤਾ ਕਾਨੂੰਨ ਨਾਲ ਹਜ਼ਾਰਾਂ ਭਾਰਤੀਆਂ ਨੂੰ ਲਾਭ ਮਿਲੇਗਾ

**ਓਟਵਾ :** ਨਾਗਰਿਕਤਾ ਕਾਨੂੰਨ ਵਿਚ ਸੋਧ ਵਾਲੇ ਬਿੱਲ ਨੂੰ ਸ਼ਾਹੀ ਸਹਿਮਤੀ ਮਿਲਣ ਤੋਂ ਬਾਅਦ ਕੈਨੇਡਾ ਇਸ ਕਾਨੂੰਨ ਨੂੰ ਵਧੇਰੇ ਆਧੁਨਿਕ ਬਣਾਉਣ ਦੀ ਦਿਸ਼ਾ ਦੇ ਹੋਰ ਨੇੜੇ ਪਹੁੰਚ ਗਿਆ ਹੈ। ਇਸ ਪੇਸ਼ਕਦਮੀ ਨਾਲ ਭਾਰਤੀ ਮੂਲ ਦੇ ਹਜ਼ਾਰਾਂ ਪਰਵਾਰਾਂ ਨੂੰ ਲਾਭ ਮਿਲਣ ਦੀ ਉਮੀਦ ਹੈ। ਨਾਗਰਿਕਤਾ ਕਾਨੂੰਨ (2025) ਵਿੱਚ ਸੋਧ ਕਰਨ ਵਾਲੇ ਐਕਟ ਬਿੱਲ ਸੀ-3 ਨੂੰ ਸ਼ਾਹੀ ਸਹਿਮਤੀ ਮਿਲ ਗਈ ਹੈ। ਕੈਨੇਡੀਅਨ ਸਰਕਾਰ ਨੇ ਕਿਹਾ ਹੈ ਕਿ ਨਵੇਂ ਕਾਨੂੰਨ ਦੇ ਲਾਗੂ ਹੋਣ ਤੋਂ ਪਹਿਲਾਂ ਪੈਦਾ ਹੋਏ ਲੋਕਾਂ ਨੂੰ ਕੈਨੇਡੀਅਨ ਨਾਗਰਿਕਤਾ ਪ੍ਰਦਾਨ ਕੀਤੀ ਜਾਵੇਗੀ।

ਵੰਸ਼ ਦੇ ਆਧਾਰ 'ਤੇ ਕੈਨੇਡੀਅਨ ਨਾਗਰਿਕਤਾ ਦੀ ਪਹਿਲੀ ਪੀੜ੍ਹੀ ਦੀ ਹੱਦ 2009 ਵਿੱਚ ਲਾਗੂ ਕੀਤੀ ਗਈ ਸੀ। ਇਸ ਦਾ ਮਤਲਬ ਹੈ ਕਿ ਕੈਨੇਡਾ ਤੋਂ ਬਾਹਰ ਪੈਦਾ ਹੋਇਆ ਜਾਂ ਗੋਦ ਲਿਆ ਗਿਆ ਬੱਚਾ ਵੰਸ਼ ਦੇ ਆਧਾਰ 'ਤੇ ਕੈਨੇਡੀਅਨ ਨਾਗਰਿਕ ਨਹੀਂ ਹੈ, ਜੇ ਉਸ ਦੇ ਕੈਨੇਡੀਅਨ ਮਾਤਾ-ਪਿਤਾ ਵੀ ਕੈਨੇਡਾ ਤੋਂ ਬਾਹਰ ਪੈਦਾ ਹੋਏ ਜਾਂ ਗੋਦ ਲਏ ਗਏ ਸਨ। ਇਸ ਹੱਦ ਨੇ ਉਨ੍ਹਾਂ ਬਹੁਤ ਸਾਰੇ ਭਾਰਤੀ ਮੂਲ ਦੇ ਕੈਨੇਡੀਅਨਾਂ ਲਈ ਸਮੱਸਿਆਵਾਂ ਪੈਦਾ ਕੀਤੀਆਂ, ਜਿਨ੍ਹਾਂ ਦੇ ਬੱਚੇ ਦੇਸ਼ ਤੋਂ ਬਾਹਰ ਪੈਦਾ ਹੋਏ ਸਨ। ਨਵਾਂ ਕਾਨੂੰਨ ਵਿਦੇਸ਼ ਵਿੱਚ ਜਨਮੇ ਜਾਂ ਗੋਦ ਲਏ ਗਏ ਕੈਨੇਡੀਅਨ ਮਾਪਿਆਂ ਨੂੰ ਬਿੱਲ ਦੇ ਲਾਗੂ ਹੋਣ ਦੀ ਮਿਤੀ ਨੂੰ ਜਾਂ ਉਸ ਤੋਂ ਬਾਅਦ ਕੈਨੇਡਾ ਤੋਂ ਬਾਹਰ ਪੈਦਾ ਹੋਏ ਜਾਂ ਗੋਦ ਲਏ ਗਏ ਆਪਣੇ ਬੱਚੇ ਨੂੰ ਨਾਗਰਿਕਤਾ ਦੇਣ ਦੀ ਆਗਿਆ ਦੇਵੇਗਾ, ਬਸ਼ਰਤੇ ਉਨ੍ਹਾਂ ਦੀ ਕੈਨੇਡਾ ਨਾਲ ਕੋਈ ਅਹਿਮ ਸਾਂਝ ਹੋਵੇ।

25-NOV-PAGE- Haryana add.qxd 11/24/2025 11:06 PM Page 1

ਮੰਗਲਵਾਰ, 25 ਨਵੰਬਰ, 2025
10 ਮੱਘਰ { ਨਾਨਕਸ਼ਾਹੀ 557
ਬਿਕਰਮੀ 2082
ਜਿਲਦ/VOL. : 74
ਅੰਕ/NO. : 175

ਰੋਜ਼ਾਨਾ
# ਨਵਾਂ ਜ਼ਮਾਨਾ
ਜਲੰਧਰ

DAILY NAWAN ZAMANA
• TUESDAY, 25 NOVEMBER, 2025

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in



ਨਵਾਂ ਜ਼ਮਾਨਾ
ਮੰਗਲਵਾਰ, 25 ਨਵੰਬਰ 2025

# ਟਰੰਪ ਖਿਲਾਫ ਵਧਦਾ ਰੋਹ

ਰਾਸ਼ਟਰਪਤੀ ਡੋਨਾਲਡ ਟਰੰਪ ਖਿਲਾਫ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ ਸੀ ਵਿੱਚ ਐਤਵਾਰ ਦਾ ਮੁਜ਼ਾਹਰਾ ਇਸ ਸਾਲ ਦਾ ਸਭ ਤੋਂ ਵੱਡਾ ਟਰੰਪ ਵਿਰੋਧੀ ਮੁਜ਼ਾਹਰਾ ਹੋ ਨਿੱਬੜਿਆ। ਰਿਮੂਵਲ ਕੁਲੀਸ਼ਨ ਵੱਲੋਂ ਜਥੇਬੰਦ ਰਿਮੂਵ ਦੀ ਰਿਜੀਮ (ਸ਼ਾਸਨ ਹਟਾਓ) ਨਾਂਅ ਦੇ ਮੁਜ਼ਾਹਰੇ ਵਿੱਚ ਹਜ਼ਾਰਾਂ ਲੋਕਾਂ ਨੇ ਟਰੰਪ ਖਿਲਾਫ ਮਹਾਦੋਸ਼ ਚਲਾਉਣ, ਉਸ ਨੂੰ ਦੋਸ਼ੀ ਠਹਿਰਾਉਣ ਤੇ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ। ਰਾਸ਼ਟਰਪਤੀ ਵਜੋਂ ਟਰੰਪ ਦੀ ਦੂਜੀ ਪਾਰੀ ਦਾ ਅਜੇ ਇੱਕ ਸਾਲ ਪੂਰਾ ਨਹੀਂ ਹੋਇਆ, ਪਰ ਉਹ ਜਿਸ ਤਰ੍ਹਾਂ ਸ਼ਾਸਨ ਚਲਾ ਰਿਹਾ ਹੈ, ਲੋਕ ਉਸ ਤੋਂ ਅੱਕ ਗਏ ਹਨ। ਜਥੇਬੰਦਕਾਂ ਨੇ ਟਰੰਪ ਦੀਆਂ ਕਠੋਰ ਨੀਤੀਆਂ ਤੇ ਤਾਨਾਸ਼ਾਹ ਰੁਝਾਨ ਖਿਲਾਫ ਇਸ ਮੁਜ਼ਾਹਰੇ ਨੂੰ ਲੋਕਤੰਤਰ ਨੂੰ ਬਚਾਉਣ ਦੀ ਲੜਾਈ ਦਾ ਹਿੱਸਾ ਦੱਸਿਆ। ਮੁਜ਼ਾਹਰਾਕਾਰੀਆਂ ਨੇ ਝੰਡਿਆਂ ਨੂੰ ਪੁੱਠੇ ਲਟਕਾਅ ਕੇ ਦੇਸ਼ ਵਿੱਚ ਸੰਕਟ ਦੀ ਸਥਿਤੀ ਦਾ ਪ੍ਰਤੀਕਾਤਮਕ ਸੰਕੇਤ ਦਿੱਤਾ। ਡਰੰਮ ਵਜਾਉਂਦਿਆਂ ਨਾਅਰੇ ਲਾਏ : ਨਥਿੰਗ ਇਜ਼ ਮੋਰ ਪੈਟ੍ਰਿਆਟਿਕ ਦੈਨ ਪ੍ਰੋਟੈਸਟਿੰਗ (ਮੁਜ਼ਾਹਰਾ ਕਰਨ ਨਾਲੋਂ ਵੱਧ ਦੇਸ਼ਭਗਤੀ ਕੁਝ ਨਹੀਂ), ਰਜਿਸਟ ਫਾਸੀਜ਼ਮ (ਫਾਸ਼ੀਵਾਦ ਦੀ ਮੁਜ਼ਾਹਮਤ ਕਰੋ) ਅਤੇ ਹੇ, ਹੇ! ਹੋ, ਹੋ! ਡੋਨਾਲਡ ਟਰੰਪ ਹੈਜ਼ ਟੂ ਗੋ (ਡੋਨਾਲਡ ਟਰੰਪ ਨੂੰ ਜਾਣਾ ਹੋਵੇਗਾ!)। ਮੁਜ਼ਾਹਰਾਕਾਰੀਆਂ ਮੁਤਾਬਕ ਟਰੰਪ ਪ੍ਰਸ਼ਾਸਨ ਤੇਜ਼ੀ ਨਾਲ ਤਾਨਾਸ਼ਾਹੀ ਦੇ ਰਾਹ ’ਤੇ ਵਧ ਰਿਹਾ ਹੈ। ਟਰੰਪ ਲੋਕਤੰਤਰ ਨੂੰ ਕੁਚਲ ਰਿਹਾ ਹੈ। ਇਹ ਮੁਜ਼ਾਹਰਾ ਪਿਛਲੇ ਮਹੀਨੇ ਨੋ ਕਿੰਗਜ਼ (ਕੋਈ ਰਾਜਾ ਨਹੀਂ) ਅੰਦੋਲਨ ਦਾ ਅਗਲਾ ਪੜਾਅ ਸੀ, ਜਿਸ ਵਿੱਚ 50 ਰਾਜਾਂ ਵਿੱਚ 70 ਲੱਖ ਲੋਕਾਂ ਨੇ ਹਿੱਸਾ ਲਿਆ ਸੀ। ਜਨਵਰੀ ਵਿੱਚ ਪੀਪਲਜ਼ ਮਾਰਚ ’ਚ ਲੋਕਾਂ ਨੇ ਮਹਿਲਾਵਾਂ ਦੇ ਪ੍ਰਜਨਨ ਅਧਿਕਾਰਾਂ ਦੇ ਹੱਕ ਵਿੱਚ ਮੁਜ਼ਾਹਰੇ ਕੀਤੇ ਸਨ। ਫਰਵਰੀ ਵਿੱਚ ‘50-50-1’ ਨਾਂਅ ਹੇਠ 50 ਰਾਜਾਂ ਵਿੱਚ 50 ਪ੍ਰੋਟੈਸਟ ਹੋਏ। ਅਪ੍ਰੈਲ ਵਿੱਚ ‘ਹੈਂਡਸ ਆਫ’ ਰੈਲੀ ਕੀਤੀ ਗਈ। ਅਗਸਤ ਵਿੱਚ ‘ਰੇਜ਼ ਅਗੇਂਸਟ ਦੀ ਰਿਜੀਮ’, ਸਤੰਬਰ ਵਿੱਚ ‘ਵੀ ਆਰ ਅਮੈਰਿਕਾ ਮਾਰਚ’ ਦੇ ਆਯੋਜਨ ਤੋਂ ਇਲਾਵਾ ਲੇਬਰ ਡੇਅ ’ਤੇ ‘ਵਰਕਰਜ਼ ਓਵਰ ਬਿਲਿਅਨੇਰਜ਼’ ਮੁਜ਼ਾਹਰੇ ਅਤੇ ਨਵੰਬਰ ਵਿੱਚ ਕੈਨੇਡਾ-ਮੈਕਸੀਕੋ ਨਾਲ ਵਪਾਰ ਯੁੱਧ ਦੇ ਖਿਲਾਫ ਬਾਈਕਾਟ ਹੋਏ।

ਟਰੰਪ ਪ੍ਰਸ਼ਾਸਨ ਇਨ੍ਹਾਂ ਮੁਜ਼ਾਹਰਿਆਂ ਨੂੰ ਰੈਡੀਕਲ ਲੈੱਫਟ ਦੀ ਸਾਜ਼ਿਸ਼ ਦੱਸਦਾ ਹੈ, ਪਰ ਮੁਜ਼ਾਹਰਾਕਾਰੀ ਕਹਿ ਰਹੇ ਹਨ ਕਿ ਉਹ ਲੋਕਤੰਤਰ ਦੀ ਰਾਖੀ ਲਈ ਅੰਦੋਲਨ ਕਰ ਰਹੇ ਹਨ। ਰਿਮੂਵਲ ਕੁਲੀਸ਼ਨ ਨੇ ਐਲਾਨਿਆ ਹੈ ਕਿ ਅਮਰੀਕੀ ਕਾਂਗਰਸ ਤੋਂ ਟਰੰਪ ਖਿਲਾਫ ਕਾਰਵਾਈ ਕਰਵਾਉਣ ਲਈ ਆਉਣ ਵਾਲੇ ਮਹੀਨਿਆਂ ਵਿੱਚ ਹੋਰ ਵੱਡੇ ਮੁਜ਼ਾਹਰੇ ਕੀਤੇ ਜਾਣਗੇ। ਅਮਰੀਕੀਆਂ ਨੇ ਟਰੰਪ ਨੂੰ ਦੂਜੀ ਵਾਰ ਰਾਸ਼ਟਰਪਤੀ ਚੁਣ ਤਾਂ ਲਿਆ, ਪਰ ਉਸ ਨੇ ਆਉਂਦਿਆਂ ਹੀ ਜਿਸ ਤਰ੍ਹਾਂ ਦੀ ਗਤਕਾਬਾਜ਼ੀ ਸ਼ੁਰੂ ਕਰ ਦਿੱਤੀ, ਉਸ ਤੋਂ ਬਾਅਦ ਉਹ ਪਛਤਾ ਰਹੇ ਹਨ। ‘ਅਮਰੀਕਾ ਨੂੰ ਮੁੜ ਮਹਾਨ ਬਣਾਉਣ’ ਦੀ ਆਪਣੀ ਖਬਤ ਤਹਿਤ ਟਰੰਪ ਨੇ ਮਨਮਾਨੀਆਂ ਕਰਨੀਆਂ ਨਾ ਛੱਡੀਆਂ ਤਾਂ ਲੋਕਾਂ ਦਾ ਰੋਹ ਉਸ ਨੂੰ ਗੱਦੀ ਛੱਡਣ ਲਈ ਮਜਬੂਰ ਕਰ ਸਕਦਾ ਹੈ। ਟਰੰਪ ਅਮਰੀਕੀ ਸਨਅਤਾਂ ਨੂੰ ਤਕੜੀਆਂ ਕਰਕੇ ਰੁਜ਼ਗਾਰ ਦੇ ਮੌਕੇ ਵਧਾਉਣ ਦੇ ਨਾਂਅ ਹੇਠ ਦੂਜੇ ਦੇਸ਼ਾਂ ਦੇ ਮਾਲ ’ਤੇ ਭਾਰੀ ਟੈਰਿਫ ਲਾ ਕੇ ਅਮਰੀਕੀ ਖਜ਼ਾਨਾ ਭਰਨ ਦਾ ਦਾਅਵਾ ਕਰ ਰਿਹਾ ਹੈ, ਪਰ ਇਸ ਦਾ ਅਮਰੀਕੀਆਂ ਨੂੰ ਫਾਇਦਾ ਹੋਣ ਦੀ ਥਾਂ ਨੁਕਸਾਨ ਹੋ ਰਿਹਾ ਹੈ। ਵਧੇ ਟੈਰਿਫ ਕਾਰਨ ਚੀਜ਼ਾਂ ਮਹਿੰਗੀਆਂ ਹੋਣ ਦੀ ਕੀਮਤ ਉਨ੍ਹਾਂ ਨੂੰ ਚੁਕਾਉਣੀ ਪੈ ਰਹੀ ਹੈ। ਗੈਰਕਾਨੂੰਨੀ ਦੱਸ ਕੇ ਪ੍ਰਵਾਸੀਆਂ ਨੂੰ ਕੱਢਣ ਦੀ ਨੀਤੀ ਦਾ ਉਥੋਂ ਦੇ ਸਨਅਤਕਾਰਾਂ ਨੂੰ ਨੁਕਸਾਨ ਉਠਾਉਣਾ ਪੈ ਰਿਹਾ ਹੈ, ਕਿਉਂਕਿ ਸਥਾਨਕ ਲੋਕਾਂ ਨੂੰ ਵੱਧ ਉਜਰਤ ਦੇਣੀ ਪੈ ਰਹੀ ਹੈ। ਇਹੀ ਕਾਰਨ ਹੈ ਕਿ ਲੋਕ ਹਰ ਮਹੀਨੇ ਵੱਡੇ-ਵੱਡੇ ਮੁਜ਼ਾਹਰੇ ਕਰ ਰਹੇ ਹਨ।

### ਔਹ ਜਾਂਦੇ !

ਖੁੱਲ੍ਹੀ ਫਿਰੇ ਪੰਜਾਬ ਦੀ ਗੱਡੀ,
ਗੇਅਰ ਪਾ ਕੇ ਨੇ ਔਹ ਜਾਂਦੇ।
ਵਿਹਲੇ ਬੰਦੇ ਮਨਾਂ ’ਚ ਵੜ ਕੇ,
ਅੱਗ ਲਾ ਕੇ ਨੇ ਔਹ ਜਾਂਦੇ।
ਰਾਖੀ ਕਰਦੇ ਲੋਕ ਵਿਚਾਰੇ,
ਉਹ ਵਾਹ ਕੇ ਨੇ ਔਹ ਜਾਂਦੇ।
ਮੋੜਾਂ ’ਤੇ ਲੰਗਰ ਲਗਦੇ,
ਖਾ ਖਾ ਕੇ ਨੇ ਔਹ ਜਾਂਦੇ।
ਤਕੜੇ ਇੱਥੇ ਮਾੜੇ ਤਾਈਂ,
ਢਾਹ ਢਾਹ ਕੇ ਨੇ ਔਹ ਜਾਂਦੇ।
ਤੇਲ ਤੇ ਪਾਣੀ ਮੁਫ਼ਤੋ ਮੁਫ਼ਤੀ,
ਪਾ ਪਾ ਕੇ ਨੇ ਔਹ ਜਾਂਦੇ।

-ਗੁਲਪੁਰ

# ਦੱਖਣੀ ਏਸ਼ੀਆ ’ਚ ਉੱਭਰ ਰਹੀਆਂ ਚੁਣੌਤੀਆਂ



ਡਾ. ਅਰੁਣ ਮਿੱਤਰਾ

ਕੁਝ ਸਮੇਂ ਤੋਂ ਦੱਖਣੀ ਏਸ਼ੀਆ ਵਿੱਚ ਤੇਜ਼ੀ ਨਾਲ ਹੋ ਰਹੀਆਂ ਘਟਨਾਵਾਂ ਚਿੰਤਾ ਦਾ ਕਾਰਨ ਬਣ ਰਹੀਆਂ ਹਨ । 22 ਅਪ੍ਰੈਲ 2025 ਨੂੰ ਪਹਿਲਗਾਮ ਵਿੱਚ ਆਤੰਕਵਾਦੀ ਹਿੰਸਾ ਹੋਈ, ਜਿਸ ਵਿੱਚ 26 ਬੇਕਸੂਰ ਲੋਕ ਮਾਰੇ ਗਏ । ਹੁਣ 10 ਨਵੰਬਰ ਨੂੰ ਦਿੱਲੀ ਵਿੱਚ ਲਾਲ ਕਿਲ੍ਹੇ ਨੇੜੇ ਇੱਕ ਕਾਰ ਵਿੱਚ ਧਮਾਕੇ ਵਿੱਚ 15 ਲੋਕਾਂ ਦੀ ਮੌਤ ਹੋ ਗਈ ।ਉਸੇ ਦਿਨ ਇਸਲਾਮਾਬਾਦ ਵਿੱਚ ਹੋਏ ਇੱਕ ਧਮਾਕੇ ਨੇ 10 ਲੋਕਾਂ ਦੀ ਜਾਨ ਲੈ ਲਈ ।ਇਹ ਇਸ ਗੱਲ ਦਾ ਸੰਕੇਤ ਹੈ ਕਿ ਆਤੰਕਵਾਦੀ ਕਿਤੇ ਵੀ ਅਤੇ ਕਦੇ ਵੀ ਕਤਲ ਕਰ ਸਕਦੇ ਹਨ ।ਇਹ ਘਟਨਾਵਾਂ ਖੇਤਰ ਦੀ ਸੁਰੱਖਿਆ ਸਥਿਤੀ ਬਾਰੇ ਗੰਭੀਰ ਸਵਾਲ ਖੜ੍ਹੇ ਕਰਦੀਆਂ ਹਨ। ਇਹ ਇਸ ਲਈ ਮਹੱਤਵਪੂਰਨ ਹੈ, ਕਿਉਂਕਿ ਅੰਦਰੂਨੀ ਸੁਰੱਖਿਆ ਸੰਕਟ ਬਾਹਰੀ ਤਣਾਅ ਨੂੰ ਜਨਮ ਦੇ ਸਕਦਾ ਹੈ, ਕਿਉਂਕਿ ਭਾਰਤ ਅਤੇ ਪਾਕਿਸਤਾਨ ਇੱਕ-ਦੂਜੇ ’ਤੇ ਦੋਸ਼ ਲਗਾਉਣ ਵਿੱਚ ਦੇਰ ਨਹੀਂ ਕਰਦੇ।ਅਜਿਹੀਆਂ ਘਟਨਾਵਾਂ ਤਣਾਅ ਵਧਾਉਂਦੀਆਂ ਹਨ ਅਤੇ ਹਥਿਆਰਾਂ ਦੀ ਦੌੜ ਤੇਜ਼ ਕਰਦੀਆਂ ਹਨ। ਇਹ ਬਾਹਰੀ ਤਾਕਤਾਂ ਨੂੰ ਵੀ ਮੌਕਾ ਦਿੰਦੀਆਂ ਹਨ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 60 ਵਾਰ ਤੋਂ ਵੱਧ ਦਾਅਵਾ ਕਰ ਚੁੱਕੇ ਹਨ ਕਿ ਉਹਨਾ ਇਸ ਸਾਲ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਸੁਲਝਾਇਆ ਹੈ ਅਤੇ ਦੋਨੋਂ ਦੇਸ਼ਾਂ ਨੂੰ ਸੰਘਰਸ਼ ਖਤਮ ਨਾ ਕਰਨ ’ਤੇ 350 ਫੀਸਦੀ ਟੈਕਸ ਲਗਾਉਣ ਦੀ ਧਮਕੀ ਦਿੱਤੀ; ਮੋਦੀ, ਸ਼ਰੀਫ਼ ਨੇ ਮੈਨੂੰ ਫ਼ੋਨ ਕੀਤਾ। ਉਹ ਕਹਿੰਦੇ ਹਨ, ਮੈਂ ਤੁਹਾਨੂੰ ਇੱਕ-ਦੂਜੇ ’ਤੇ ਪਰਮਾਣੂ ਹਥਿਆਰ ਚਲਾਉਣ ਨਹੀਂ ਦੇਵਾਂਗਾ, ਲੱਖਾਂ ਲੋਕਾਂ ਨੂੰ ਮਰਨ ਨਹੀਂ ਦੇਵਾਂਗਾ ਅਤੇ ਪਰਮਾਣੂ ਧੂੜ ਨੂੰ ਲਾਸ ਐਂਜਲਸ ਤੱਕ ਫੈਲਣ ਨਹੀਂ ਦੇਵਾਂਗਾ। ਉਹਨਾਂ ਇਹ ਵੀ ਦਾਅਵਾ ਕੀਤਾ ਕਿ ਉਹਨਾ ਨੂੰ ਪ੍ਰਧਾਨ ਮੰਤਰੀ ਮੋਦੀ ਦਾ ਫੋਨ ਆਇਆ ਕਿ ਅਸੀਂ ਫੈਸਲਾ ਕਰ ਲਿਆ ਹੈ। ਟਰੰਪ ਕਹਿੰਦੇ ਹਨ ਕਿ ਉਹਨਾ ਪੁੱਛਿਆ—ਕਿਸ ਗੱਲ ਦਾ ਫੈਸਲਾ? ਅਤੇ ਮੋਦੀ ਨੇ ਜਵਾਬ ਦਿੱਤਾ—ਅਸੀਂ ਯੁੱਧ ਨਹੀਂ ਕਰਾਂਗੇ । ਟਰੰਪ ਦੇ ਅਜਿਹੇ ਬਿਆਨ ਦੋ ਸੁਤੰਤਰ ਦੇਸ਼ਾਂ ਦੇ ਦੁ-ਪੱਖੀ ਮਾਮਲਿਆਂ ’ਚ ਸਿੱਧੀ ਦਖ਼ਲਅੰਦਾਜ਼ੀ ਹਨ। ਹੈਰਾਨੀ ਹੈ ਕਿ ਭਾਰਤ ਸਰਕਾਰ ਨੇ ਇਸ ਦਾ ਖੰਡਨ ਕਰਦਿਆਂ ਕੋਈ ਬਿਆਨ ਜਾਰੀ ਨਹੀਂ ਕੀਤਾ ।

ਅਮਰੀਕਾ-ਚੀਨ ਆਰਥਿਕ ਅਤੇ ਸੁਰੱਖਿਆ ਸਮੀਖਿਆ ਕਮਿਸ਼ਨ ਦੀ ਇੱਕ ਨਵੀਂ ਰਿਪੋਰਟ ਵਿੱਚ ਮਈ 2025 ਵਿੱਚ ਭਾਰਤ ਨਾਲ ਟਕਰਾਅ ਦੌਰਾਨ ਪਾਕਿਸਤਾਨ ਦੀ ਸੈਨਿਕ ਸਫਲਤਾ ਦਾ ਦਾਅਵਾ ਕੀਤਾ ਗਿਆ ਹੈ ਅਤੇ ਪਹਿਲਗਾਮ ਦੀ ਘਟਨਾ ਨੂੰ ‘ਬਗਾਵਤੀ ਹਮਲਾ’ ਕਿਹਾ ਗਿਆ ਹੈ । ਰਿਪੋਰਟ ਵਿੱਚ ਚੀਨ ਵੱਲੋਂ ਪਾਕਿਸਤਾਨ ਨੂੰ ਲਾਜਿਸਟਿਕ ਰਾਹੀਂ ਅਪਰੋਖ ਸਹਾਇਤਾ ਦਾ ਵੀ ਜ਼ਿਕਰ ਹੈ । ਹੈਰਾਨੀ ਦੀ ਗੱਲ ਨਹੀਂ ਕਿ ਟਰੰਪ ਨੇ ਪਾਕਿਸਤਾਨ ਫੌਜ ਦੇ ਮੁਖੀ ਜਨਰਲ ਮੁਨੀਰ ਨੂੰ ਦੁਪਹਿਰ ਦੇ ਭੋਜਨ ’ਤੇ ਬੁਲਾਇਆ। ਉਹ ਆਰਥਿਕ ਸੰਕਟ ਨਾਲ ਜੂਝ ਰਹੇ ਪਾਕਿਸਤਾਨ ਨਾਲ ਸੰਬੰਧ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਇੱਕ ਹੋਰ ਘਟਨਾ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵਾਜਿਦ ਨੂੰ ਅਦਾਲਤ ਵੱਲੋਂ ਸੁਣਾਈ ਗਈ ਫਾਂਸੀ ਦੀ ਸਜ਼ਾ ਹੈ। ਹਸੀਨਾ ਵਾਜਿਦ ਇਸ ਸਮੇਂ ਭਾਰਤ ਵਿੱਚ ਹਨ ਅਤੇ ਬੰਗਲਾਦੇਸ਼ ਸਰਕਾਰ ਨੇ ਉਹਨਾ ਨੂੰ ਢਾਕਾ ਭੇਜਣ ਦੀ ਮੰਗ ਕੀਤੀ ਹੈ । ਇਹ ਭਾਰਤ ਸਰਕਾਰ ਲਈ ਆਸਾਨ ਫ਼ੈਸਲਾ ਨਹੀਂ ਹੈ । ਹਸੀਨਾ ਸ਼ੇਖ਼ ਮੁਜੀਬੁਰ ਰਹਿਮਾਨ ਦੀ ਪੁੱਤਰੀ ਹਨ, ਜਿਨ੍ਹਾ ਪਾਕਿਸਤਾਨ ਤੋਂ ਬੰਗਲਾਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕੀਤਾ ਸੀ। ਇਤਿਹਾਸ ਗਵਾਹ ਹੈ ਕਿ 1970-71 ਵਿੱਚ ਪਾਕਿਸਤਾਨੀ ਫੌਜ ਨੇ ਭਿਆਨਕ ਜ਼ੁਲਮ ਕੀਤੇ। 2015 ਵਿੱਚ ਮੇਰੀ ਢਾਕਾ ਯਾਤਰਾ ਦੌਰਾਨ ਮੈਨੂੰ ਪਤਾ ਚੱਲਿਆ ਕਿ ਪਾਕਿਸਤਾਨੀ ਫੌਜ ਨੇ ਕਰੀਬ 30 ਲੱਖ ਲੋਕਾਂ ਦੀ ਹੱਤਿਆ ਕੀਤੀ, ਖ਼ਾਸ ਕਰਕੇ ਵਿਦਿਆਰਥੀਆਂ ਅਤੇ ਸਿੱਖੇ ਹੋਏ ਵਰਗ ਨੂੰ ਨਿਸ਼ਾਨਾ ਬਣਾਇਆ। ਭਾਰਤ ਨੇ ਲੋਕਾਂ ਦੇ ਬਗਾਵਤ ਵਿੱਚ ਮਦਦ ਕੀਤੀ ਅਤੇ ਅੰਤ ਵਿੱਚ ਪਾਕਿਸਤਾਨੀ ਫੌਜ ਨੇ ਆਤਮ-ਸਮਰਪਣ ਕੀਤਾ ਅਤੇ ਬੰਗਲਾਦੇਸ਼ ਦਾ ਜਨਮ ਹੋਇਆ । ਤਦੋਂ ਤੋਂ ਭਾਰਤ ਦੇ ਬੰਗਲਾਦੇਸ਼ ਨਾਲ ਬਹੁਤ ਮਿੱਠੇ ਸੰਬੰਧ ਰਹੇ ਹਨ । ਇਸ ਦੌਰਾਨ ਬੰਗਲਾਦੇਸ਼ ਨੇ ਆਰਥਿਕ ਅਤੇ ਸਿਹਤ ਸਮੇਤ ਕਈ ਖੇਤਰਾਂ ਵਿੱਚ ਭਾਰਤ ਨਾਲੋਂ ਚੰਗਾ ਪ੍ਰਦਰਸ਼ਨ ਕੀਤਾ।

ਫਿਰ ਵੀ ਦੇਸ਼ ਵਿੱਚ ਬੇਰੁਜ਼ਗਾਰੀ ਅਤੇ ਮਹਿੰਗਾਈ ਵਰਗੀਆਂ ਸਮੱਸਿਆਵਾਂ ਰਹੀਆਂ । ਇਸ ਨਾਲ ਵਿਦਿਆਰਥੀਆਂ ਦਾ ਵੱਡਾ ਅੰਦੋਲਨ ਖੜ੍ਹਾ ਹੋਇਆ । ਸ਼ੇਖ ਹਸੀਨਾ ਵਾਜਿਦ ਸਥਿਤੀ ਦੀ ਗੰਭੀਰਤਾ ਨੂੰ ਸਮਝਣ ਵਿੱਚ ਅਸਫਲ ਰਹੀ । ਵਿਦਿਆਰਥੀਆਂ ਨਾਲ ਗੱਲ ਕਰਨ ਦੀ ਬਜਾਏ ਉਹਨਾਂ ਕਠੋਰ ਦਮਨ ਦਾ ਰਸਤਾ ਚੁਣਿਆ, ਜਿਸ ਨਾਲ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੀ ਮੌਤ ਹੋਈ । ਇਸ ਨਾਲ ਇਸਲਾਮੀ ਮੁਲਤਾਨੀ ਸੰਗਠਨਾਂ ਨੂੰ ਸਥਾਨ ਮਿਲਿਆ । ਹੁਣ ਸਪੱਸ਼ਟ ਹੈ ਕਿ ਇਹ ਸਭ ਉਸ ਤੋਂ ਬਾਅਦ ਹੋਇਆ, ਜਦੋਂ ਉਹਨਾ ਨੇ ਅਮਰੀਕਾ ਨੂੰ ਇੱਕ ਟਾਪੂ ਦੇਣ ਤੋਂ ਇਨਕਾਰ ਕਰ ਦਿੱਤਾ । ਅਮਰੀਕਾ ਨੇ ਸਾਜ਼ਿਸ਼ ਰਚ ਕੇ ਸਥਿਤੀ ਦਾ ਪੂਰਾ ਲਾਭ ਉਠਾਇਆ ਅਤੇ ਮੁਹੰਮਦ ਯੂਨਸ ਨੂੰ ‘ਕੇਅਰ ਟੇਕਰ’ ਵਜੋਂ ਬਿਠਾ ਦਿੱਤਾ।

ਇਸ ਤਰ੍ਹਾਂ ਹੁਣ ਭਾਰਤ ਦੀਆਂ ਪੂਰਬੀ ਅਤੇ ਪੱਛਮੀ ਦੋਹਾਂ ਸਰਹੱਦਾਂ ’ਤੇ ਤਣਾਅ ਹੈ। ਭਾਰਤ ਦੇ ਚੀਨ ਨਾਲ ਵਪਾਰਕ ਸੰਬੰਧ ਹਨ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੀਆਂ ਕਈ ਮੁਲਾਕਾਤਾਂ ਦੇ ਬਾਵਜੂਦ ਸੰਬੰਧਾਂ ਦਾ ਰਣਨੀਤਕ ਤੌਰ ’ਤੇ ਸੁਧਰਨਾ ਮੁਸ਼ਕਲ ਦਿਖਾਈ ਦਿੰਦਾ ਹੈ।

ਜਿੱਥੇ ਤੱਕ ਹਸੀਨਾ ਵਾਜਿਦ ਦੇ ਪ੍ਰਤਿਆਰਪਣ ਦਾ ਸਵਾਲ ਹੈ, ਸਰਕਾਰ ਨੂੰ ਸਾਰੇ ਰਾਜਨੀਤਕ ਦਲਾਂ ਨੂੰ ਬੁਲਾ ਕੇ ਚਰਚਾ ਕਰਨੀ ਚਾਹੀਦੀ ਹੈ। ਇਹ ਉਕਸਾਏ ਜਾਂ ਜੰਗੀ ਹਿਸਟੀਰੀਆ ਵਿੱਚ ਫਸਣ ਦਾ ਸਮਾਂ ਨਹੀਂ ਹੈ, ਕਿਉਂਕਿ ਖੇਤਰ ਵਿੱਚ ਕੋਈ ਵੀ ਵੱਡਾ ਸੰਘਰਸ਼ ਤਬਾਹਕਾਰੀ ਹੋਵੇਗਾ। ਦੁੱਖ ਹੈ ਕਿ ਅਮਰੀਕਾ ਨਾਲ ਸੰਬੰਧ ਵਧਾਉਣ ਦੀ ਚਾਹ ਵਿੱਚ ਅਸੀਂ ਗੈਰ-ਜੋੜੀ ਗਤੀਵਿਧੀ (NAM) ਨੂੰ ਛੱਡ ਦਿੱਤਾ ਅਤੇ SAARC ਨੂੰ ਲਗਭਗ ਨਿਸ਼ਕ੍ਰਿਆ ਕਰ ਦਿੱਤਾ। ਇਸ ਲਈ ਗਲੋਬਲ ਸਾਊਥ ਹੁਣ ਸਾਡੇ ਵੱਲ ਨਹੀਂ ਦੇਖਦਾ, ਬਲਕਿ ਚੀਨ ਨਾਲ ਖੜ੍ਹਾ ਹੈ।

ਇਸ ਲਈ ਸਮਾਂ ਆ ਗਿਆ ਹੈ ਕਿ ਅਸੀਂ ਸਕਾਰਾਤਮਕ ਸੋਚੀਏ। ਸਾਨੂੰ ਸਮਝਣਾ ਹੋਵੇਗਾ ਕਿ ਅਸੀਂ ਤਿੰਨ ਪਰਮਾਣੂ ਹਥਿਆਰ ਰੱਖਣ ਵਾਲੇ ਗੁਆਂਢੀ ਹਾਂ। ਬਿਆਨਬਾਜ਼ੀ ਦੀ ਥਾਂ ਸਾਨੂੰ ਆਪਣੇ ਗੁਆਂਢੀਆਂ ਨਾਲ ਭਰੋਸੇ ਦਾ ਮਾਹੌਲ ਤਿਆਰ ਕਰਨਾ ਚਾਹੀਦਾ ਹੈ। ਇਹ ਆਸਾਨ ਕੰਮ ਨਹੀਂ ਹੋਵੇਗਾ, ਕਿਉਂਕਿ ਅਮਰੀਕੀ ਇੰਡੋ-ਪੈਸੇਫਿਕ ਮਾਮਲਿਆਂ ਵਿੱਚ ਵੱਧ ਦਖ਼ਲ ਦੇ ਰਹੇ ਹਨ। ਉਹਨਾਂ ਦਾ ਮਕਸਦ ਖੇਤਰ ਵਿੱਚ ਹਥਿਆਰ ਵੇਚਣਾ ਹੈ। ਹਥਿਆਰਾਂ ਦੀ ਦੌੜ ਵਧਣ ਨਹੀਂ ਦੇਣੀ ਚਾਹੀਦੀ, ਕਿਉਂਕਿ ਇਹ ਖੇਤਰ ਦੀ ਸੁਰੱਖਿਆ ਅਤੇ ਵਿਕਾਸ ਦੋਵਾਂ ਲਈ ਬਹੁਤ ਨੁਕਸਾਨਦੇਹ ਹੋਵੇਗਾ । ਇਹ ਸਿੱਖਿਆ, ਸਿਹਤ ਅਤੇ ਸਮਾਜਿਕ ਜ਼ਰੂਰਤਾਂ ਲਈ ਰੱਖੇ ਗਏ ਸਾਧਨ ਹਥਿਆਰਾਂ ’ਤੇ ਖਰਚ ਕਰਵਾ ਦੇਵੇਗਾ।

**# ਸੰਪਰਕ : 94170-00360**

# ਬੇਹੱਦ ਲੋੜੀਂਦਾ ਹੈ ਔਰਤਾਂ ਖ਼ਿਲਾਫ਼ ਹਿੰਸਾ ਨੂੰ ਠੱਲ੍ਹ ਪਾਉਣਾ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**



ਬੜੇ ਹੀ ਅਫ਼ਸੋਸ ਦੀ ਗੱਲ ਹੈ ਕਿ ਔਰਤਾਂ ਖ਼ਿਲਾਫ਼ ਸਦੀਆਂ ਤੋਂ ਚਲੀ ਆ ਰਹੀ ਹਿੰਸਾ ਅਜੋਕੇ ਵਿਗਿਆਨ, ਤਕਨਾਲੋਜੀ ਅਤੇ ਔਰਤ-ਮਰਦ ਬਰਾਬਰੀ ਦੇ ਯੁਗ ਵਿਚ ਵੀ ਖ਼ਤਮ ਨਹੀਂ ਹੋ ਸਕੀ ਤੇ ਘਟਣ ਦੀ ਥਾਂ ਸਗੋਂ ਇਸ ਕੁਰੀਤੀ ਵਿਚ ਵਾਧਾ ਹੀ ਹੋਇਆ ਜੋ ਕਿ ਇਕ ਬਹੁਤ ਹੀ ਸ਼ਰਮਨਾਕ ਵਰਤਾਰਾ ਹੈ। ਦੁਨੀਆ ਦੇ ਹਰੇਕ ਮੁਲਕ ਵਿਚ ਤੇ ਖ਼ਾਸ ਕਰਕੇ ਭਾਰਤ ਵਿਚ ਔਰਤਾਂ ਤੇ ਲੜਕੀਆਂ ਨਾਲ ਹੁੰਦੀ ਹਿੰਸਾ ਤੇ ਜੁਰਮਾਂ ਦੇ ਮਾਮਲਿਆਂ ਵਿਚ ਵਾਧਾ ਇਹ ਦਰਸਾਉਂਦਾ ਹੈ ਕਿ ਔਰਤ ਨੂੰ ਆਪਣਾ ਸਰੀਰ, ਪੱਤ ਅਤੇ ਸਨਮਾਨ ਬਚਾਉਣ ਲਈ ਅਜੇ ਹੋਰ ਸੰਘਰਸ਼ ਕਰਨਾ ਪਵੇਗਾ।

ਅਸਲ ਵਿਚ ਔਰਤਾਂ ਪ੍ਰਤੀ ਹਿੰਸਾ ਦੇ ਕਈ ਰੂਪ ਹਨ। ਔਰਤਾਂ ਨਾਲ ਘਰੇਲੂ ਕੁੱਟਮਾਰ, ਘਰਾਂ ਜਾਂ ਕੰਮ ਵਾਲੀਆਂ ਥਾਵਾਂ ’ਤੇ ਜਿਨਸੀ ਛੇੜਛਾੜ ਜਾਂ ਬਲਾਤਕਾਰ, ਦਹੇਜ ਕਰਕੇ ਸਾੜਨਾ,ਐਸਿਡ ਭਾਵ ਤੇਜ਼ਾਬ ਸੁੱਟੇ ਜਾਣਾ, ਮਾਦਾ ਭਰੂਣ ਹੱਤਿਆ, ਅਣਖ ਦੀ ਖ਼ਾਤਿਰ ਕਤਲ, ਜਾਦੂ-ਟੂਣੇ ਕਰਨ ਵਾਲੀ ਜਾਂ ‘ਚੁੜੈਲ’ ਆਖ ਕੇ ਜਾਨੋਂ ਮਾਰ ਦੇਣਾ, ਲੁੱਟ-ਖੋਹ ਦੌਰਾਨ ਸਰੀਰਕ ਹਾਨੀ ਪੰਹੁਚਾਉਣਾ, ਵੇਸਵਾਗਮਨੀ ਲਈ ਮਜਬੂਰ ਕਰਨਾ ਜਾਂ ਅਗਵਾ ਕਰਨਾ ਆਦਿ ਕੁਕਰਮ ਔਰਤਾਂ ਖ਼ਿਲਾਫ਼ ਹਿੰਸਾ ਦੇ ਵੱਖ-ਵੱਖ ਰੂਪ ਹਨ।

ਕੌਮੀ ਅਪਰਾਧ ਰਿਕਾਰਡ ਬਿਊਰੋ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਸੰਨ 2018 ਵਿਚ ਔਰਤਾਂ ਖ਼ਿਲਾਫ਼ ਜੁਰਮਾਂ ਦੀ ਸੰਖਿਆ 3,78,236 ਸੀ, ਜੋ ਕਿ ਅਗਲੇ ਸਾਲ 7.3 ਫ਼ੀਸਦੀ ਦੇ ਵਾਧੇ ਨਾਲ 4,05,861 ਹੋ ਗਈ ਸੀ ਅਤੇ ਫਿਰ ਸੰਨ 2021 ਵਿਚ ਇਹ ਅੰਕੜਾ 4,28,278 ਤੱਕ ਪੁੱਜ ਗਿਆ ਸੀ। ਇਨ੍ਹਾਂ ਮਾਮਲਿਆਂ ਵਿੱਚ ਪਤੀ ਜਾਂ ਹੋਰ ਨਜ਼ੀਦੀਕੀ ਰਿਸ਼ਤੇਦਾਰਾਂ ਵੱਲੋਂ ਔਰਤਾਂ ਨੂੰ ਪਹੁੰਚਾਏ ਗਏ ਨੁਕਸਾਨ ਦੇ ਮਾਮਲੇ 32 ਫ਼ੀਸਦੀ,ਅਗਵਾ ਕਰਨ ਦੇ ਲਗਪਗ 18 ਫ਼ੀਸਦੀ ਅਤੇ ਜਿਸਮਾਨੀ ਛੇੜਛਾੜ ਦੇ ਮਾਮਲੇ 21 ਫ਼ੀਸਦੀ ਦੇ ਕਰੀਬ ਸਨ। ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਸਾਲ 2020 ਵਿਚ ਬਲਾਤਕਾਰ ਦੇ 580 ਮਾਮਲੇ ਸਾਹਮਣੇ ਆਏ ਸਨ, ਜੋ ਕਿ ਅਕਤੂਬਰ, 2021 ਤੱਕ 833 ਦੇ ਅੰਕੜੇ ’ਤੇ ਪੁੱਜ ਗਏ ਸਨ। ਦਹੇਜ ਕਾਰਨ ਹੱਤਿਆ ਦੇ ਸੰਨ 2020 ਵਿਚ ਵਾਪਰੇ 47 ਮਾਮਲੇ 2021 ਵਿੱਚ ਵਧ ਕੇ 56 ਹੋ ਗਏ ਸਨ ਤੇ ਇਸੇ ਤਰ੍ਹਾਂ ਦਿੱਲੀ ਵਿਚ ਔਰਤਾਂ ਨੂੰ ਅਗਵਾ ਕਰਨ ਦੀਆਂ ਵਾਰਦਾਤਾਂ ਵੀ ਉਕਤ ਸਾਲਾਂ ਵਿੱਚ ਕ੍ਰਮਵਾਰ 1026 ਤੋਂ ਵਧ ਕੇ 1580 ਤੱਕ ਪੁੱਜ ਗਈਆਂ ਸਨ। ਸਾਲ 2022 ਦੇ ਅੰਕੜਿਆਂ ਅਨੁਸਾਰ ਦੇਸ਼ ਵਿਚ ਮਹਿਲਾਵਾਂ ਖ਼ਿਲਾਫ਼ ਅਪਰਾਧਾਂ ਦੇ 4,45,256 ਮਾਮਲੇ ਸਾਹਮਣੇ ਆਏ ਸਨ, ਜੋ ਕਿ ਉਸ ਤੋਂ ਪਿਛਲੇ ਵਰ੍ਹੇ ਨਾਲੋਂ 4 ਫ਼ੀਸਦੀ ਜ਼ਿਆਦਾ ਸਨ। ਇਹ ਦਰ ਇਕ ਲੱਖ ਮਹਿਲਾਵਾਂ ਪਿੱਛੇ 66.4 ਜੁਰਮ ਬਣਦੀ ਸੀ।

ਭਾਰਤ ਵਿੱਚ ਵਾਪਰੇ ‘ਨਿਰਭਇਆ ਕਾਂਡ’, ‘ਮਨੀਪੁਰ ਕਾਂਡ’, ‘ਤੰਦੂਰ ਕਾਂਡ’ ਜਿਹੇ ਅਨੇਕਾਂ ਹੋਰ ਸ਼ਰਮਨਾਕ ਕਾਂਡਾਂ ਨੇ ਵਾਰ-ਵਾਰ ਦਰਸਾਇਆ ਹੈ ਕਿ ਕੰਜਕਾਂ ਅਤੇ ਦੇਵੀ ਮਾਤਾ ਦੀ ਪੂਜਾ ਕਰਨ ਵਾਲੇ ਇਸ ਦੇਸ਼ ਵਿੱਚ ਬੱਚੀਆਂ ਅਤੇ ਔਰਤਾਂ ਦੇ ਸਨਮਾਨ ਜਾਂ ਅਪਮਾਨ ਦੀ ਕੀ ਸਥਿਤੀ ਹੈ। ਇਥੇ ਗਿਆਰਾਂ ਮਹੀਨੇ ਦੀ ਅਣਭੋਲ ਬੱਚੀ ਤੋਂ ਲੈ ਕੇ ਨੱਬੇ ਸਾਲ ਦੀ ਬਜ਼ੁਰਗ ਔਰਤ ਤੱਕ ਨੂੰ ਹਵਸ ਦਾ ਸ਼ਿਕਾਰ ਬਣਾ ਲਿਆ ਜਾਂਦਾ ਹੈ। ਇਹ ਹੁਣ ਉਹ ਮੁਲਕ ਹੈ, ਜਿੱਥੇ ਬਿਲਕੀਸ ਬਾਨੋ ਦੇ ਬਲਾਤਕਾਰੀਆਂ ਨੂੰ ਵਿਸ਼ੇਸ਼ ਛੋਟਾਂ ਪ੍ਰਦਾਨ ਕਰਕੇ ਜੇਲ੍ਹਾਂ ’ਚੋਂ ਰਿਹਾਅ ਕਰ ਦਿੱਤਾ ਜਾਂਦਾ ਹੈ ਤੇ ਫਿਰ ਗਲਾਂ ਵਿਚ ਫੁੱਲਮਾਲਾਵਾਂ ਪਹਿਨਾ ਕੇ ਤੇ ਮੂੰਹ ਮਿੱਠਾ ਕਰਾ ਕੇ ਇਨ੍ਹਾ ‘ਸੂਰਬੀਰਾਂ’ ਅਤੇ ‘ ਯੋਧਿਆਂ’ ਦਾ ਸੁਆਗਤ ਕੀਤਾ ਜਾਂਦਾ ਹੈ।

13 ਲੱਖ ਦੇ ਕਰੀਬ ਮਹਿਲਾਵਾਂ ਦੇ ਗੁੰਮਸ਼ੁਦਾ ਹੋ ਜਾਣ ਦੇ ਦਿਲ-ਕੰਬਾਊ ਅੰਕੜੇ ਸਾਡੀਆਂ ਸਰਕਾਰਾਂ ਦੇ ਸਿਰ ਸ਼ਰਮ ਨਾਲ ਝੁਕਾਉਣ ਲਈ ਕਾਫੀ ਹਨ। ਬੜੇ ਹੀ ਦੁੱਖ ਅਤੇ ਅਫ਼ਸੋਸ ਦੀ ਗੱਲ ਹੈ ਕਿ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਦੀਆਂ ਬਹੁਤ ਸਾਰੀਆਂ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਦੀਆਂ ਮਹਿਲਾਵਾਂ ਦੀ ਪੁਲਸ ਵੱਲੋਂ ਸਰ੍ਹੇ-ਬਾਜ਼ਾਰ ਖਿੱਚ-ਧੂਹ ਅਤੇ ਮਾਰਕੁੱਟ ਕੀਤੀ ਜਾਂਦੀ ਹੈ। ਪੁਲਸ ਥਾਣਿਆਂ ਵਿਚ ਇਨਸਾਫ਼ ਦੀ ਗੁਹਾਰ ਲੈ ਕੇ ਜਾਣ ਵਾਲੀਆਂ ਜਾਂ ਰਸੂਖ਼ਦਾਰਾਂ ਖ਼ਿਲਾਫ਼ ਐੱਫ਼ ਆਈ ਆਰ ਦਰਜ ਕਰਵਾਉਣ ਲਈ ਥਾਣੇ ਅੰਦਰ ਜਾਣ ਵਾਲੀਆ ਮਹਿਲਾਵਾਂ ਨਾਲ ਥਾਣੇ ਵਿਚ ਹੀ ਬਦਸਲੂਕੀ ਕੀਤੀ ਜਾਂਦੀ ਹੈ ਤੇ ਉਨ੍ਹਾ ਨੂੰ ਇਨਸਾਫ਼ ਨਹੀਂ ਦਿੱਤਾ ਜਾਂਦਾ।

ਔਰਤਾਂ ਖ਼ਿਲਾਫ਼ ਹਿੰਸਾ ਦੇ ਮਾਮਲੇ ਹਰ ਹਾਲ ਵਿਚ ਖ਼ਤਮ ਹੋਣੇ ਚਾਹੀਦੇ ਹਨ ਤੇ ਇਸ ਮਹਾਂਕਾਜ ਲਈ ਸਮਾਜ ਦੀ ਹਰੇਕ ਧਿਰ ਨੂੰ ਅੱਗੇ ਆਉਣਾ ਚਾਹੀਦਾ ਹੈ। ਸਮਾਜਿਕ ਜਾਗਰੂਕਤਾ, ਔਰਤਾਂ ਤੇ ਲੜਕੀਆਂ ਨੂੰ ਘਰ ਤੇ ਬਾਹਰ ਬਰਾਬਰੀ ਦਾ ਦਰਜਾ ਦੇਣਾ ਅਤੇ ਔਰਤਾਂ ਖ਼ਿਲਾਫ਼ ਹੋਣ ਵਾਲੇ ਜੁਰਮਾਂ ਸੰਬੰਧੀ ਅਪਰਾਧੀਆਂ ਨੂੰ ਸਖ਼ਤ ਸਜ਼ਾਵਾਂ ਦੇਣਾ ਆਦਿ ਕਦਮ ਚੁੱਕੇ ਜਾਣ ਦੀ ਅੱਜ ਭਾਰੀ ਲੋੜ ਹੈ, ਪਰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ‘ਨਿਰਭਇਆ’ ਅਤੇ ‘ਮਨੀਪੁਰ ਕਾਂਡ’ ਵਰਗੀਆਂ ਦੁਨੀਆ ਦੀਆਂ ਸਭ ਤੋਂ ਸ਼ਰਮਨਾਕ ਤੇ ਹੌਲਨਾਕ ਵਾਰਦਾਤਾਂ ਭਾਰਤ ਵਿਚ ਵਾਪਰ ਚੁੱਕੀਆਂ ਹਨ ਤੇ ਭਾਰਤ ਵਿਚ ਬਲਾਤਕਾਰੀਆਂ ਨੂੰ ਫ਼ਾਂਸੀ ਦੇਣ ਵਰਗੇ ਕਾਨੂੰਨਾਂ ਦੇ ਬਣਨ ਦੇ ਬਾਵਜੂਦ ਬਲਾਤਕਾਰ ਤੇ ਵਹਿਸ਼ੀਆਨਾ ਬਲਾਤਕਾਰ ਦੇ ਮਾਮਲਿਆਂ ਨੂੰ ਠੱਲ੍ਹ ਨਹੀਂ ਪਈ ਹੈ, ਜੋ ਕਿ ਬੇਹੱਦ ਅਫ਼ਸੋਸਨਾਕ ਹੈ।

**# ਸੰਪਰਕ : 97816-46008**

**ਬਰਸੀ ’ਤੇ ਵਿਸ਼ੇਸ਼**

# ਮਹਾਨ ਗ਼ਦਰੀ ਬਚਨ ਸਿੰਘ ਘੋਲੀਆ

**ਪਿਰਥੀਪਾਲ ਸਿੰਘ ਮਾੜੀਮੇਘਾ**

ਗ਼ਦਰੀ ਬਚਨ ਸਿੰਘ ਘੋਲੀਆ ਨੇ ਤੇਜਾ ਸਿੰਘ ਸੁਤੰਤਰ ਵੱਲੋਂ ਨਵੇਂ ਸਿਰੇ ਤੋਂ ਜਥੇਬੰਦ ਕੀਤੀ ਗ਼ਦਰ ਪਾਰਟੀ ਵਿੱਚ ਕੰਮ ਕੀਤਾ ਸੀ।ਗ਼ਦਰ ਪਾਰਟੀ ਵੱਲੋਂ 1914-15 ਵਿੱਚ ਜੋ ਗ਼ਦਰ ਦੀ ਸ਼ੁਰੂਆਤ ਕੀਤੀ ਗਈ ਸੀ, ਉਹ ਅੰਗਰੇਜ਼ੀ ਹਕੂਮਤ ਨੇ ਕਾਮਯਾਬ ਨਾ ਹੋਣ ਦਿੱਤੀ ।ਗ਼ਦਰੀਆਂ ਦੇ ਵਿਚਾਰਾਂ ਦੀ ਪੂਰਤੀ ਲਈ ਤੇਜਾ ਸਿੰਘ ਸੁਤੰਤਰ ਨੇ 1928 ਵਿੱਚ ਅਮਰੀਕਾ ਜਾ ਕੇ ਗ਼ਦਰ ਪਾਰਟੀ ਨੂੰ ਮੁੜ ਸਰਗਰਮ ਕੀਤਾ।

ਬਚਨ ਸਿੰਘ ਘੋਲੀਆ ਨੇ ਪਾਸਪੋਰਟ ਬਣਾਇਆ ਤੇ 1922 ਵਿੱਚ ਸਿੰਘਾਪੁਰ ਚਲੇ ਗਏ, ਇਥੋਂ ਅੱਗੇ ਸ਼ਿੰਘਾਈ ਪਹੁੰਚੇ। ਦੋ ਮਹੀਨੇ ਸ਼ਿੰਘਾਈ ਰਹੇ ਤੇ ਫਿਰ ਨਿਨਚਿਨ ਸ਼ਹਿਰ ਜਾ ਕੇ ਦੋ ਸਾਲ ਤੇਲ ਦੀ ਕੰਪਨੀ ਵਿੱਚ ਕੰਮ ਕੀਤਾ । ਚੀਨ ਤੋਂ ਬਚਨ ਸਿੰਘ ਕਿਸੇ ਢੰਗ ਨਾਲ ਪਨਾਮਾ ਪਹੁੰਚੇ। ਇੱਕ ਮਹੀਨਾ ਪਨਾਮਾ ਰਹਿ ਕੇ ਗੁਅਟੇਮਾਲਾ ਚਲੇ ਗਏ। ਇਥੋਂ ਮੈਕਸੀਕੋ ਦੀ ਹੱਦ ਪਾਰ ਕਰਦਿਆਂ ਪੁਲਸ ਨੇ ਫੜ ਲਿਆ ਤੇ ਜਾਪਾਨ ਭੇਜ ਦਿੱਤਾ । ਜਾਪਾਨ ਵਿੱਚ ਉਨ੍ਹਾਂ ਨੂੰ ਸ਼ਹਿਰ ਕੂਬੇ ਵਿੱਚ ਗੁਜ਼ਾਰੇ ਜੋਗੀ ਮਜ਼ਦੂਰੀ ਮਿਲ ਗਈ । ਜਾਪਾਨ ਤੋਂ ਬਾਅਦ ਬਚਨ ਸਿੰਘ ਬੋਲੀਵੀਆ ਚਲੇ ਗਏ। ਉਥੋਂ ਚੋਰੀ ਹੱਦ ਟੱਪ ਕੇ ਅਰਜਨਟਾਈਨਾ ਵਿੱਚ ਦਾਖ਼ਲ ਹੋਏ । ਇਥੇ ਰੇਲਵੇ ਲਾਈਨ ’ਤੇ ਮਜ਼ਦੂਰੀ ਦਾ ਕੰਮ ਮਿਲ ਗਿਆ । ਉਸ ਵੇਲੇ ਅਰਜਨਟਾਈਨਾ ਵਿਖੇ 5-6 ਸੌ ਪੰਜਾਬੀ ਰਹਿੰਦਾ ਸੀ। ਇਥੇ ਬਚਨ ਸਿੰਘ ਘੋਲੀਆ ਨੂੰ ਬਾਬਾ ਭਗਤ ਸਿੰਘ ਬਿਲਗਾ ਮਿਲੇ।

ਗ਼ਦਰ ਪਾਰਟੀ ਨੇ ਹੈੱਡਕੁਆਰਟਰ ਸਾਨਫਰਾਂਸਿਸਕੋ ਤੋਂ ਭਾਈ ਈਸ਼ਰ ਸਿੰਘ ਨੂੰ ਅਰਜਨਟਾਈਨਾ ਭੇਜਿਆ ਕਿ ਪੰਜਾਬੀ ਕਿਰਤੀਆਂ ਦੇ ਸਹਿਯੋਗ ਨਾਲ ਇਥੇ ਗ਼ਦਰ ਪਾਰਟੀ ਦੀ ਬਰਾਂਚ ਕਾਇਮ ਕੀਤੀ ਜਾਵੇ। ਈਸ਼ਰ ਸਿੰਘ ਨੇ ਬਚਨ ਸਿੰਘ ਘੋਲੀਆ ਸਮੇਤ ਕਾਮਿਆਂ ਨਾਲ ਦੇਸ਼ ਨੂੰ ਅਜ਼ਾਦ ਕਰਾਉਣ ਦੇ ਵਿਚਾਰ ਸਾਂਝੇ ਕੀਤੇ । ਉਨ੍ਹਾ ਕਿਹਾ ਕਿ ਆਜ਼ਾਦ ਦੇਸ਼ਾਂ ਦੇ ਮਜ਼ਦੂਰ ਸਾਨੂੰ ਤਾਹਨੇ-ਮਿਹਣੇ ਮਾਰਦੇ ਹਨ ਕਿ ਤੁਸੀਂ ਅੰਗਰੇਜ਼ਾਂ ਤੋਂ ਹਿੰਦੁਸਤਾਨ ਆਜ਼ਾਦ ਕਿਉਂ ਨਹੀਂ ਕਰਾਉਂਦੇ। ਇਹ ਵਿਚਾਰ ਦੱਸ ਕੇ ਈਸ਼ਰ ਸਿੰਘ ਵਾਪਸ ਹੈੱਡਕੁਆਰਟਰ ਆ ਗਏ। ਉਸ ਵੇਲੇ ਹੈੱਡਕੁਆਰਟਰ ਦਾ ਮੁੱਖ ਕਰਤਾ-ਧਰਤਾ ਤੇਜਾ ਸਿੰਘ ਸੁਤੰਤਰ ਸੀ ਅਤੇ ਉਹ ਹੀ ਗ਼ਦਰ ਅਖ਼ਬਾਰ ਲਈ ਮਜ਼ਬੂਨ ਲਿਖਦੇ ਸਨ।

ਤੇਜਾ ਸਿੰਘ ਸੁਤੰਤਰ ਭੇਸ ਬਦਲ ਕੇ ਅਰਜਨਟਾਈਨਾ ਆਏ ਤੇ ਪੰਜਾਬੀ ਕਾਮਿਆਂ ਨੂੰ ਮਿਲੇ। ਦੇਸ਼ ਦੀ ਆਜ਼ਾਦੀ ਦੀ ਮਹਾਨਤਾ ਦੱਸੀ ਤੇ ਨਾਲ ਹੀ ਕਿਹਾ ਕਿ ਅਸੀਂ ਤੁਹਾਡੇ ਕੁਝ ਸਾਥੀਆਂ ਨੂੰ ਹੋਰ ਕਿਸੇ ਦੇਸ਼ ਭੇਜ ਕੇ ਬਾਕੀ ਸਿੱਖਿਆ ਦੇ ਨਾਲ-ਨਾਲ ਫੌਜੀ ਟ੍ਰੇਨਿੰਗ ਦੇਣਾ ਚਾਹੁੰਦੇ ਹਾਂ। ਸੁਤੰਤਰ ਨੇ ਅਰਜਨਟਾਈਨਾ ਵਿਖੇ ਹਿੰਦੀ ਕਾਮਿਆਂ ਦੀ 10 ਦਿਨ ਤੱਕ ਰਾਜਨੀਤਕ ਕਲਾਸ ਲਾਈ। ਪੰਜਾਬੀ ਕਾਮੇ ਗਦਰ ਪਾਰਟੀ ਦੇ ਮੈਂਬਰ ਬਣ ਗਏ । ਪਾਰਟੀ ਦੀ ਚੋਣ ਵਿੱਚ ਪ੍ਰਧਾਨ ਕਰਮ ਸਿੰਘ ਧੁਲੇਤਾ, ਸਕੱਤਰ ਨਰਿੰਜਨ ਸਿੰਘ ਅਤੇ ਖਜ਼ਾਨਚੀ ਬਚਨ ਸਿੰਘ ਘੋਲੀਆ ਚੁਣੇ ਗਏ ।

ਅਰਜਨਟਾਈਨਾ ਦੀ ਬਰਾਂਚ ਦਾ ਕੰਮ ਚਲਾਉਣ ਤੋਂ ਬਾਅਦ ਬਚਨ ਸਿੰਘ ਘੋਲੀਆ ਨੂੰ ਸੈਂਟਰਲ ਕਮੇਟੀ ਦਾ ਮੈਂਬਰ ਬਣਾ ਦਿੱਤਾ ਗਿਆ। ਬਚਨ ਸਿੰਘ ਗ਼ਦਰ ਪਾਰਟੀ ਦੇ ਖੁਫੀਆ ਕਮਿਸ਼ਨ ਦੇ ਵੀ ਮੈਂਬਰ ਸਨ। ਖੁਫੀਆ ਕਮਿਸ਼ਨ ਦਾ ਇਹ ਕੰਮ ਸੀ ਕਿ ਖਾਸ-ਖਾਸ ਆਦਮੀਆਂ ਨੂੰ ਚੁਣ ਕੇ ਮਾਰਕਸੀ ਸਿੱਖਿਆ ਲੈਣ ਲਈ ਰੂਸ ਭੇਜਣਾ। ਪਹਿਲੇ ਜਥੇ ਵਿੱਚ ਬਾਬਾ ਭਗਤ ਸਿੰਘ ਬਿਲਗਾ, ਨੈਣਾ ਸਿੰਘ ਧੂਤ, ਬੂਝਾ ਸਿੰਘ ਆਦਿ 15 ਗ਼ਦਰੀਆਂ ਨੂੰ ਰੂਸ ਭੇਜਿਆ ਗਿਆ।

ਗ਼ਦਰੀਆਂ ਦਾ ਦੂਜਾ ਜਥਾ, ਜੋ 1934 ਵਿੱਚ ਰੂਸ ਗਿਆ, ਉਸ ਵਿੱਚ ਬਚਨ ਸਿੰਘ ਘੋਲੀਆ, ਕੇਹਰ ਸਿੰਘ ਪਾਲਾ,ਬਚਨ ਸਿੰਘ ਤਖਾਣਬੱਧ, ਅਮਰ ਸਿੰਘ ਬੰਡਾਲਾ, ਕਰਤਾਰ ਸਿੰਘ ਮੁਸਾਪੁਰ ਅਤੇ ਜਵਾਲਾ ਸਿੰਘ ਸਿੱਧਵਾਂ ਸਨ ।ਰੂਸ ਦੀ ਸਰਕਾਰ ਨੇ ਦੁਨੀਆ ਭਰ ਦੇ ਕਮਿਊਨਿਸਟਾਂ ਨੂੰ ਕਮਿਊਨਿਜ਼ਮ ਤੇ ਇਨਕਲਾਬੀ ਸਿੱਖਿਆ ਦੇਣ ਲਈ ਅੰਤਰਰਾਸ਼ਟਰੀ ਯੂਨੀਵਰਸਿਟੀ ਖੋਲ੍ਹੀ ਹੋਈ ਸੀ । ਇਸ ਯੂਨੀਵਰਸਿਟੀ ਵਿੱਚ ਦੁਨੀਆ ਭਰ ਦੀਆਂ ਬੋਲੀਆਂ ਦੇ ਮਾਹਰ ਪ੍ਰੋਫੈਸਰ ਸਨ । ਬਚਨ ਸਿੰਘ ਘੋਲੀਆ ਅਨੁਸਾਰ ਇਸ ਯੂਨੀਵਰਸਿਟੀ ਵਿੱਚ ਜ਼ਮੀਨ ਮਾਲਕਾਂ ਨੂੰ ਸਿੱਖਿਆ ਨਹੀਂ ਸੀ ਦਿੱਤੀ ਜਾਂਦੀ ਸੀ। ਇਸ ਲਈ ਉਨ੍ਹਾ ਆਪਣੇ ਨਾਂਅ ਬਦਲ ਕੇ ਸਪੈਨਿਸ਼ ਨਾਮ ਰੱਖੇ ਹੋਏ ਸਨ।



ਬਚਨ ਸਿੰਘ ਘੋਲੀਆ ਰੂਸ ਤੋਂ ਇਨਕਲਾਬੀ ਤੇ ਮਾਰਕਸਵਾਦੀ ਸਿੱਖਿਆ ਲੈ ਕੇ 16 ਮਾਰਚ 1937 ਨੂੰ ਬੰਬਈ ਪਰਤੇ ਅਤੇ 19 ਮਾਰਚ ਨੂੰ ਪਿੰਡ ਘੋਲੀਆ ਆਏ। ਪਿੰਡ ਤੋਂ ਇੱਕ ਹਫ਼ਤੇ ਬਾਅਦ ਪੁਲਸ ਨੇ ਫੜ ਕੇ ਲਾਹੌਰ ਦੇ ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ ਅਤੇ ਘੋਰ ਤਸੀਹੇ ਦਿੱਤੇ। ਪਹਿਲਾਂ ਅਮਰ ਸਿੰਘ ਬੰਡਾਲਾ ਨੂੰ ਪੁਲਸ ਨੇ ਫੜਿਆ ਤੇ ਉਸ ’ਤੇ ਅਸਿਹ ਤਸ਼ੱਦਦ ਕੀਤਾ ਤੇ ਅੰਤ ਉਸ ਨੇ ਮਾਸਕੋ ਵਿਦਿਆ ਬਾਰੇ ਦੱਸ ਦਿੱਤਾ । ਬਚਨ ਸਿੰਘ ਦੀ ਵੀ ਬਹੁਤ ਮਾਰ-ਕੁਟਾਈ ਹੋਈ, ਪਰ ਉਸ ਨੇ ਮਾਸਕੋ ਜਾਣ ਦਾ ਨਾਂਅ ਨਾ ਲਿਆ। ਅੰਗਰੇਜ਼ੀ ਹਕੂਮਤ ਨੇ ਪਾਸਪੋਰਟ ਜ਼ਬਤ ਕਰਕੇ ਉਨ੍ਹਾ ਨੂੰ ਤਿੰਨ ਮਹੀਨੇ ਬਾਅਦ ਰਿਹਾਅ ਕਰਕੇ ਪਿੰਡ ਦੀ ਜੂਹਬੰਦੀ ਵਿੱਚ ਕੈਦ ਕਰ ਦਿੱਤਾ ।

ਬਚਨ ਸਿੰਘ ਘੋਲੀਆ ਨੇ ਜੂਹਬੰਦੀ ਤੋਂ ਰਿਹਾਅ ਹੋ ਕੇ ਪੰਜਾਬ ਕਿਸਾਨ ਸਭਾ ਵਿੱਚ ਜ਼ੋਰਦਾਰ ਢੰਗ ਨਾਲ ਕੰਮ ਕੀਤਾ । ਕਿਸਾਨਾਂ ਦੀ ਪਿੰਡ ਦੌਧਰ ਵਿਖੇ 1937 ਵਿੱਚ ਬਹੁਤ ਵੱਡੀ ਕਾਨਫਰੰਸ ਹੋਈ। ਇਸ ਕਾਨਫਰੰਸ ਵਿੱਚ ਬਚਨ ਸਿੰਘ ਦਾ ਨਾਂਅ ਇਲਾਕੇ ਵਿੱਚ ਮਸ਼ਹੂਰ ਹੋ ਗਿਆ। ਆਪ ਨੇ ਕਾਂਗਰਸ ਸੋਸ਼ਲਿਸਟ ਪਾਰਟੀ ਵਿੱਚ ਸ਼ਾਮਲ ਹੋ ਕੇ ਤ੍ਰਿਪੁਰਾ ਸੰਮੇਲਨ ਵਿੱਚ ਹਿੱਸਾ ਲਿਆ। ਬਚਨ ਸਿੰਘ ਨੇ ਮਿੰਟਗੁਮਰੀ ਇਲਾਕੇ ਵਿੱਚ ਮੁਜ਼ਾਰਾ ਲਹਿਰ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਜ਼ਿਲੇ ਵਿੱਚ ਕਮਿਊਨਿਸਟ ਪਾਰਟੀ ਦੀ ਨੀਂਹ ਰੱਖੀ।

ਦੂਜੀ ਸੰਸਾਰ ਜੰਗ ਸਮੇਂ ਬਾਬਾ ਬਚਨ ਸਿੰਘ ਨੇ ਕਮਿਊਨਿਸਟ ਪਾਰਟੀ ਵਿੱਚ ਰੂਪੋਸ਼ ਹੋ ਕੇ ਕੰਮ ਕੀਤਾ । ਦੋ ਸਾਲ ਅੰਬਾਲਾ ਜੇਲ੍ਹ ਵਿੱਚ ਰਹੇ ਅਤੇ ਰਿਹਾਈ ਤੋਂ ਬਾਅਦ ਉਨ੍ਹਾ ਨੂੰ 6 ਮਹੀਨੇ ਪਿੰਡ ਵਿੱਚ ਜੂਹਬੰਦ ਰੱਖਿਆ ਗਿਆ। ਬਾਬਾ ਬਚਨ ਸਿੰਘ ਘੋਲੀਆ ਇਲਾਕੇ ਵਿੱਚ ਏਨੇ ਹਰਮਨ-ਪਿਆਰੇ ਸਨ ਕਿ 1952 ਦੀਆਂ ਵਿਧਾਨ ਸਭਾ ਦੀਆਂ ਪਹਿਲੀਆਂ ਚੋਣਾਂ ਵਿੱਚ ਐੱਮ ਐੱਲ ਏ ਚੁਣੇ ਗਏ।

ਬਚਨ ਸਿੰਘ ਦੇ ਪੁੱਤਰ ਜਗਮੇਲ ਸਿੰਘ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਵੱਲੋਂ ਬਣਾਈ ਗਈ ਆਜ਼ਾਦ ਹਿੰਦ ਫੌਜ ਵਿੱਚ ਲੈਫਟੀਨੈਂਟ ਦੇ ਆਹੁਦੇ ’ਤੇ ਕੰਮ ਕੀਤਾ ਅਤੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ । ਬਚਨ ਸਿੰਘ ਘੋਲੀਆ ਤੇ ਉਨ੍ਹਾ ਦੇ ਪੁੱਤਰ ਜਗਮੇਲ ਸਿੰਘ ਨੂੰ ਸਰਕਾਰ ਨੇ ਇਕੱਠਿਆਂ ਨੂੰ ਤਾਮਿਰ ਪੱਤਰ ਦੇ ਕੇ ਸਨਮਾਨਤ ਕੀਤਾ । ਦਰਅਸਲ ਬਾਬਾ ਬਚਨ ਸਿੰਘ ਨੇ ਸਾਰੀ ਉਮਰ ਗਰੀਬਾਂ, ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸੰਘਰਸ਼ ਕੀਤਾ। ਇਸ ਮਹਾਨ ਇਨਕਲਾਬੀ ਦੀ ਮੌਤ 25 ਨਵੰਬਰ 1983 ਨੂੰ ਹੋਈ।

**# ਜਨਰਲ ਸਕੱਤਰ, ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ।**
**ਸੰਪਰਕ : 9876078731**

## ਪਾਠਕ-ਸੱਥ

### ਸੀਸ ਦੀਆ ਪਰ ਸਿਰੁ ਨਾ ਦੀਆ

ਦੁਨੀਆ ਦਾ ਸਾਰਾ ਇਤਿਹਾਸ ਫਰੋਲ ਮਾਰੋ ਕਿਤੇ ਵੀ ਅਜਿਹੀ ਮਿਸਾਲ ਨਹੀਂ ਮਿਲੇਗੀ ਜਿੱਥੇ ਕਿਸੇ ਗੁਰੂ ਪੀਰ ਨੇ ਆਪਣਾ ਸੀਸ ਦੇ ਕੇ ਸਮੁੱਚੀ ਮਨੁੱਖਤਾ ਦੀ ਰੱਖਿਆ ਕੀਤੀ ਹੋਵੇ। ਤਿਆਗ ਅਤੇ ਸ਼ਾਂਤੀ ਦੇ ਪੁੰਜ ਧੰਨ ਧੰਨ ਨੌਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਨਿਆਂ ਦੇ ਵਿਰੁੱਧ ਅਤੇ ਧਰਮ ਤੇ ਸੱਚ ਦੇ ਹੱਕ ਵਿੱਚ ਸੀ। ਗੁਰੂ ਜੀ ਦੀ ਸ਼ਹਾਦਤ ਨੇ ਕੁੱਲ ਲੋਕਾਈ ਨੂੰ ਇਹ ਸੰਦੇਸ਼ ਦਿੱਤਾ ਕਿ ਹਕੂਮਤ ਕਿੰਨੀ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ। ਕਿੰਨੇ ਵੀ ਜ਼ੁਲਮ ਕਿਉਂ ਨਾ ਕਰੇ ਪਰ ਦ੍ਰਿੜ੍ਹ ਤੇ ਸਿਦਕ ਦੇ ਪੱਕਿਆਂ ਨੂੰ ਉਹ ਕਿਸੇ ਵੀ ਕੀਮਤ ’ਤੇ ਤੋੜ ਅਤੇ ਹਰਾ ਨਹੀਂ ਸਕਦੀ। ਉਨ੍ਹਾਂ ਦੇ ਪਿਆਰੇ ਸਿੱਖਾਂ ਭਾਈ ਮਤੀਦਾਸ ਜੀ, ਭਾਈ ਸਤੀਦਾਸ ਜੀ ਤੇ ਭਾਈ ਦਿਆਲਾ ਜੀ ਨੂੰ ਗੁਰੂ ਜੀ ਦੇ ਸਾਹਮਣੇ ਅਣਮਨੁੱਖੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਉਪਰੰਤ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਨੇ ਕਿਸੇ ਇੱਕ ਧਰਮ, ਫ਼ਿਰਕੇ ਜਾਂ ਜਾਤ ਲਈ ਆਪਾ ਨਹੀਂ ਸੀ ਵਾਰਿਆ ਬਲਕਿ ਪੂਰੀ ਮਨੁੱਖਤਾ ਦੇ ਅਧਿਕਾਰਾਂ ਲਈ ਆਪਣੀਆਂ ਕੁਰਬਾਨੀਆਂ ਦੇ ਕੇ ਹਿੰਦ ਦੀ ਪੱਤ ਰੱਖੀ। ਇਸ ਕਰਕੇ ਉਨ੍ਹਾਂ ਨੂੰ ਹਿੰਦ ਦੀ ਚਾਦਰ ਵੀ ਕਿਹਾ ਜਾਂਦਾ ਹੈ। ਜ਼ਾਲਮ ਦੇ ਮਨਸੂਬਿਆਂ ਨੂੰ ਢਹਿ ਢੇਰੀ ਕਰਕੇ, ਜ਼ੁਲਮ ਦੇ ਸਾਹਮਣੇ ਡਟ ਕੇ ਖੜ੍ਹੇ ਹੋਣ, ਸ਼ਾਂਤੀ ਤੇ ਸਿਰੜ ਦੇ ਹਥਿਆਰ ਨਾਲ ਹਕੂਮਤ ਨੂੰ ਟੱਕਰ ਦੇਣ ਅਤੇ ਅਡੋਲਤਾ, ਸੱਚ ਤੇ ਨਿਆਂ ਦਾ ਸੰਦੇਸ਼ ਦਿੰਦੀਆਂ ਇਨ੍ਹਾਂ ਕੁਰਬਾਨੀਆਂ ਨੂੰ ਸਮੁੱਚੀ ਮਨੁੱਖਤਾ ਰਹਿੰਦੀ ਦੁਨੀਆ ਤੱਕ ਯਾਦ ਕਰਦੀ ਰਹੇਗੀ ਤੇ ਸਿਜਦੇ ਲਈ ਹਮੇਸ਼ਾ ਸਿਰ ਝੁਕਦਾ ਰਹੇਗਾ।

-ਲਾਭ ਸਿੰਘ ਸ਼ੇਰਗਿੱਲ, ਬਡਰੁੱਖਾਂ (ਸੰਗਰੂਰ)

# ਮਮਦੋਟ ਸੁਧਾਰ ਕਮੇਟੀ ਦੇ ਸੱਦੇ 'ਤੇ ਕਸਬਾ ਵਾਸੀਆਂ ਵੱਲੋਂ ਨਗਰ ਪੰਚਾਇਤ ਦੇ ਗੇਟ ਅੱਗੇ ਧਰਨਾ

## ਨਾਇਬ ਤਹਿਸੀਲਦਾਰ ਤੇ ਕਾਰਜ ਸਾਧਕ ਅ.ਫ਼ਸਰ ਵੱਲੋਂ ਲਿਖਤੀ ਮੰਗਾਂ ਮੰਨਣ ਉਪਰੰਤ ਧਰਨਾ ਸਮਾਪਤ

**ਮਮਦੋਟ (ਜਸਬੀਰ ਸਿੰਘ ਕੰਬੋਜ)**

ਮਮਦੋਟ ਵਿੱਚ ਸੀਵਰੇਜ ਪਾਏ ਜਾਣ ਸਬੰਧੀ ਚੱਲ ਰਹੇ ਕੰਮ ਦੇ ਅੱਧ-ਵਿਚਾਲੇ ਠੱਪ ਹੋ ਜਾਣ ਕਾਰਨ ਪ੍ਰਭਾਵਿਤ ਹੋਏ ਵਪਾਰ ਤੋਂ ਦੁਖੀ ਹੋਏ ਦੁਕਾਨਦਾਰਾਂ ਤੇ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਤੇ ਕਿਸਾਨ ਜਥੇਬੰਦੀਆਂ ਵੱਲੋਂ ਅੱਜ ਮਮਦੋਟ ਸੁਧਾਰ ਕਮੇਟੀ ਦੇ ਸੱਦੇ 'ਤੇ ਨਗਰ ਪੰਚਾਇਤ ਦਫਤਰ ਮਮਦੋਟ ਦੇ ਗੇਟ ਸਾਹਮਣੇ ਧਰਨਾ ਦਿੰਦੇ ਹੋਏ ਨਗਰ ਪੰਚਾਇਤ ਮਮਦੋਟ ਤੇ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ, ਸਵੇਰੇ 9 ਕੁ ਵਜੇ ਸ਼ੁਰੂ ਹੋਏ ਇਸ ਰੋਸ ਧਰਨੇ ਨੂੰ ਜੋਗਿੰਦਰ ਸਿੰਘ ਜਿੰਦੂ ਸਾਬਕਾ ਵਿਧਾਇਕ ਹਲਕਾ ਫਿਰੋਜ਼ਪੁਰ ਦਿਹਾਤੀ, ਅਮਰਦੀਪ ਸਿੰਘ ਆਸ਼ੂ ਬੰਗੜ ਇੰਚਾਰਜ ਹਲਕਾ ਫਿਰੋਜ਼ਪੁਰ ਦਿਹਾਤੀ (ਕਾਂਗਰਸ), ਹਰਸਿਮਰਨ ਸਿੰਘ ਬਾਵਾ, ਵਿੱਕੀ ਮਦਾਨ, ਜੋਗਾ ਸਿੰਘ ਮੁਰਕ ਵਾਲਾ, ਚਮਕੌਰ ਸਿੰਘ ਟਿੱਬੀ, ਬਲਦੇਵ ਰਾਜ ਸ਼ਰਮਾ, ਅਸ਼ੋਕ ਸਹਿਗਲ, ਵਿੱਕੀ ਚਾਵਲਾ, ਗੁਰਸੇਵਕ ਸਿੰਘ ਧਾਲੀਵਾਲ ਸੂਬਾ ਜਨਰਲ ਸਕੱਤਰ ਪੰਜਾਬ ਭਾਰਤੀ ਕਿਸਾਨ ਯੂਨੀਅਨ ਏਕਤਾ ਮਝੈਲ ਬਲਾਕ ਗੁਰੂ ਹਰਸਾਏ ਤੇ ਅਮਿਤਾਭ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਹਾਜ਼ਰ ਵੱਖ ਵੱਖ ਜਥੇਬੰਦੀਆਂ ਤੇ ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਨੇ ਸੰਬੋਧਨ ਕੀਤਾ। ਧਰਨੇ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਸੀਵਰੇਜ ਪਾ ਰਹੇ ਠੇਕੇਦਾਰ ਤੇ ਨਗਰ ਪੰਚਾਇਤ ਮਮਦੋਟ ਵੱਲੋਂ ਕਸਬੇ ਵਿੱਚ ਸੀਵਰੇਜ ਪਾਉਣ ਸਮੇਂ ਲੋਕਾਂ ਦੀ ਆਵਾਜਾਈ ਵਾਸਤੇ ਰਸਤਿਆਂ ਦਾ ਤੇ ਘਰਾਂ ਦੇ ਗੰਦੇ ਪਾਣੀ ਦੀ ਨਿਕਾਸੀ ਦਾ ਕੋਈ ਬਦਲਵਾਂ ਪ੍ਰਬੰਧ ਨਾ ਕਰਨ ਕਾਰਨ ਸਮੁੱਚੇ ਕਸਬਾ ਵਾਸੀਆਂ ਦੇ ਨਾਲ ਨਾਲ ਕਸਬੇ ਵਿੱਚੋਂ ਦੀ ਲੰਘ ਕੇ ਜਾਣ ਵਾਲੇ ਸਰਹੱਦੀ ਪਿੰਡਾਂ ਦੇ ਲੋਕਾਂ ਤੇ ਦੁਕਾਨਦਾਰਾਂ ਦਾ ਜਿਉਣਾ ਮੁਸ਼ਕਲ ਹੋਇਆ ਪਿਆ ਹੈ ਤੇ ਕਾਰੋਬਾਰ ਠੱਪ ਹੋ ਕੇ ਰਹਿ ਗਏ ਹਨ।



ਉਨ੍ਹਾਂ ਕਿਹਾ ਕਿ ਨਾ ਤਾਂ ਨਗਰ ਪੰਚਾਇਤ ਵੱਲੋਂ ਕਸਬੇ ਵਿੱਚ ਕੋਈ ਸਫਾਈ ਕੀਤੀ ਜਾਂਦੀ ਹੈ ਅਤੇ ਨਾ ਹੀ ਨਾਲੀਆਂ ਵਗੈਰਾ ਸਾਫ ਕੀਤੀਆਂ ਜਾ ਰਹੀਆਂ ਹਨ, ਜਿਸ ਕਾਰਨ ਨਿਕਾਸੀ ਗੰਦਾ ਪਾਣੀ ਗਲੀਆਂ ਵਿੱਚ ਖੜ੍ਹਾ ਰਹਿਣ ਤੋਂ ਬਾਅਦ ਹੁਣ ਲੋਕਾਂ ਦੇ ਘਰਾਂ ਵਿੱਚ ਦਾਖਲ ਹੋਣਾ ਸ਼ੁਰੂ ਹੋ ਗਿਆ ਹੈ, ਜਿਸ ਕਾਰਨ ਮਜਬੂਰਨ ਉਨ੍ਹਾਂ ਨੂੰ ਨਗਰ ਪੰਚਾਇਤ ਮਮਦੋਟ ਤੇ ਪ੍ਰਸ਼ਾਸਨ ਖਿਲਾਫ ਇਹ ਐਕਸ਼ਨ ਲੈਣਾ ਪੈ ਰਿਹਾ ਹੈ। ਬੁਲਾਰਿਆਂ ਨੇ ਕਿਹਾ ਕਿ ਕਰੀਬ ਡੇਢ ਸਾਲ ਤੋਂ ਟੁੱਟੀਆਂ ਸੜਕਾਂ ਕਾਰਨ ਜਿੱਥੇ ਇਨ੍ਹਾਂ ਸੜਕਾਂ ਤੋਂ ਲੰਘਣਾ ਮੁਸ਼ਕਲ ਹੋਇਆ ਹੈ, ਉਥੇ ਸੜਕਾਂ ਵਿੱਚ ਵੱਡੇ ਵੱਡੇ ਖੱਡਿਆਂ ਕਾਰਨ ਵਹੀਕਲ ਵੀ ਨੁਕਸਾਨੇ ਜਾ ਰਹੇ ਹਨ ਤੇ ਹਾਦਸੇ ਵੀ ਵਾਪਰ ਰਹੇ ਹਨ। ਇਹ ਰੋਸ ਧਰਨਾ ਜੋ ਕਰੀਬ ਬਾਅਦ ਦੁਪਹਿਰ ਦੋ ਵਜੇ ਤੱਕ ਨਿਰੰਤਰ ਚਲਦਾ ਰਿਹਾ ਤੇ ਨਗਰ ਪੰਚਾਇਤ ਮਮਦੋਟ ਦੇ ਕਾਰਜ ਸਾਧਕ ਅਫਸਰ ਤੇ ਨੈਬ ਤਹਿਸੀਲਦਾਰ ਮਮਦੋਟ ਵੱਲੋਂ ਧਰਨਾਕਾਰੀਆਂ ਨੂੰ ਮਨਾਉਣ ਦੇ ਯਤਨ ਕੀਤੇ ਜਾਂਦੇ ਰਹੇ। ਅਖੀਰ ਕਰੀਬ ਦੋ ਕੁ ਵਜੇ ਨਾਇਬ ਤਹਸੀਲਦਾਰ ਮਮਦੋਟ ਸ਼੍ਰੀ ਅਵਿਨਾਸ਼ ਚੰਦਰ, ਨਗਰ ਪੰਚਾਇਤ ਮਮਦੋਟ ਦੇ ਕਾਰਜ ਸਾਧਕ ਅਫਸਰ ਤੇ ਜੇ ਈ ਵੱਲੋਂ ਲਿਖਤੀ ਮੰਗਾਂ ਮੰਨੇ ਜਾਣ 'ਤੇ ਇਹ ਧਰਨਾ ਸਮਾਪਤ ਕੀਤਾ ਗਿਆ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਹਰਸਿਮਰਨ ਸਿੰਘ ਬਾਵਾ ਤੇ ਬਲਦੇਵ ਰਾਜ ਸ਼ਰਮਾ ਨੇ ਦੱਸਿਆ ਕਿ ਸਬੰਧਤ ਅਧਿਕਾਰੀਆਂ ਵੱਲੋਂ ਲਿਖਤੀ ਵਿਸ਼ਵਾਸ ਦਿਵਾਏ ਜਾਣ 'ਤੇ ਇਹ ਧਰਨਾ ਅੱਜ ਸਮਾਪਤ ਕੀਤਾ ਗਿਆ ਹੈ। ਜੇਕਰ ਪ੍ਰਸ਼ਾਸਨ ਜਾਂ ਇਹ ਅਧਿਕਾਰੀ ਇਨ੍ਹਾਂ ਮੰਗਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿੰਦੇ ਹਨ ਤਾਂ ਫਿਰ ਮਮਦੋਟ ਸੁਧਾਰ ਕਮੇਟੀ ਵੱਲੋਂ ਨਗਰ ਪੰਚਾਇਤ ਦੇ ਗੇਟ ਅੱਗੇ ਅਣਮਿੱਥੇ ਸਮੇਂ ਵਾਸਤੇ ਧਰਨਾ ਲਗਾਇਆ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਨਗਰ ਪੰਚਾਇਤ ਅਧਿਕਾਰੀਆਂ ਤੇ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਮਨੀਸ਼ ਚੋਪੜਾ, ਦੀਪਕ ਨਾਰੰਗ, ਕਮਲਦੀਪ ਸਿੰਘ, ਸੋਹਣ ਸਿੰਘ, ਹਰਦੇਵ ਪ੍ਰਕਾਸ਼ ਸੇਠੀ, ਜਤਿੰਦਰ ਬਜਾਜ, ਤਰਲੋਕ ਚੰਦ ਛਾਬੜਾ, ਬਲਦੇਵ ਰਾਜ ਸ਼ਰਮਾ, ਹੀਰਾ ਨਾਰੰਗ, ਹਰਪਾਲ ਸੋਢੀ, ਰਮਨੀਕ ਚੋਪੜਾ, ਪਰਮਜੀਤ ਸਿੰਘ ਕਿਸਾਨ ਜਥੇਬੰਦੀਆਂ ਦੇ ਆਗੂ ਗੁਰਮੁਖ ਸਿੰਘ ਭੁੱਲਰ, ਪਿਆਰਾ ਸਿੰਘ, ਬਲਵਿੰਦਰ ਸਿੰਘ, ਜੀਵਨ ਸਿੰਘ ਸੋਢੀ, ਜ਼ਿਲ੍ਹਾ ਪ੍ਰਧਾਨ ਜਗੀਰ ਸਿੰਘ ਖਹਿਰਾ, ਬਲਕਾਰ ਸਿੰਘ, ਬਲਾਕ ਪ੍ਰਧਾਨ ਮੇਜਰ ਸਿੰਘ ਚੰਦੀ, ਸੀਨੀਅਰ ਮੀਤ ਪ੍ਰਧਾਨ ਹਰਬੰਸ ਸਿੰਘ ਜੋਧਪੁਰ, ਜਨਰਲ ਸਕੱਤਰ ਜਗਤਾਰ ਸਿੰਘ, ਪ੍ਰੈੱਸ ਸਕੱਤਰ ਜਤਿੰਦਰ ਸਿੰਘ ਰਿੰਕੂ, ਸੁਰਿੰਦਰ ਕੁਮਾਰ ਕਾਲਾ ਪ੍ਰਧਾਨ ਵਪਾਰ ਮੰਡਲ ਸਮੇਤ ਵੱਡੀ ਗਿਣਤੀ ਵਿੱਚ ਕਸਬਾ ਮਮਦੋਟ ਦੇ ਵਾਸੀ, ਦੁਕਾਨਦਾਰ ਤੇ ਵੱਖ ਵੱਖ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

# 15 ਗ੍ਰਾਮ ਹੈਰੋਇਨ ਸਮੇਤ 5 ਗ੍ਰਿਫਤਾਰ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਫਿਰੋਜ਼ਪੁਰ ਪੁਲਿਸ ਨੇ ਗਸ਼ਤ ਤੇ ਚੈਕਿੰਗ ਦੌਰਾਨ 15 ਗ੍ਰਾਮ ਹੈਰੋਇਨ ਤੇ ਹੈਰੋਇਨ ਦਾ ਸੇਵਨ ਕਰਨ ਵਾਲੇ ਸਮੇਤ 5 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਜਦ ਚਾਵਲਾ ਹੋਟਲ ਤੋਂ ਅੰਦਰ ਸੱਜੇ ਹੱਥ ਗਲੀ ਵਿਚ ਮੁੜੀ ਤੇ ਸਾਹਮਣੇ ਮਾਲਵਾ ਖਾਲਸਾ ਸਕੂਲ ਦੀ ਕੰਧ ਨਾਲ ਇਕ ਮੋਨਾ ਨੌਜਵਾਨ ਗੁਰਪ੍ਰੀਤ ਉਰਫ ਗੋਰਾ ਪੁੱਤਰ ਮੋਹਨ ਲਾਲ ਵਾਸੀ ਬਸਤੀ ਗੋਲਬਾਗ ਫਿਰੋਜ਼ਪੁਰ ਸ਼ਹਿਰ ਬੈਠਾ ਹੋਇਆ ਵਿਖਾਈ ਦਿੱਤਾ, ਜੋ ਮਧਮ ਰੋਸ਼ਨੀ ਵਿਚ ਸਿਲਵਰ ਪੇਪਰ ਨਾਲ ਧੂੰਏਂ ਨੂੰ ਨੱਕ ਨਾਲ ਖਿੱਚ ਰਿਹਾ ਸੀ, ਜਿਸ ਨੂੰ ਕਾਬੂ ਕੀਤਾ ਗਿਆ ਤੇ ਉਸ ਨੇ ਦੱਸਿਆ ਕਿ ਉਹ ਨਸ਼ਾ ਕਰਨ ਦਾ ਆਦੀ ਹੈ ਤੇ ਤਲਾਸ਼ੀ ਦੌਰਾਨ ਸਿਲਵਰ ਪੇਪਰ ਅਤੇ ਲਾਈਟਰ ਬਰਾਮਦ ਹੋਇਆ। ਥਾਣਾ ਸਦਰ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਬਲਦੇਵ ਰਾਜ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਨੇ ਦੌਰਾਨੇ ਗਸ਼ਤ ਦੋਸ਼ੀ ਸੰਦੀਪ ਸਿੰਘ ਉਰਫ ਸੀ ਪੀ ਪੁੱਤਰ ਜਗਤਾਰ ਸਿੰਘ ਵਾਸੀ ਪਿੰਡ ਕਿਲਚੇ ਨੂੰ ਕਾਨਵੈਂਟ ਸਕੂਲ ਫਿਰੋਜ਼ਪੁਰ ਦੇ ਨੇੜੇ ਤੋਂ 4 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ। ਥਾਣਾ ਮੱਲਾਂਵਾਲਾ ਪੁਲਸ ਦੇ ਸਹਾਇਕ ਥਾਣੇਦਾਰ ਸਤਿੰਦਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਇਲਾਕੇ ਵਿਚ ਸਾਥੀਆਂ ਸਮੇਤ ਗਸ਼ਤ ਲਈ ਰਵਾਨਾ ਸੀ ਤਾਂ ਇਸ ਦੌਰਾਨ ਦੋਸ਼ੀਆਨ ਪ੍ਰਗਟ ਸਿੰਘ ਪੁੱਤਰ ਬਲਵਿੰਦਰ ਸਿੰਘ ਕਮਾਲਾ ਮਿੱਡੂ, ਗੁਰਪ੍ਰੀਤ ਉਰਫ ਕਾਕਾ ਪੁੱਤਰ ਪਿੱਪਲ ਸਿੰਘ, ਧਰਮਪ੍ਰੀਤ ਉਰਫ ਧਰਮਾ ਪੁੱਤਰ ਮਿੱਠੂ ਵਾਸੀਅਨ ਧਰਮਪੁਰਾ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 6 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਮੱਲਾਂਵਾਲਾ ਪੁਲਸ ਦੇ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਲਈ ਰਵਾਨਾ ਸੀ ਤਾਂ ਦੌਰਾਨੇ ਗਸ਼ਤ ਰਾਜਨ ਉਰਫ ਬੱਚੀ ਪੁੱਤਰ ਬਿੱਟੂ ਵਾਸੀ ਜੱਲਾ ਚੌਕੀ ਮਖੂ ਤੇ ਹੈਪੀ ਪੁੱਤਰ ਸਰਵਨ ਵਾਸੀ ਚਾਹਲ ਨੂੰ 5 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲੇ ਦਰਜ ਕਰ ਲਏ ਗਏ ਹਨ।

# ਜਮਹੂਰੀ ਅਧਿਕਾਰ ਸਭਾ ਦੇ ਸੂਬਾ ਕਮੇਟੀ ਮੈਂਬਰ ਅਮਨਦੀਪ ਕੌਰ ਨੂੰ ਧਮਕੀਆਂ ਖਿਲਾਫ ਦਿੱਤਾ ਮੰਗ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿਛਲੇ ਦਿਨੀਂ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਕਮੇਟੀ ਮੈਂਬਰ ਅਮਨਦੀਪ ਕੌਰ ਵੱਲੋਂ ਪੰਜਾਬ ਯੂਨੀਵਰਸਿਟੀ ਕੇਂਦਰ ਸਰਕਾਰ ਵੱਲੋਂ ਖੋਹੇ ਜਾਣ ਦੀਆਂ ਕੋਸ਼ਿਸ਼ਾਂ ਦੀ ਆਲੋਚਨਾ ਕਰਨ 'ਤੇ ਅਗਿਆਤ ਫੋਨ ਨੰਬਰ ਤੋਂ ਵਾਲੇ ਧਮਕੀ ਦੇਣ ਵਾਲੇ ਵਿਅਕਤੀ ਦੀ ਪਹਿਚਾਣ ਕਰਕੇ ਉਸ ਉਤੇ ਮੁਕੱਦਮਾ ਦਰਜ ਕਰਾਉਣ ਲਈ ਅੱਜ ਜਮਹੂਰੀ ਅਧਿਕਾਰ ਸਭਾ ਸਮੇਤ ਵੱਖ ਵੱਖ ਜਥੇਬੰਦੀਆਂ ਨੇ ਡਿਪਟੀ ਕਮਿਸ਼ਨਰ ਮੋਗਾ ਰਾਹੀਂ ਐੱਸ ਐੱਸ ਪੀ ਚੰਡੀਗੜ੍ਹ ਨੂੰ ਮੰਗ ਪੱਤਰ ਸੌਂਪਿਆ। ਇਸ ਮੌਕੇ ਹਾਜ਼ਰ ਜਥੇਬੰਦੀਆਂ ਨੇ ਮੀਟਿੰਗ ਵੀ ਕੀਤੀ, ਜਿਸ ਵਿੱਚ ਤੈਅ ਕੀਤਾ ਗਿਆ ਕਿ ਮੋਦੀ ਹਕੂਮਤ ਦੀਆਂ ਫਾਸ਼ੀਵਾਦੀ ਨੀਤੀਆਂ, 29 ਕਿਰਤ ਕਾਨੂੰਨਾਂ ਦੀ ਥਾਂ ਲਿਆਂਦੇ ਚਾਰ ਲੇਬਰ ਕੋਡ ਤੇ ਐਡਵੋਕੇਟ ਅਮਨਦੀਪ ਕੌਰ ਨੂੰ ਧਮਕੀਆਂ ਮਿਲਣ ਦੇ ਮਸਲੇ 'ਤੇ 12 ਦਸੰਬਰ ਨੂੰ ਮੋਗੇ ਕਨਵੈਂਸ਼ਨ ਕੀਤੀ ਜਾਵੇਗੀ। ਜਮਹੂਰੀ ਅਧਿਕਾਰ ਸਭਾ ਦੇ ਆਗੂ ਦਰਸ਼ਨ ਸਿੰਘ ਤੂਰ, ਸਰਬਜੀਤ ਸਿੰਘ ਦੌਧਰ ਨੇ ਦੱਸਿਆ ਕਿ ਐਡਵੋਕੇਟ ਅਮਨਦੀਪ ਕੌਰ ਨੂੰ ਅਗਿਆਤ ਨੰਬਰ ਤੋਂ ਡਰਾਇਆ ਧਮਕਾਇਆ ਗਿਆ, ਅਸੱਭਿਅਕ ਭਾਸ਼ਾ ਦੀ ਵਰਤੋਂ ਕੀਤੀ ਗਈ।ਇਥੋਂ ਤੱਕ ਕਿ ਉਸ ਨੂੰ ਦੇਸ਼ ਛੱਡ ਜਾਣ ਦਾ ਫੁਰਮਾਨ ਵੀ ਸੁਣਾ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਧਮਕੀਆਂ ਦੇਣ ਵਾਲਾ ਆਰ ਐੱਸ ਐੱਸ ਦਾ ਹਮਾਇਤੀ ਤੇ ਅਖੌਤੀ ਕਾਰਕੁਨ ਪ੍ਰਤੀਤ ਹੁੰਦਾ ਸੀ।ਉਨ੍ਹਾਂ ਮੰਗ ਕੀਤੀ ਕਿ ਅਮਨਦੀਪ ਕੌਰ ਨੂੰ ਧਮਕੀਆਂ ਦੇਣ ਵਾਲੇ ਵਿਅਕਤੀ ਦੀ ਪਹਿਚਾਣ ਹੋਵੇ, ਉਸ ਉਤੇ ਜ਼ਿੰਮੇਵਾਰ ਨਾਗਰਿਕ ਨੂੰ ਡਰਾਉਣ, ਧਮਕਾਉਣ ਤੇ ਇਕ ਔਰਤ ਨਾਲ ਅਭੱਦਰ ਭਾਸ਼ਾ ਦੀ ਵਰਤੋਂ ਕਰਨ ਦਾ ਮੁਕੱਦਮਾ ਦਰਜ ਕਰਕੇ ਤੁਰੰਤ ਗ੍ਰਿਫਤਾਰ ਕੀਤਾ ਜਾਵੇ।ਇਸ ਮੌਕੇ ਨੌਜਵਾਨ ਭਾਰਤ ਸਭਾ ਤੋਂ ਕਰਮਜੀਤ ਮਾਣੂੰਕੇ, ਪੰਜਾਬ ਸਟੂਡੈਂਟਸ ਯੂਨੀਅਨ ਤੋਂ ਹਰਪਰੀਤ ਸਿੰਘ ਢੁੱਡੀਕੇ, ਭਾਰਤੀ ਕਿਸਾਨ ਯੂਨੀਅਮ ਏਕਤਾ ਉਗਰਾਹਾਂ ਤੋਂ ਬਲੌਰ ਸਿੰਘ ਘੱਲ ਕਲਾਂ, ਮੈਡੀਕਲ ਪਰੈਕਟੀਸ਼ਨਰਜ਼ ਐਸੋਸੀਏਸ਼ਨ ਤੋਂ ਗੁਰਮੇਲ ਮਾਛੀਕੇ, ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਤੋਂ ਲਖਵੀਰ ਸਿੰਘ, ਜਮਹੂਰੀ ਅਦਿਧਾਰ ਸਭਾ ਤੋਂ ਸੁਖਦੇਵ ਸਿੰਘ, ਮੋਹਣ ਸਿੰਘ, ਜਰਨੈਲ ਸਿੰਘ ਹਾਜ਼ਰ ਸਨ।

## ਕਾਤਰਾਂ

### ਪੈਨਸ਼ਨਰਜ਼ ਦਿਵਸ 17 ਨੂੰ ਮਨਾਇਆ ਜਾਵੇਗਾ : ਮੂਲੋਵਾਲ

**ਧੂਰੀ (ਮਨੋਹਰ ਸਿੰਘ ਸੱਗੂ)**-ਗੌਰਮਿੰਟ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੇ ਜਨਰਲ ਸਕੱਤਰ ਜਸਵਿੰਦਰ ਸਿੰਘ ਮੂਲੋਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਪੈਨਸ਼ਨਰਜ਼ ਦਿਵਸ 17 ਦਸੰਬਰ ਨੂੰ ਸਵੇਰੇ10 ਵਜੇ ਸ੍ਰੀ ਸਨਾਤਨ ਧਰਮ ਸਭਾ ਆਸ਼ਰਮ ਧੂਰੀ ਵਿਖੇ ਮਨਾਇਆ ਜਾਵੇਗਾ।ਇਸ ਮੌਕੇ ਆਲ ਇੰਡੀਆ ਐੱਫ਼ ਸੀ ਆਈ ਐਗਜ਼ੀਕਿਉਟਿਵ ਸਟਾਫ਼ ਯੂਨੀਅਨ ਦੇ ਕੌਮੀ ਪ੍ਰਧਾਨ ਸਤਿੰਦਰ ਸਿੰਘ ਚੱਠਾ ਮੁੱਖ ਮਹਿਮਾਨ ਵਜੋਂ ਸਮਾਗਮ 'ਚ ਸ਼ਿਰਕਤ ਕਰਨਗੇ ਤੇ ਸੇਵਾ ਮੁਕਤ ਉਪ ਕਪਤਾਨ (ਜੇਲ੍ਹ) ਸਮਾਗਮ ਦੀ ਪ੍ਰਧਾਨਗੀ ਕਰਨਗੇ।

### ਸ਼ੁਭਨੀਤ ਗਰਗ ਨੇ ਹਿਮਾਚਲ 'ਚ ਪੰਜਾਬ ਤੇ ਸਮਾਣਾ ਦਾ ਨਾਂਅ ਰੋਸ਼ਨ ਕੀਤਾ



**ਸਮਾਣਾ (ਇਕਬਾਲ ਸਿੰਘ ਬੱਲ)**-ਹਿਮਾਚਲ ਟੈਕਨੀਕਲ ਸਿੱਖਿਆ ਬੋਰਡ ਵੱਲੋਂ ਹੋਈ ਆਈ.ਟੀ.ਆਈ. ਦੀ ਪ੍ਰੀਖਿਆ ਵਿੱਚ ਸ਼ੁਬਨੀਤ ਗਰਗ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਪੰਜਾਬ ਤੇ ਸਮਾਣਾ ਸ਼ਹਿਰ ਦਾ ਨਾਮ ਰੋਸ਼ਨ ਕੀਤਾ।ਇਸ ਨਾਲ ਕੰਮ ਕਰਦਾ ਆਈ ਟੀ ਆਈ ਸੁੰਦਰ ਨਗਰ ਵਿੱਚ ਖੁਸ਼ੀ ਦੀ ਲਹਿਰ ਹੈ, ਉਥੇ ਹੀ ਉਨ੍ਹਾਂ ਦੇ ਮਾਤਾ-ਪਿਤਾ ਵੀ ਬਹੁਤ ਖੁਸ਼ ਹਨ। ਇੱਥੇ ਦੱਸ ਦਈਏ ਕਿ ਹਿਮਾਚਲ ਸਰਕਾਰ ਵੱਲੋਂ ਸ਼ੁਭਨੀਤ ਗਰਗ ਨੂੰ 11 ਹਜ਼ਾਰ ਰੁਪਏ ਦਾ ਨਗਦ ਇਨਾਮ ਅਤੇ ਇੱਕ ਸਿਲਵਰ ਕੋਇਨ ਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।ਸਾਈ ਆਈ ਟੀ ਆਈ ਸੁੰਦਰ ਨਗਰ ਦੇ ਡਾਇਰੈਕਟਰ ਸ੍ਰੀ ਸੰਤ ਕੁਮਾਰ ਗਰਗ ਨੇ ਚੈੱਕ ਦੇ ਕੇ ਤੇ ਮੈਡਲ ਪਾ ਕੇ ਸ਼ੁਬਨੀਤ ਗਰਗ ਨੂੰ ਸਨਮਾਨਤ ਕੀਤਾ ਅਤੇ ਕਿਹਾ ਕਿ ਅਜਿਹੇ ਵਿਦਿਆਰਥੀ ਜਿੱਥੇ ਮਾਂ-ਬਾਪ ਦਾ ਨਾਮ ਰੋਸ਼ਨ ਕਰਦੇ ਹਨ, ਉਥੇ ਹੀ ਆਈ ਟੀ ਆਈ ਦਾ ਨਾਮ ਵੀ ਇਨ੍ਹਾਂ ਨੇ ਹਿਮਾਚਲ ਵਿੱਚ ਹੀ ਨਹੀਂ ਪੰਜਾਬ, ਪੰਜਾਬੀਆਂ ਦਾ ਵੀ ਨਾਮ ਰੋਸ਼ਨ ਕੀਤਾ ਹੈ।

### ਬਲਾਤਕਾਰ ਦੇ ਮਾਮਲੇ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ 17 ਸਾਲਾ ਲੜਕੀ ਨਾਲ ਉਸ ਦੀ ਮਰਜ਼ੀ ਤੋਂ ਬਗੈਰ ਸਰੀਰਕ ਸੰਬੰਧ ਬਣਾਉਣ ਦੇ ਕਥਿਤ ਮਾਮਲੇ 'ਚ ਸਰਹਿੰਦ ਪੁਲਸ ਨੇ ਇੱਕ ਵਿਅਕਤੀ ਖ਼ਿਲਾਫ਼ ਮੁੱਕਦਮਾ ਦਰਜ ਕੀਤਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਇੱਕ ਲੜਕੀ ਨੇ ਦੱਸਿਆ ਕਿ ਸਾਹਿਲ ਰਾਜਪੂਤ ਉਸ ਨੂੰ ਵਿਆਹ ਕਰਵਾਉਣ ਦਾ ਝਾਂਸਾ ਦੇ ਕੇ ਗੋਲਡਨ ਸਿਟੀ ਵਿਖੇ ਇੱਕ ਕਮਰੇ 'ਚ ਲੈ ਗਿਆ, ਜਿੱਥੇ ਸਾਹਿਲ ਰਾਜਪੂਤ ਵੱਲੋਂ ਉਸ ਦੀ ਮਰਜ਼ੀ ਤੋਂ ਬਗੈਰ ਉਸ ਨਾਲ ਸਰੀਰਕ ਸੰਬੰਧ ਬਣਾਏ ਗਏ।ਇਸ ਸਬੰਧੀ ਥਾਣਾ ਸਰਹਿੰਦ ਵਿਖੇ ਪੌਸਕੋ ਐਕਟ ਤੇ ਬੀ.ਐੱਨ.ਐੱਸ. ਦੀਆਂ ਵੱਖ ਵੱਖ ਧਾਰਾਵਾਂ ਤਹਿਤ ਦਰਜ ਕੀਤੇ ਗਏ ਮੁਕੱਦਮੇ ਵਿੱਚ ਸਾਹਿਲ ਰਾਜਪੂਤ ਵਾਸੀ ਸਰਹਿੰਦ ਨੂੰ ਨਾਮਜ਼ਦ ਕਰਕੇ ਮਹਿਲਾ ਥਾਣੇਦਾਰ ਰਮਨਦੀਪ ਕੌਰ ਵੱਲੋਂ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

# ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਨ ਲਈ ਚਾਰ ਕਾਲੇ ਲੇਬਰ ਕੋਡ ਲਿਆਂਦੇ : ਆਗੂ

## ਟਰੇਡ ਯੂਨੀਅਨਾਂ 26 ਨੂੰ ਸਾੜਨਗੀਆਂ ਨੋਟੀਫਿਕੇਸ਼ਨ ਦੀਆਂ ਕਾਪੀਆਂ



**ਲੁਧਿਆਣਾ (ਐੱਮ ਐੱਸ ਭਾਟੀਆ)**-ਯੂਨਾਈਟਿਡ ਫਰੰਟ ਆਫ ਟਰੇਡ ਯੂਨੀਅਨਜ਼ ਲੁਧਿਆਣਾ ਦੀ ਇੱਕ ਹੰਗਾਮੀ ਮੀਟਿੰਗ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਕੇਵਲ ਸਿੰਘ ਬਨਵੈਤ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਏਟਕ, ਸੀਟੂ, ਇੰਟਕ ਤੇ ਸੀਟੀਯੂ ਪੰਜਾਬ ਦੇ ਆਗੂ ਸਾਥੀਆਂ ਨੇ ਹਿੱਸਾ ਲਿਆ। ਸਰਕਾਰ ਵੱਲੋਂ 21 ਨਵੰਬਰ ਨੂੰ ਚਾਰ ਕਾਲੇ ਲੇਬਰ ਕੋਡਾਂ ਦੇ ਨੋਟੀਫਿਕੇਸ਼ਨ ਜਾਰੀ ਹੋਣ ਦੇ ਵਿਰੋਧ ਵਜੋਂ ਲੁਧਿਆਣਾ ਵਿਖੇ ਪ੍ਰੋਗਰਾਮ ਉਲੀਕੇ ਗਏ, ਜਿਸ ਵਿੱਚ 26 ਨਵੰਬਰ ਨੂੰ ਦੇਸ਼ ਭਰ ਵਿੱਚ ਹੋ ਰਹੇ ਵਿਰੋਧ ਪ੍ਰਦਰਸ਼ਨ ਦੇ ਹਿੱਸੇ ਵਜੋਂ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਦਫਤਰ ਦੇ ਬਾਹਰ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ।ਸਰਕਾਰ ਤੇ ਉਸ ਦੀ ਹੱਥ ਠੋਕਾ ਯੂਨੀਅਨ ਬੀਐਮਐਸ ਵੱਲੋਂ ਕੀਤੇ ਜਾ ਰਹੇ ਭੰਡੀ ਪ੍ਰਚਾਰ ਖਿਲਾਫ਼ ਮਿਹਨਤਕਸ਼ ਲੋਕਾਂ ਨੂੰ ਅਤੇ ਆਮ ਜਨਤਾ ਨੂੰ ਜਾਗਰੂਕ ਕਰਨ ਲਈ ਪੈਂਫਲਟ ਕੱਢਿਆ ਜਾਵੇਗਾ, ਜੋ ਵੱਡੀ ਵੱਡੇ ਪੱਧਰ ਤੇ ਵੰਡਿਆ ਜਾਵੇਗਾ।ਇਸੇ ਲੜੀ ਦੇ ਹਿੱਸੇ ਵਜੋਂ 7 ਦਸੰਬਰ ਨੂੰ ਕਨਵੈਂਸ਼ਨ ਕੀਤੀ ਜਾਵੇਗੀ।ਯੂਨੀਅਨਾਂ ਦੇ ਆਗੂਆਂ ਨੇ ਬੋਲਦਿਆਂ ਕਿਹਾ ਕਿ ਜਿਸ ਤਰ੍ਹਾਂ ਸਰਕਾਰ ਨੇ ਜੀਐਸਟੀ ਨੂੰ ਲਾਗੂ ਕਰਨ ਵੇਲੇ ਪਹਿਲਾਂ ਬਹੁਤ ਵੱਡੀ ਉਪਲਬਧੀ ਦੇ ਤੌਰ ਤੇ ਪੇਸ਼ ਕੀਤਾ ਅਤੇ ਫਿਰ ਇਸ ਨੂੰ ਘਟਾਉਣ ਲਈ ਕੀਤੀਆਂ ਗਈਆਂ ਘੋਸ਼ਣਾਵਾਂ ਨੂੰ ਵੀ ਆਪਣੇ ਜਿੱਤ ਦੇ ਤੌਰ 'ਤੇ ਪੇਸ਼ ਕੀਤਾ ਅਤੇ ਇਸੇ ਤਰ੍ਹਾਂ ਤਿੰਨ ਕਾਲੇ ਖੇਤੀ ਕਾਨੂੰਨਾਂ ਵੇਲੇ ਪਹਿਲਾਂ ਲਾਗੂ ਕਰਨ ਵੇਲੇ ਫਾਇਦੇ ਗਿਣਾਏ ਗਏ, ਪਰ ਲੋਕਾਂ ਦੇ ਵਿਰੋਧ ਕਾਰਨ ਉਹ ਵਾਪਸ ਲੈਣੇ ਪਏ, ਠੀਕ ਉਸੇ ਤਰ੍ਹਾਂ ਹੁਣ ਇਹ ਚਾਰ ਕਾਲੇ ਲੇਬਰ ਕੋਡ ਵੀ ਸਰਕਾਰ ਨੂੰ ਵਾਪਸ ਲੈਣੇ ਪੈਣਗੇ।ਮੀਟਿੰਗ ਵਿੱਚ ਜਿਨਾਂ ਆਗੂਆਂ ਨੇ ਵਿਚਾਰ ਪ੍ਰਗਟ ਕੀਤੇ, ਉਨ੍ਹਾਂ ਵਿੱਚ ਐੱਮ ਐੱਸ ਭਾਟੀਆ, ਗੁਰਜੀਤ ਸਿੰਘ ਜਗਪਾਲ, ਜੋਗਿੰਦਰ ਰਾਮ, ਜਗਦੀਸ਼ ਚੰਦ, ਕੇਵਲ ਸਿੰਘ ਬਣਵੈਤ, ਪਰਮਜੀਤ ਸਿੰਘ, ਸਰਬਜੀਤ ਸਿੰਘ ਸਰਹਾਲੀ, ਟਾਈਗਰ ਸਿੰਘ ਤੇ ਬਲਰਾਮ ਸਿੰਘ ਸ਼ਾਮਲ ਹਨ।

# ਪਾਲ ਗੁਰਦਾਸਪੁਰੀ ਚੌਥੇ ਗੁਰਚਰਨ ਸਿੰਘ ਤਖ਼ਤਰ ਯਾਦਗਰੀ ਗ਼ਜ਼ਲ ਐਵਾਰਡ ਨਾਲ ਸਨਮਾਨਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਗੁਰਚਰਨ ਸਿੰਘ ਤਖ਼ਤਰ ਯਾਦਗਾਰੀ ਸਾਹਿਤਕ ਮੰਚ ਮੋਗਾ ਵੱਲੋਂ ਉੱਘੇ ਗ਼ਜ਼ਲਗੋ ਗੁਰਚਰਨ ਸਿੰਘ ਤਖ਼ਤਰ ਜੀ ਦੀ ਯਾਦ ਵਿੱਚ ਸਾਹਿਤਕ ਸਮਾਗਮ ਕਰਵਾਇਆ ਗਿਆ।ਇਸ ਮੌਕੇ ਗ਼ਜ਼ਲ ਦੇ ਬਾਬਾ ਬੋਹੜ ਦੀਪਕ ਜੈਤੋਈ ਗ਼ਜ਼ਲ ਸਕੂਲ ਦੇ ਜਾਂ ਨਸ਼ੀਨ ਪਾਲ ਗੁਰਦਾਸਪੁਰੀ ਜੀ ਨੂੰ ਚੌਥੇ ਗੁਰਚਰਨ ਸਿੰਘ ਤਖ਼ਤਰ ਯਾਦਗਰੀ ਗ਼ਜ਼ਲ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

ਇਹ ਐਵਾਰਡ ਗੁਰਚਰਨ ਸਿੰਘ ਤਖ਼ਤਰ ਦੀ ਬੇਟੀ ਏਕਤਾ ਸਿੰਘ ਭੁਪਾਲ ਤੇ ਗੁਰਪ੍ਰੀਤ ਸਿੰਘ ਭੁਪਾਲ ਵੱਲੋਂ ਭੇਟ ਕੀਤਾ ਗਿਆ, ਜਿਸ ਵਿੱਚ ਨਗਦ ਰਾਸ਼ੀ, ਲੋਈ ਤੇ ਸਨਮਾਨ ਪੱਤਰ ਭੇਟ ਕੀਤੇ ਗਏ।ਇਸ ਮੌਕੇ ਕਵੀ ਦਰਬਾਰ ਵੀ ਕਰਵਾਇਆ ਗਿਆ, ਜਿਸ ਵਿੱਚ ਗਜ਼ਲ ਸਮਰਾਟ ਬਲਬੀਰ ਸਿੰਘ ਸੈਣੀ, ਨਿਕਾਸ਼ ਚਿੱਤੇਵਾਣੀ, ਸੁਰਜੀਤ ਸਾਜਨ, ਰਵੀਕਾਂਤ ਸ਼ੁਕਲਾ ਹਰਵਿੰਦਰ ਰੋਡੇ, ਰਣਧੀਰ ਸਿੰਘ ਮਾਹਲਾ, ਰਜਨੀ ਵਾਲੀਆ ਕਪੂਰਥਲਾ, ਮੁਖਤਾਰ ਚੰਦੀ, ਮਨਜੀਤ ਮੀਸ਼ਾ, ਸੁਖਦੇਵ ਸਿੰਘ ਭੱਟੀ, ਪ੍ਰਸ਼ੋਤਮ ਪੱਤੋ, ਲਾਲੀ ਕਰਤਾਰਪੁਰੀ, ਮੰਗਲ ਮੀਤ ਪੱਤੋ, ਸੋਨੀ ਮੋਗਾ, ਸਾਗਰ ਸਫਰੀ, ਕੈਪਟਨ ਜਸਵੀਰ ਸਿੰਘ ਚੰਦੀ, ਸਤਪਾਲ ਕੌਰ ਤੇ ਭੁਪਾਲ ਪਰਿਵਾਰ ਵਿੱਚੋਂ ਜੀਤ ਸਿੰਘ ਭੁਪਾਲ, ਸ੍ਰੀਮਤੀ ਮਨਜੀਤ ਕੌਰ ਭੁਪਾਲ ਸਰਦਾਰ ਕੁਲਵੰਤ ਸਿੰਘ ਕੈਨੇਡਾ, ਸ਼੍ਰੀਮਤੀ ਰੁਪਿੰਦਰ ਕੌਰ ਤਖ਼ਤਰ, ਸ਼੍ਰੀਮਤੀ ਗੁਰਮੀਤ ਕੌਰ, ਸ਼੍ਰੀਮਤੀ ਸੁਖਮੰਦਰ ਕੌਰ, ਸ਼੍ਰੀਮਤੀ ਸੁਖਜੀਤ ਕੌਰ, ਸ਼੍ਰੀਮਤੀ ਕਮਲਜੀਤ ਕੌਰ ਆਦਿ ਹਾਜ਼ਰ ਸਨ।

# ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਤ ਸਪੈਸ਼ਲ ਅਸੈਂਬਲੀ

**ਚੀਮਾ (ਰਵਿੰਦਰ ਚੀਮਾ)**



ਆਕਸਫੋਰਡ ਪਬਲਿਕ ਸਕੂਲ ਚੀਮਾ ਵਿਖੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਤ ਸਪੈਸ਼ਲ ਅਸੈਂਬਲੀ ਕਰਾਈ ਗਈ।ਅਸੈਂਬਲੀ ਦੀ ਸ਼ੁਰੂਆਤ ਵਿੱਚ ਬੱਚਿਆਂ ਵੱਲੋਂ ਸ਼ਰਧਾ ਪੂਰਵਕ ਕਵੀਸ਼ਰੀ ਕੀਤੀ। ਇਸ ਉਪਰੰਤ ਨੌਵੀਂ ਪਾਤਸ਼ਾਹੀ ਸਬੰਧੀ ਕੋਰੀਓਗ੍ਰਾਫ਼ੀ ਪੇਸ਼ ਕੀਤੀ ਗਈ।ਵਿਦਿਆਰਥੀਆਂ ਤੇ ਅਧਿਆਪਕ ਸਾਹਿਬਾਨਾਂ ਵੱਲੋਂ ਗੁਰੂ ਜੀ ਦੀ ਸ਼ਹਾਦਤ ਨੂੰ ਪ੍ਰਣਾਮ ਕੀਤਾ ਗਿਆ।ਭਾਸ਼ਣ ਦੇ ਜ਼ਰੀਏ ਵਿਦਿਆਰਥੀਆਂ ਨੂੰ ਗੁਰੂ ਜੀ ਦੀ ਜੀਵਨੀ ਅਤੇ ਸ਼ਹਾਦਤ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ।ਸਮੂਹ ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਗੁਰੂ ਜੀ ਦੀ ਲਾਸਾਨੀ ਸ਼ਹਾਦਤ ਨੂੰ ਹੱਥ ਜੋੜ ਕੇ ਕੋਟ ਕੋਟ ਪ੍ਰਣਾਮ ਕਰਦੇ ਹੋਏ ਸਾਰਾ ਅਸੈਂਬਲੀ ਹਾਲ ਗੁਰੂ ਜੀ ਦੀ ਨੂੰ ਸਮਰਪਤ ਇਕਾਗਰਤਾ, ਭਗਤੀ ਤੇ ਸਕਾਰਤਮਕਤਾ ਨਾਲ ਭਰਪੂਰ ਹੋ ਗਿਆ।ਇਸ ਦੌਰਾਨ ਸਕੂਲ ਦੇ ਲੜਕਿਆਂ ਨੇ ਦਸਤਾਰ ਸਜਾ ਕੇ ਗੁਰੂ ਜੀ ਨੂੰ ਨਮਨ ਕੀਤਾ।ਹਰ ਈਵੈਂਟ 'ਚ ਬੱਚਿਆਂ ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ।

ਸਕੂਲ ਦੇ ਪ੍ਰਿੰਸੀਪਲ ਸ੍ਰੀ ਸੰਦੀਪ ਕੁਮਾਰ ਨੇ ਨੌਂਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਸਾਨੂੰ ਗੁਰੂ ਜੀ ਦੁਆਰਾ ਦਿੱਤੀਆ ਸਿੱਖਿਆਵਾਂ ਜਿਵੇਂ ਨਿਰਸਵਾਰਥ ਸੇਵਾ, ਮਨੁੱਖਤਾ ਪ੍ਰਤੀ ਪਿਆਰ ਦੀ ਭਾਵਨਾ ਨੂੰ ਆਪਣੇ ਜੀਵਨ ਵਿੱਚ ਦ੍ਰਿੜ ਇਰਾਦੇ ਨਾਲ ਅਪਣਾਉਣ ਦਾ ਸੰਕਲਪ ਕਰਨਾ ਚਾਹੀਦਾ ਹੈ।ਉਨ੍ਹਾਂ ਬੱਚਿਆਂ ਨੂੰ ਸਿੱਖ ਧਰਮ ਦੀ ਮਹਾਨਤਾ ਬਾਰੇ ਜਾਣੂ ਕਰਾਉਂਦੇ ਹੋਏ ਕਿਹਾ ਕਿ ਗੁਰੂ ਜੀ ਕਿਵੇਂ ਧਰਮ ਦੀ ਰੱਖਿਆ ਖਾਤਰ ਆਪਣੀ ਜਾਨ ਕੁਰਬਾਨ ਕੀਤੀ।ਗੁਰੂ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਤਿਕਾਰ ਦਿੰਦੇ ਹੋਏ ਉਨ੍ਹਾਂ ਨੇ ਬੱਚਿਆਂ ਨੂੰ ਹੱਕ ਸੱਚ ਨਾਲ ਜੁੜਨ ਦੀ ਵੀ ਨਸੀਹਤ ਦਿੱਤੀ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਨਾਲ ਹੀ ਵਿਦਿਆਰਥੀਆਂ ਨੂੰ ਸਾਡੇ ਮਹਾਨ ਇਤਿਹਾਸ ਨਾਲ ਤੇ ਮਹਾਨ ਸਖਸ਼ੀਅਤ, ਉਨ੍ਹਾਂ ਦੀ ਸਿੱਖਿਆਵਾਂ ਤੇ ਕੁਰਬਾਨੀਆਂ ਬਾਰੇ ਜਾਗਰੂਕ ਕੀਤਾ ਜਾ ਸਕਦਾ ਹੈ।ਆਧੁਨਿਕਤਾ ਦੀ ਆੜ੍ਹ ਵਿਚ ਅੱਜ ਕੱਲ੍ਹ ਬੱਚੇ ਆਪਣੇ ਮੂਲ ਉਦੇਸ਼ ਤੋਂ ਭਟਕ ਰਹੇ ਹਨ, ਸੋ ਉਨ੍ਹਾਂ ਨੂੰ ਸਾਡੇ ਗੁਰੂਆਂ ਦੀ ਸਿੱਖਿਆਵਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ।

# ਪੰਜਾਬੀ ਯੂਨੀਵਰਸਿਟੀ ਦਾ ਅੰਤਰ ਖੇਤਰੀ ਯੁਵਕ ਤੇ ਲੋਕ ਮੇਲਾ ਸੰਪੰਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਵੱਖ-ਵੱਖ ਕਲਾਤਮਿਕ ਵੰਨਗੀਆਂ ਨਾਲ਼ ਆਪਣੇ ਸ਼ਾਨਦਾਰ ਰੰਗ ਬਿਖੇਰਦਾ ਪੰਜਾਬੀ ਯੂਨੀਵਰਸਿਟੀ ਦਾ ਚਾਰ ਦਿਨ ਅੰਤਰ ਖੇਤਰੀ ਯੁਵਕ ਤੇ ਲੋਕ ਮੇਲਾ ਅੰਤਲੇ ਦਿਨ ਗਿੱਧੇ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਨਾਲ਼ ਆਪਣੇ ਸਿਖਰ ਵੱਲ ਵਧਿਆ ਤੇ ਸਫ਼ਲਤਾਪੂਰਵਕ ਸੰਪੰਨ ਹੋ ਗਿਆ।

ਅੰਤਮ ਦਿਨ ਹੋਏ ਇਨਾਮ ਵੰਡ ਸਮਾਰੋਹ ਵਿੱਚ ਉਪ-ਕੁਲਪਤੀ ਡਾ. ਜਗਦੀਪ ਸਿੰਘ ਤੇ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਉੱਘੇ ਗਾਇਕ ਅਤੇ ਫ਼ਿਲਮੀ ਅਦਾਕਾਰ ਕਰਮਜੀਤ ਅਨਮੋਲ ਵੱਲੋਂ ਜੇਤੂ ਟੀਮਾਂ ਨੂੰ ਮੈਡਲ ਤੇ ਟਰਾਫ਼ੀਆਂ ਦੇ ਕੇ ਸਨਮਾਨਿਆ।ਕਰਮਜੀਤ ਅਨਮੋਲ ਵੱਲੋਂ ਗਾਏ ਆਪਣੇ ਪ੍ਰਸਿੱਧ ਗਾਣਿਆਂ 'ਯਾਰਾ ਓ ਯਾਰਾ' ਤੇ 'ਮੈਂ ਚਾਦਰ ਕੱਢਦੀ ਨੀਂ' ਨਾਲ਼ ਗੁਰੂ ਤੇਗ ਬਹਾਦਰ ਹਾਲ ਵਿਚਲੇ ਸਰੋਤਿਆਂ ਨੂੰ ਝੂਮਣ ਲਾ ਦਿੱਤਾ।ਉਨ੍ਹਾਂ ਸੰਬੋਧਨ ਵਿੱਚ ਸਰੋਤਿਆਂ ਨੂੰ ਚੰਗੇ ਸੰਗੀਤ ਨਾਲ ਜੁੜਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਦੇ ਹਮਸਫ਼ਰ ਡਾ ਸੁਖਜੀਤ ਕੌਰ ਸਿੱਧੂ ਵੀ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਰਹੇ।

ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਪ੍ਰੋ. ਭੀਮਇੰਦਰ ਸਿੰਘ ਨੇ ਦੱਸਿਆ ਕਿ ਇਸ ਵਾਰ ਮੇਲੇ ਦੀ ਓਵਰਆਲ ਟਰਾਫ਼ੀ ਖਾਲਸਾ ਕਾਲਜ ਪਟਿਆਲਾ ਨੇ ਜਿੱਤੀ।ਗੁਰੂ ਨਾਨਕ ਕਾਲਜ ਬੁਢਲਾਢਾ ਨੇ ਪਹਿਲਾ ਰਨਰਅਪ ਭਾਵ ਦੂਜਾ ਸਥਾਨ ਅਤੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਆਨੰਦਪੁਰ ਸਾਹਿਬ ਨੇ ਦੂਜਾ ਰਨਰ-ਅਪ ਭਾਵ ਤੀਜਾ ਸਥਾਨ ਹਾਸਲ ਕੀਤਾ।ਇਸ ਤੋਂ ਇਲਾਵਾ ਹੋਰ ਨਤੀਜਿਆਂ ਵਿੱਚ ਸੰਗੀਤ ਖੇਤਰ ਦੀ ਓਵਰਆਲ ਟਰਾਫ਼ੀ ਖਾਲਸਾ ਕਾਲਜ ਪਟਿਆਲਾ ਨੇ ਜਿੱਤੀ।ਥੀਏਟਰ ਦੇ ਖੇਤਰ ਦੀ ਓਵਰਆਲ ਟਰਾਫ਼ੀ ਸਰਕਾਰੀ ਕਾਲਜ ਰੋਪੜ ਨੇ ਜਿੱਤੀ।ਨ੍ਰਿਤ ਖੇਤਰ ਦੀ ਓਵਰਆਲ ਟਰਾਫ਼ੀ ਖਾਲਸਾ ਕਾਲਜ ਪਟਿਆਲਾ ਦੇ ਹਿੱਸੇ ਆਈ।ਲੋਕ ਕਲਾਵਾਂ ਦੇ ਖੇਤਰ ਦੀ ਓਵਰਆਲ ਟਰਾਫ਼ੀ ਗੁਰੂ ਨਾਨਕ ਕਾਲਜ ਬੁਢਲਾਢਾ ਨੇ ਜਿੱਤੀ।ਸਾਹਿਤਕ ਕਲਾਵਾਂ ਦੇ ਖੇਤਰ ਦੀ ਓਵਰਆਲ ਟਰਾਫ਼ੀ ਖਾਲਸਾ ਕਾਲਜ ਪਟਿਆਲਾ ਨੇ ਹਾਸਲ ਕੀਤੀ।ਫਾਈਨ ਆਰਟਸ ਦੀ ਓਵਰਆਲ ਟਰਾਫ਼ੀ ਗੁਰੂ ਨਾਨਕ ਕਾਲਜ ਬੁਢਲਾਢਾ ਤੇ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਨੇ ਸਾਂਝੇ ਤੌਰ ਉੱਤੇ ਜਿੱਤੀ।ਭੰਗੜੇ ਵਿੱਚ ਪਹਿਲਾ ਸਥਾਨ ਗੁਰੂ ਨਾਨਕ ਕਾਲਜ ਬੁਢਲਾਢਾ ਤੇ ਦੂਜਾ ਸਥਾਨ ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਨੇ ਪ੍ਰਾਪਤ ਕੀਤਾ।ਗਿੱਧੇ ਵਿੱਚ ਪਹਿਲਾ ਸਥਾਨ ਰਿਪੁਦਮਨ ਕਾਲਜ ਨਾਭਾ ਅਤੇ ਦੂਜਾ ਸਥਾਨ ਪੰਜਾਬੀ ਯੂਨੀਵਰਸਿਟੀ ਕੈਂਪਸ ਪਟਿਆਲਾ ਦੀ ਟੀਮ ਨੇ ਪ੍ਰਾਪਤ ਕੀਤਾ।

ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਆਨੰਦਪੁਰ ਸਾਹਿਬ ਦੇ ਵਿਦਿਆਰਥੀ ਰਾਜਕਰਨ ਨੇ ਭੰਗੜੇ ਵਿੱਚ ਅਤੇ ਡੀ.ਏ.ਵੀ. ਕਾਲਜ ਬਠਿੰਡਾ ਦੀ ਪਰਨੀਤ ਕੌਰ ਬੈਸਟ ਡਾਂਸਰ ਚੁਣੇ ਗਏ।ਇਸ ਵਾਰ 'ਬੈਸਟ ਡਾਂਸਰ' ਦੀ ਟਰਾਫ਼ੀ ਹਾਲ ਵਿੱਚ ਵਿੱਛੜੀ ਯੁਵਕ ਭਲਾਈ ਵਿਭਾਗ ਦੀ ਕਰਮਚਾਰੀ ਮਰਹੂਮ ਸ਼ਮਸ਼ੇਰ ਚਹਿਲ ਅਤੇ ਭੰਗੜੇ ਦੀ 'ਬੈਸਟ ਡਾਂਸਰ' ਟਰਾਫ਼ੀ ਮਰਹੂਮ ਤੇਜਿੰਦਰ ਚਹਿਲ ਨੂੰ ਸਮਰਪਤ ਕੀਤੀ ਗਈ ਹੈ।

# ਮਾਊਂਟ ਲਿਟਰਾ ਜ਼ੀ ਸਕੂਲ 'ਚ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ ਮਨਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਊਂਟ ਲਿਟਰਾ ਜ਼ੀ ਸਕੂਲ ਰਾਮਪੁਰਾ ਵਿਖੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ 'ਤੇ ਸ਼ਰਧਾ ਤੇ ਸਤਿਕਾਰ ਨਾਲ ਇੱਕ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਮੂਲ ਮੰਤਰ ਦੇ ਪਾਠ ਨਾਲ ਹੋਈ, ਜਿਸ ਤੋਂ ਬਾਅਦ ਸ਼ਬਦ ਗਾਇਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਨੂੰ ਯਾਦ ਕੀਤਾ ਅਤੇ ਸਮੂਹਿਕ ਤੌਰ 'ਤੇ ਸ਼ਾਂਤੀ ਤੇ ਸਦਭਾਵਨਾ ਲਈ ਪ੍ਰਾਰਥਨਾ ਕੀਤੀ।ਇਸ ਤੋਂ ਬਾਅਦ ਸਕੂਲ ਦੇ ਵਿਦਿਆਰਥੀਆਂ ਨੇ ਇੱਕ ਸੁਰੀਲਾ ਤੇ ਪ੍ਰੇਰਨਾਦਾਇਕ ਪ੍ਰਾਰਥਨਾ ਗੀਤ ਪੇਸ਼ ਕੀਤਾ, ਜਿਸ ਨੇ ਮਾਹੌਲ ਨੂੰ ਅਧਿਆਤਮਿਕਤਾ ਨਾਲ ਭਰ ਦਿੱਤਾ।ਵਿਦਿਆਰਥੀਆਂ ਨੇ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਤੇ ਮਨੁੱਖਤਾ ਲਈ ਉਨ੍ਹਾਂ ਦੀ ਅਟੁੱਟ ਹਿੰਮਤ ਨੂੰ ਸੁੰਦਰ ਸੁਰਾਂ ਨਾਲ ਸ਼ਰਧਾਂਜਲੀ ਭੇਟ ਕੀਤੀ।ਸਭਾ ਵਿੱਚ ਇੱਕ ਵਿਦਿਆਰਥੀ ਨੇ ਇੱਕ ਪ੍ਰਭਾਵਸ਼ਾਲੀ ਤੇ ਪ੍ਰੇਰਨਾਦਾਇਕ ਭਾਸ਼ਣ ਵੀ ਪੇਸ਼ ਕੀਤਾ, ਜਿਸ ਨੇ ਗੁਰੂ ਤੇਗ ਬਹਾਦਰ ਜੀ ਦੇ ਬੇਮਿਸਾਲ ਬਲੀਦਾਨ, ਨਿੱਡਰਤਾ ਤੇ 'ਸਰਵ ਧਰਮ ਸਮਭਾਵ' ਦੇ ਸੰਦੇਸ਼ ਬਾਰੇ ਵਿਸਥਾਰ ਨਾਲ ਦੱਸਿਆ।ਇਸ ਸ਼ੁਭ ਮੌਕੇ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਸ੍ਰੀਮਤੀ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਸ੍ਰੀਮਤੀ ਗੀਤਾ ਪਿੱਲੇ ਨੇ ਗੁਰੂ ਜੀ ਦੇ ਬਲੀਦਾਨ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਅਤੇ ਨੈਤਿਕਤਾ, ਹਿੰਮਤ ਤੇ ਮਨੁੱਖਤਾ ਦੇ ਮਾਰਗ 'ਤੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

# ਨੀਲੋਂਵਾਲ ਦੇ ਮੁਖਤਿਆਰ ਸਿੰਘ ਦਾ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਦਾਨ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪਿੰਡ ਨੀਲੋਂਵਾਲ ਦੇ (90) ਵਰ੍ਹਿਆਂ ਦੇ ਡੇਰਾ ਸੱਚਾ ਸੌਦਾ ਦੇ ਸ਼ਰਧਾਲੂ ਮੁਖਤਿਆਰ ਸਿੰਘ ਇੰਸਾਂ ਦਾ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਦਾਨ ਕੀਤਾ ਗਿਆ ਹੈ।ਜਾਣਕਾਰੀ ਮੁਤਾਬਕ ਪਿੰਡ ਨੀਲੋਂਵਾਲ ਦੇ ਰਹਿਣ ਵਾਲੇ ਡੇਰਾ ਸ਼ਰਧਾਲੂ ਮੁਖਤਿਆਰ ਸਿੰਘ ਇੰਸਾਂ ਦਾ ਕੱਲ੍ਹ ਦੇਹਾਂਤ ਹੋ ਗਿਆ, ਜਿਨ੍ਹਾਂ ਦੀ ਉਮਰ (90) ਸਾਲ ਦੀ ਸੀ। ਉਨ੍ਹਾਂ ਨੇ ਜਿਉਂਦੇ ਜੀ ਡੇਰਾ ਸੱਚਾ ਸੌਦਾ ਦੀ ਪਾਵਨ ਪ੍ਰੇਰਨਾ ਅਨੁਸਾਰ ਪ੍ਰਣ ਕੀਤਾ ਹੋਇਆ ਸੀ ਕਿ ਮਰਨ ਉਪਰੰਤ ਮੇਰਾ ਸਰੀਰ ਮੈਡੀਕਲ ਖੋਜਾਂ ਲਈ ਦਾਨ ਕਰ ਦਿੱਤਾ ਜਾਵੇ।ਇਸ ਕੀਤੇ ਗਏ ਪ੍ਰਣ ਨੂੰ ਉਨ੍ਹਾਂ ਦੇ ਪਤਨੀ ਲਾਭ ਕੌਰ ਇੰਸਾਂ, ਪੁੱਤਰ ਕਾਕਾ ਸਿੰਘ, ਪੋਤਰੇ ਜੋਗਾ ਸਿੰਘ ਇੰਸਾਂ, ਮੱਖਣ ਸਿੰਘ ਇੰਸਾਂ, ਬਾਬੂ ਸਿੰਘ ਇੰਸਾਂ, ਮੱਖਣ ਸਿੰਘ ਇੰਸਾਂ ਸਮੇਤ ਸਮੂਹ ਪਰਵਾਰ ਵੱਲੋਂ ਪੂਰਾ ਕਰਦਿਆਂ ਉਨ੍ਹਾਂ ਬਾਪੂ ਮੁਖਤਿਆਰ ਸਿੰਘ ਇੰਸਾਂ ਦਾ ਸਰੀਰਦਾਨ ਕਰ ਦਿੱਤਾ ਗਿਆ।ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਮੈਡੀਕਲ ਖੋਜਾਂ ਲਈ ਵਰਲਡ ਕਾਲਜ ਆਫ਼ ਮੈਡੀਕਲ ਸਾਇੰਸਿਜ਼ ਐਂਡ ਰਿਸਰਚ ਐਂਡ ਹਸਪਤਾਲ ਝੱਜਰ (ਹਰਿਆਣਾ) ਲਈ ਰਵਾਨਾ ਕਰ ਦਿੱਤਾ ਗਿਆ।ਇਸ ਤੋਂ ਪਹਿਲਾਂ ਬਾਪੂ ਮੁਖਤਿਆਰ ਸਿੰਘ ਇੰਸਾਂ ਦੇ ਨਿਵਾਸ ਸਥਾਨ ਵਿਖੇ ਬਲਾਕ ਦੇ ਡੇਰਾ ਪ੍ਰੇਮੀ ਇਕੱਠੇ ਹੋਏ ਤੇ ਅਰਦਾਸ ਤੋਂ ਬਾਅਦ ਸਰੀਰਦਾਨੀ ਮੁਖਤਿਆਰ ਸਿੰਘ ਇੰਸਾਂ ਦੀ ਮ੍ਰਿਤਕ ਦੇਹ ਨੂੰ ਫੁੱਲਾਂ ਨਾਲ ਸਜਾਈ ਗੱਡੀ ਵਿੱਚ ਘਰ ਤੋਂ ਥੋੜ੍ਹੀ ਦੂਰ ਤੱਕ ਲਿਜਾਇਆ ਗਿਆ।ਸਰੀਰਦਾਨੀ ਮੁਖਤਿਆਰ ਸਿੰਘ ਇੰਸਾਂ ਦੀ ਮ੍ਰਿਤਕ ਦੇਹ ਨੂੰ ਸਰਪੰਚ ਕਰਮਜੀਤ ਕੌਰ ਦੇ ਪਤੀ ਨੰਬਰਦਾਰ ਭੁਪਿੰਦਰ ਸਿੰਘ ਤੇ ਜ਼ੁੰਮੇਵਾਰਾਂ ਵੱਲੋਂ ਸਾਂਝੇ ਤੌਰ 'ਤੇ ਗੱਡੀ ਨੂੰ ਹਰੀ ਝੰਡੀ ਦੇ ਕੇ ਮੈਡੀਕਲ ਖੋਜਾਂ ਲਈ ਰਵਾਨਾ ਕੀਤਾ ਗਿਆ।ਇਸ ਮੌਕੇ ਰਾਜੇਸ਼ ਬਿੱਟੂ ਇੰਸਾਂ ਜ਼ੁੰਮੇਵਾਰ, ਰਣਜੀਤ ਸਿੰਘ, ਛਹਿਬਰ ਸਿੰਘ ਇੰਸਾਂ, ਬੀਰੂ ਇੰਸਾਂ, ਦਰਸ਼ਨ ਸਿੰਘ ਇੰਸਾਂ, ਸੰਦੀਪ ਕੋਹਲੀ ਇੰਸਾਂ, ਪਿਯੂਸ਼ ਇੰਸਾਂ, ਬਲਵੀਰ ਸਿੰਘ ਇੰਸਾਂ, ਮੰਗਾ ਸਿੰਘ ਇੰਸਾਂ, ਰਾਜਨ ਸਿੰਘ ਇੰਸਾਂ, ਭਾਨਾ ਸਿੰਘ, ਸਾਬਕਾ ਪੰਚ ਸਰਬਜੀਤ ਸਿੰਘ, ਸਮੂਹ ਗ੍ਰਾਮ ਪੰਚਾਇਤ ਪਿੰਡ ਨੀਲੋਂਵਾਲ ਤੇ ਸਮੂਹ ਪਰਵਾਰ ਤੋਂ ਇਲਾਵਾ ਡੇਰੇ ਦੇ ਸੇਵਾਦਾਰ, ਸਾਕ ਸੰਬੰਧੀ, ਰਿਸ਼ਤੇਦਾਰ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਦਿੱਲੀ 'ਚ ਰੈਲੀ ਅੱਜ, ਫ਼ਰੰਟ ਕਰੇਗਾ ਸ਼ਮੂਲੀਅਤ

**ਮਾਨਸਾ (ਆਤਮਾ ਸਿੰਘ ਪਮਾਰ)**-ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਵੱਲੋਂ ਸੂਬਾਈ ਫੈਸਲੇ ਤਹਿਤ ਐੱਨ ਐੱਮ ਓ ਪੀ ਐੱਸ ਵੱਲੋਂ ਅੱਜ ਦਿੱਲੀ 'ਚ ਕੀਤੀ ਜਾਣ ਵਾਲ਼ੀ ਦੇਸ਼ ਪੱਧਰੀ ਰੈਲੀ ਦਾ ਸਮਰਥਨ ਕਰਦਿਆਂ ਰੈਲੀ ਵਿੱਚ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਦੇ ਮਾਲਵਾ ਜ਼ੋਨ ਕਨਵੀਨਰ ਜਸਵੀਰ ਸਿੰਘ ਭੰਮਾਂ ਨੇ ਕਿਹਾ ਕਿ ਭਾਜਪਾ ਦੀ ਮੋਦੀ-ਸ਼ਾਹ ਦੀ ਅਗਵਾਈ ਵਾਲ਼ੀ ਕੇਂਦਰੀ ਹਕੂਮਤ ਪੁਰਾਣੀ ਪੈਨਸ਼ਨ ਵੱਲ ਵੱਧਣ ਵਾਲ਼ੇ ਸੂਬਿਆਂ ਦੀ ਆਰਥਿਕ ਘੇਰਾਬੰਦੀ ਕਰਕੇ ਇਹਨਾਂ ਸੂਬਾ ਸਰਕਾਰਾਂ ਦੀ ਬਾਂਹ-ਮਰੋੜਨ ਵਾਲ਼ੀ ਨੀਤੀ ਅਪਣਾ ਰਹੀ ਹੈ ਅਤੇ ਇਨ੍ਹਾਂ ਨੂੰ ਪੁਰਾਣੀ ਪੈਨਸ਼ਨ ਲਾਗੂ ਕਰਨ ਤੋਂ ਪਿੱਛੇ ਹਟਣ ਲਈ ਮਜਬੂਰ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਇਹ ਕੋਝੀਆਂ ਨੀਤੀਆਂ ਮੁਲਾਜ਼ਮਾਂ ਦੇ ਹੱਕਾਂ ਉੱਤੇ ਸਿੱਧਾ ਡਾਕਾ ਹੈ। ਜਿਨ੍ਹਾਂ ਸੂਬਿਆਂ ਜਿਵੇਂ ਝਾਰਖੰਡ, ਛੱਤੀਸਗੜ੍ਹ, ਰਾਜਸਥਾਨ, ਹਿਮਾਚਲ ਪ੍ਰਦੇਸ਼ ਆਦਿ ਨੇ ਆਪਣੇ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਲਾਗੂ ਕਰਨ ਦਾ ਫੈਸਲਾ ਕੀਤਾ ਹੈ, ਉਸੇ ਸਮੇਂ ਤੋਂ ਕੇਂਦਰੀ ਦੀ ਮੋਦੀ ਸਰਕਾਰ ਖੁੱਲ੍ਹ ਕੇ ਪੁਰਾਣੀ ਪੈਨਸ਼ਨ ਖਿਲਾਫ਼ ਕੂੜ-ਪ੍ਰਚਾਰ ਕਰ ਰਹੀ ਹੈ।ਭਾਜਪਾ ਵੱਲੋਂ ਆਪਣੇ ਮੰਤਰੀਆਂ, ਕਾਰਪੋਰੇਟ ਪੱਖੀ ਅਰਥ ਸ਼ਾਸਤਰੀਆਂ ਤੇ ਨੀਤੀਕਾਰਾਂ ਰਾਹੀਂ ਪੁਰਾਣੀ ਪੈਨਸ਼ਨ ਪ੍ਰਣਾਲੀ ਨੂੰ ਕੌਮੀ ਵਿਕਾਸ ਤੇ ਅਰਥਚਾਰੇ ਲਈ ਘਾਤਕ ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ, ਜਦੋਂਕਿ ਇਸੇ ਸਰਕਾਰ ਨੇ ਦੇਸ਼ ਦੀ ਜ਼ਮੀਨ ਤੇ ਕੀਮਤੀ ਸੰਸਾਧਨਾਂ ਦੀ ਲੁੱਟ-ਖਸੁੱਟ ਕਰਨ ਲਈ ਕਾਰਪੋਰੇਟ ਘਰਾਣਿਆਂ ਨੂੰ ਖੁੱਲ੍ਹੀ ਛੁੱਟੀ ਦੇ ਰੱਖੀ ਹੈ।ਇਸ ਮੌਕੇ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਦੇ ਜ਼ਿਲ੍ਹਾ ਕਨਵੀਨਰ ਮਨਮੋਹਨ ਸਿੰਘ ਨੇ ਕਿਹਾ ਕਿ ਭਾਵੇਂ ਮੁਲਾਜ਼ਮਾਂ ਦੇ ਤਿੱਖੇ ਸੰਘਰਸ਼ ਤੇ ਦੇਸ਼ ਵਿਆਪੀ ਰੋਸ ਦੇ ਫਲਸਰੂਪ ਕੇਂਦਰ ਸਰਕਾਰ ਮੁਲਾਜ਼ਮਾਂ ਲਈ ਯੂਪੀਐੱਸ ਸਕੀਮ ਲੈ ਕੇ ਆਈ ਹੈ, ਪਰ ਉਸ ਨੂੰ ਵੀ ਮੁਲਾਜ਼ਮਾਂ ਦੀ ਵੱਡੀ ਗਿਣਤੀ ਨੇ ਨਕਾਰ ਦਿੱਤਾ ਹੈ। ਇਸ ਦੇਸ਼ ਵਿਆਪੀ ਸੰਘਰਸ਼ ਵਿੱਚ ਸ਼ਮੂਲੀਅਤ ਲਈ ਤੇ ਸੰਘਰਸ਼ੀ ਸਾਂਝ ਨੂੰ ਹੋਰ ਮਜ਼ਬੂਤ ਕਰਨ ਲਈ ਜਿੱਥੇ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਅੱਜ ਦੀ ਦਿੱਲੀ ਵਿਖੇ ਹੋਣ ਵਾਲ਼ੀ ਵਿਸ਼ਾਲ ਰੈਲੀ ਵਿੱਚ ਸ਼ਮੂਲੀਅਤ ਕਰੇਗਾ, ਉੱਥੇ ਹੀ ਭਵਿੱਖ ਵਿੱਚ ਵੀ ਪੈਨਸ਼ਨ ਦੇ ਮੁੱਦੇ 'ਤੇ ਹੋਣ ਵਾਲ਼ੇ ਸਮੁੱਚੇ ਪ੍ਰੋਗਰਾਮਾਂ 'ਚ ਆਪਣੀ ਹਾਜ਼ਰੀ ਲਗਵਾਈ ਜਾਵੇਗੀ।ਇਸ ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਗੁਰਵਿੰਦਰ ਸਿੰਘ, ਸੰਤੋਖ ਸਿੰਘ, ਹਰਪ੍ਰੀਤ ਸਿੰਘ, ਅਮਰਿੰਦਰ ਸਿੰਘ ਆਦਿ ਮੌਜੂਦ ਸਨ।

# ਪੰਜਾਬੀ ਸਾਹਿਤ ਅਕਾਦਮੀ ਵੱਲੋਂ ਸਾਹਿਤਕ ਉੱਤਸਵ ਤੀਜੇ ਦਿਨ ਵੀ ਜਾਰੀ ਰਿਹਾ

**ਲੁਧਿਆਣਾ (ਰੈਕਟਰ ਕਥੂਰੀਆ)**-ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਮਨਾਏ ਜਾ ਰਹੇ ਚਾਰ ਰੋਜ਼ਾ ਪੁਸਤਕ ਮੇਲਾ ਤੇ ਸਾਹਿਤ ਉਤਸਵ ਦੇ ਤੀਜੇ ਦਿਨ ਪੰਜਾਬ ਤੇ ਪੱਤਰਕਾਰੀ ਨੂੰ ਸਮਰਪਿਤ ਰਿਹਾ।ਸਮਾਗਮ ਦੇ ਪਹਿਲੇ ਸੈਸ਼ਨ ਦੀ ਪ੍ਰਧਾਨਗੀ ਪ੍ਰੋ. ਜਗਮੋਹਨ ਸਿੰਘ ਨੇ ਕੀਤੀ।ਮੁੱਖ ਮਹਿਮਾਨ ਵਜੋਂ ਡਾ. ਸ. ਪ. ਸਿੰਘ ਤੇ ਵਿਸ਼ੇਸ਼ ਮਹਿਮਾਨ ਵਜੋਂ ਸਤਨਾਮ ਚਾਨਾ ਸ਼ਾਮਲ ਹੋਏ।ਇਸ ਸੈਸ਼ਨ ਵਿੱਚ ਪੰਜਾਬ ਬਾਰੇ ਗੱਲਾਂ ਕਰਨ ਲਈ ਵਿਸ਼ੇਸ਼ ਤੌਰ 'ਤੇ ਡਾ. ਸਵਰਾਜਬੀਰ, ਆਰਿਸ਼ ਛਾਬੜਾ, ਸ਼ਿਵਇੰਦਰ ਸਿੰਘ, ਰਾਜੀਵ ਖੰਨਾ ਸ਼ਾਮਲ ਹੋਏ।ਸਭ ਤੋਂ ਪਹਿਲਾਂ ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਸਵਾਗਤੀ ਸ਼ਬਦ ਬੋਲਦਿਆਂ ਸਮੁੱਚੇ ਪੁਸਤਕ ਮੇਲੇ ਤੇ ਸਾਹਿਤ ਉਤਸਵ ਦਾ ਵਿਸਥਾਰ ਦੱਸਿਆ ਤੇ ਪ੍ਰਧਾਨਗੀ ਮੰਡਲ ਤੋਂ ਲੈ ਕੇ ਪਹੁੰਚੇ ਸਰਸਵਤੀ ਸਕੂਲ ਦੋਰਾਹਾ ਦੇ ਅਧਿਆਪਕਾਂ ਤੇ ਬੱਚਿਆਂ ਦਾ ਸਵਾਗਤ ਕੀਤਾ।ਸੈਸ਼ਨ ਦੇ ਮੁੱਖ ਮਹਿਮਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਉੱਪ ਕੁਲਪਤੀ ਡਾ. ਸ. ਪ. ਸਿੰਘ ਨੇ ਆਪਣੇ ਤਜਰਬੇ ਤੋਂ ਵਿਸਥਾਰਪੂਰਵਕ ਗੱਲਾਂ ਕੀਤੀਆਂ।ਉਨ੍ਹਾਂ ਨਾਮ ਲੈ ਲੈ ਕੇ ਧਾਰਮਿਕ ਤੇ ਖੱਬੇ ਪੱਖੀ ਆਗੂਆਂ ਦੀ ਭੂਮਿਕਾ ਦਾ ਜ਼ਿਕਰ ਕੀਤਾ ਤੇ ਸੁਚੇਤ ਕੀਤਾ ਕਿ ਸਾਨੂੰ ਜਾਤ-ਜਮਾਤ, ਪਹਿਰਾਵੇ ਤੇ ਧਰਮ ਤੋਂ ਵੱਖਰੇ ਤੌਰ 'ਤੇ ਇਕ ਚਿੰਤਨ ਸਿਰਜਣ ਦੀ ਲੋੜ ਹੈ। ਉਨ੍ਹਾਂ ਪੁਸਤਕ ਮੇਲਾ ਤੇ ਸਾਹਿਤ ਉਤਸਵ ਦਾ ਆਯੋਜਨ ਕਰਨ ਅਤੇ ਇਸ ਵਿਸ਼ੇ 'ਤੇ ਸੰਬਾਦ ਰਚਾਉਣ ਲਈ ਅਕਾਡਮੀ ਨੂੰ ਵਧਾਈ ਦਿੱਤੀ।ਸਮਾਗਮ ਦਾ ਪ੍ਰਧਾਨਗੀ ਭਾਸ਼ਣ ਦਿੰਦਿਆਂ ਪ੍ਰੋ. ਜਗਮੋਹਨ ਸਿੰਘ ਨੇ ਪੰਜਾਬ ਵਿੱਚ ਗ਼ਦਰ ਲਹਿਰ, ਸ਼ਹੀਦ ਭਗਤ ਸਿੰਘ ਦੀ ਹਾਂ-ਪੱਖੀ ਪਰੰਪਰਾ ਦਾ ਜ਼ਿਕਰ ਕਰਦਿਆਂ ਸ੍ਰੀ ਗੁਰੂ ਤੇਗ਼ ਬਹਾਦਰ ਦੀ ਬਾਣੀ ਤੇ ਉਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕਰਮ ਪ੍ਰਤੀਕਰਮ ਦਾ ਜ਼ਿਕਰ ਕਰਦਿਆਂ 'ਬਲ' ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ ਤੇ ਉਨ੍ਹਾਂ ਤੋਂ ਪ੍ਰੇਰਨਾ ਲੈਣ ਬਾਰੇ ਆਖਿਆ।ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਹੋਰਾਂ ਇਸ ਸੰਵਾਦ ਬਾਰੇ ਬੋਲਦਿਆਂ ਕਿਹਾ ਕਿ ਬੌਧਿਕ ਸੰਬਾਦ ਇਸ ਮੇਲੇ ਦਾ ਵਿਸ਼ੇਸ਼ ਸੈਸ਼ਨ ਬਣ ਗਿਆ ਹੈ, ਜਿਸ ਵਿੱਚ ਅਸੀਂ ਆਪਣੀ ਧਰਤੀ ਬਾਰੇ ਫ਼ਿਕਰਮੰਦੀ ਕਰ ਰਹੇ ਹਾਂ।ਅਖ਼ੀਰ 'ਚ ਸੁਰਿੰਦਰ ਕੈਲੇ ਨੇ ਸਭ ਦਾ ਧੰਨਵਾਦ ਕਰਦਿਆਂ 'ਅਣੂ' ਸਮੇਤ ਸਾਹਿਤਕ ਪਰਚਿਆਂ ਬਾਰੇ ਵੀ ਗੱਲਾਂ ਕੀਤੀਆਂ।ਪ੍ਰੋਗਰਾਮ ਦੇ ਕਨਵੀਨਰ ਸਾਰੇ ਸਮਾਗਮ ਨੂੰ ਵਿਧੀਵਤ ਚਲਾਉਣ ਲਈ ਸਿਰਸਾ ਤੋਂ ਡਾ. ਹਰਵਿੰਦਰ ਸਿੰਘ ਸਿਰਸਾ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਬੜੀ ਸੰਜੀਦਗੀ ਨਾਲ ਮੰਚ ਸੰਚਾਲਨ ਕੀਤਾ।ਸਭ ਤੋਂ ਪਹਿਲਾਂ ਡਾ. ਸਵਰਾਜਬੀਰ ਨੇ ਪੰਜਾਬ ਬਾਰੇ ਗੱਲ ਕਰਦਿਆਂ ਇਤਿਹਾਸਕ ਨੁਕਤਾ ਨਿਗਾ ਤੋਂ ਪੰਜਾਬ ਦੇ ਫ਼ਿਰਕੂ ਮਾਹੌਲ ਤੇ ਜਾਤਪਾਤੀ ਪਹੁੰਚ 'ਤੇ ਬੜੇ ਗੰਭੀਰ ਪ੍ਰਸ਼ਨ ਖੜੇ ਕੀਤੇ।

## ਸਵਰਾਜਬੀਰ ਦੀ ਅਗਵਾਈ ਹੇਠ ਹੋਈਆਂ ਪੰਜਾਬ ਬਾਰੇ ਗੱਲਾਂ



ਫ਼ਿਰਕਾਪ੍ਰਸਤੀ ਅੱਜ ਵੀ ਸਾਡੇ ਲਈ ਚੁਣੌਤੀ ਬਣੀ ਹੋਈ ਹੈ।ਸ਼ਿਵਇੰਦਰ ਸਿੰਘ ਨੇ ਇਸ ਗੱਲ ਨੂੰ ਅੱਗੇ ਤੋਰਦਿਆਂ ਪੱਤਰਕਾਰੀ ਦੇ ਅਜੋਕੇ ਪੱਧਰ ਤੇ ਉਸ ਵਿੱਚ ਕਾਰਪੋਰੇਟ ਤੇ ਸੰਸਾਰੀਕਰਨ ਵੱਲੋਂ ਪਾਏ ਜਾ ਰਹੇ ਚਿੱਬ ਬਾਰੇ ਫ਼ਿਕਰਮੰਦੀ ਕਰਦਿਆਂ ਗੱਲਾਂ ਕੀਤੀਆਂ।ਬੀ.ਬੀ.ਸੀ. ਤੋਂ ਆਏ ਪੱਤਰਕਾਰ ਆਰਿਸ਼ ਛਾਬੜਾ ਨੇ ਪੱਤਰਕਾਰੀ ਵਿੱਚ ਸਰਮਾਏ ਤੇ ਕਾਰਪੋਰੇਟ ਵੱਲੋਂ ਬੇਲੋੜੇ ਦਖ਼ਲ ਦੀ ਉਦਾਹਰਨਾਂ ਦੇ ਕੇ ਵਿਆਖਿਆ ਕੀਤੀ। ਬੀ.ਬੀ. ਸੀ. ਤੋਂ ਹੀ ਪਹੁੰਚੇ ਰਾਜੀਵ ਖੰਨਾ ਨੇ ਵੀ ਪ੍ਰਿੰਟ ਮੀਡੀਆ ਤੇ ਸੋਸ਼ਲ ਮੀਡੀਆ ਵਿੱਚ ਸਰਮਾਏ ਦੇ ਦਖ਼ਲ ਤੇ ਕੁਝ ਜ਼ੁਅਰਤਮੰਦ ਪੱਤਰਕਾਰਾਂ ਦੀ ਪੱਤਰਕਾਰੀ ਦਾ ਲਕੀਰ ਖਿੱਚਵਾਂ ਜ਼ਿਕਰ ਕੀਤਾ।ਦੂਜੇ ਸੈਸ਼ਨ ਵਿੱਚ ਡਾ. ਗੁਰਇਕਬਾਲ ਸਿੰਘ ਨੇ ਸ੍ਰੀ ਰਵਿੰਦਰ ਸਹਿਰਾਅ ਨਾਲ ਕਵਿਤਾ ਤੇ ਪਰਵਾਸ ਬਾਰੇ ਗੰਭੀਰ ਸੰਬਾਦ ਰਚਾਇਆ।ਚਲਦੇ ਸੈਸ਼ਨ 'ਚ ਮਨਹੂਸ ਖ਼ਬਰ ਆਈ ਕਿ ਪੰਜਾਬ ਦੀ ਅਦਾ ਉੱਘੀ ਫ਼ਿਲਮੀ ਹਸਤੀ ਸ੍ਰੀ ਧਰਮਿੰਦਰ ਸਦੀਵੀ ਵਿਛੋੜਾ ਦੇ ਗਏ।ਸਮੁੱਚੇ ਇਕੱਠ ਨੇ ਉਨ੍ਹਾਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ।ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਦੱਸਿਆ ਕਿ ਸ੍ਰੀ ਧਰਮਿੰਦਰ ਜੀ ਅਕਾਦਮੀ ਦੇ ਮੁੱਢਲੇ ਸਰਪ੍ਰਸਤਾਂ ਵਿੱਚੋਂ ਸਨ।ਇਸ ਲਈ ਅਕਾਦਮੀ ਨੂੰ ਵਿਸ਼ੇਸ਼ ਸਦਮਾ ਪੁੱਜਿਆ ਹੈ।ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।ਉੱਘੇ ਨਾਟਕਕਾਰ ਸ੍ਰੀ ਪਾਲੀ ਭੁਪਿੰਦਰ ਦਾ ਨਾਟਕ 'ਘਰ ਘਰ' ਰਾਜਿੰਦਰ ਰਾਜਾ ਦੀ ਨਿਰਦੇਸ਼ਨਾਂ ਹੇਠ, ਸੱਤਿਆ ਗਰੁੱਪ ਆਫ਼ ਥੀਏਟਰ ਲੁਧਿਆਣਾ ਵੱਲੋਂ ਖੇਡਿਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਸ. ਅਮਰਜੀਤ ਸਿੰਘ ਟਿੱਕਾ ਨੇ ਨਾਟਕ ਬਾਰੇ ਵਿਸ਼ੇਸ਼ ਟਿੱਪਣੀ ਕਰਦਿਆਂ ਕਲਾਕਾਰਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਅਕਾਦਮੀ ਦੇ ਅਜਿਹੇ ਕਾਰਜਾਂ ਦੀ ਸ਼ਲਾਘਾ ਕੀਤੀ।ਉਪਰੋਕਤ ਪ੍ਰੋਗਰਾਮਾਂ ਤੋਂ ਇਲਾਵਾ ਡਾ. ਪਰਮਜੀਤ ਸਿੰਘ ਸੋਹਲ ਤੇ ਰਵੀ ਰਵਿੰਦਰ ਵੱਲੋਂ ਫ਼ੋਟੋ ਪ੍ਰਦਰਸ਼ਨੀਆਂ ਲਗਾਈਆਂ ਗਈਆਂ।ਪੁਸਤਕ ਮੇਲੇ ਵਿਚ ਲਗਪਗ 40 ਦੇ ਕਰੀਬ ਪੁਸਤਕਾਂ ਦੇ ਸਟਾਲ ਲੱਗੇ ਹੋਏ ਹਨ।ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਸਮੂਹ ਪੁਸਤਕ ਤੇ ਪੰਜਾਬੀ ਪ੍ਰੇਮੀਆਂ ਨੂੰ ਹਾਰਦਿਕ ਖੁੱਲ੍ਹਾ ਸੱਦਾ ਹੈ ਕਿ ਉਹ ਪੰਜਾਬੀ ਭਵਨ ਲੁਧਿਆਣਾ ਪਹੁੰਚ ਕੇ ਆਪਣੀਆਂ ਮਨਪਸੰਦ ਪੁਸਤਕਾਂ ਖ਼ੀਦਣ ਤੋਂ ਇਲਾਵਾ ਸਾਹਿਤਕ ਸਮਾਗਮ ਵਿੱਚ ਵੀ ਸ਼ਾਮਲ ਹੋਣ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਸਿੰਘ ਭੱਠਲ, ਬਲਵਿੰਦਰ ਸਿੰਘ ਗਰੇਵਾਲ, ਡਾ. ਗੁਰਇਕਬਾਲ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਜਗਵਿੰਦਰ ਜੋਧਾ, ਡਾ. ਅਮਰਜੀਤ ਸਿੰਘ, ਇੰਦਰਜੀਤਪਾਲ ਕੌਰ, ਸੁਰਿੰਦਰ ਦੀਪ, ਗੁਰਮੇਜ ਭੱਟੀ, ਡਾ. ਬਲਵਿੰਦਰ ਸਿੰਘ ਗਲੈਕਸੀ, ਬਲਵਿੰਦਰ ਸਿੰਘ ਗੁੱਜਰਵਾਲ, ਹਰੀਸ਼ ਮੋਦਗਿੱਲ, ਸਤੀਸ਼ ਗੁਲਾਟੀ, ਮੀਤ ਅਨਮੋਲ, ਇੰਦਰਜੀਤ ਲੋਟੇ, ਕੁਲਵਿੰਦਰ ਕਿਰਨ, ਜਸਵਿੰਦਰ ਜੱਸੀ, ਕਵਿਤਾ ਵਿਦਰੋਹੀ, ਪੁਨੀਤ ਨਾਗਪਾਲ, ਹਰਦੀਪ ਸਿੰਘ ਮੁਕਤਸਰ ਸ਼ਾਮਲ ਸਨ।

# ਪੈਨਸ਼ਨਰਜ਼ ਏਕਤਾ ਫਰੰਟ ਪੰਜਾਬ ਵੱਲੋਂ ਪੈਨਸ਼ਨਰਜ਼ ਐਸੋਸੀਏਸ਼ਨ ਨੂੰ ਹੜ੍ਹ ਪੀੜਤਾਂ ਵਾਸਤੇ ਇਕ ਲੱਖ ਦੀ ਰਾਸ਼ੀ ਭੇਟ



**ਜਲਾਲਾਬਾਦ (ਜੀਤ ਕੁਮਾਰ)**

ਪੈਨਸ਼ਨਰਜ਼ ਏਕਤਾ ਫਰੰਟ ਪੰਜਾਬ ਦੀ ਸਟੇਟ ਬਾਡੀ ਵੱਲੋਂ ਹੜ੍ਹ ਪੀੜਤ ਲੋਕਾਂ ਦੀ ਮਦਦ ਲਈ ਆਪਣੇ ਪੱਧਰ ਤੇ ਇਕੱਠੀ ਕੀਤੀ ਰਾਸ਼ੀ ਵਿੱਚੋਂ ਇੱਕ ਲੱਖ ਰੁਪਏ ਨਗਦ ਪੈਨਸ਼ਨਰਜ਼ ਐਸੋਸੀਏਸ਼ਨ ਜਲਾਲਾਬਾਦ ਦੇ ਅਹੁਦੇਦਾਰਾਂ ਨੂੰ ਸੌਂਪੀ ਗਈ ਹੈ ਅਤੇ ਇਹ ਰਾਸ਼ੀ ਲੋੜਵੰਦ ਹੜ੍ਹ ਪੀੜਤ ਲੋਕਾਂ ਦੀ ਮਦਦ ਲਈ ਦੇਣ ਦੀ ਅਪੀਲ ਕੀਤੀ ਗਈ ਤਾਂ ਜੋ ਇਨ੍ਹਾਂ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕੀਤੀ ਜਾ ਸਕੇ। ਇਸ ਮੌਕੇ ਫਰੰਟ ਦੇ ਸੂਬਾ ਪ੍ਰਧਾਨ ਭਜਨ ਸਿੰਘ ਗਿੱਲ, ਜਨਰਲ ਸਕੱਤਰ ਸੁਰਿੰਦਰ ਰਾਮ ਕੁੱਸਾ, ਬਿੱਕਰ ਸਿੰਘ ਪ੍ਰਧਾਨ ਪੈਨਸ਼ਨਰਜ਼ ਐਸੋਸੀਏਸ਼ਨ ਨਿਹਾਲ ਸਿੰਘ ਵਾਲਾ, ਸੁਖਮੰਦਰ ਸਿੰਘ ਜ਼ਿਲ੍ਹਾ ਪੈਨਸ਼ਨਰਜ਼ ਐਸੋਸੀਏਸ਼ਨ ਮੋਗਾ ਤੇ ਗੁਰਵੀਰ ਸਿੰਘ ਪਾਇਲਟ ਪੈਨਸ਼ਨਰਜ਼ ਯੂਨੀਅਨ ਵੱਲੋਂ ਸਰਹੱਦੀ ਏਰੀਏ ਦੇ ਹੜ੍ਹ ਪੀੜਤ ਲੋਕਾਂ ਦੀ ਮਦਦ ਕਰਨ ਵਾਸਤੇ ਇੱਕ ਲੱਖ ਰੁਪਏ ਦੀ ਨਗਦ ਰਾਸ਼ੀ ਪੈਨਸ਼ਨਰਜ਼ ਐਸੋਸੀਏਸ਼ਨ ਜਲਾਲਾਬਾਦ ਦੇ ਪ੍ਰਧਾਨ ਬਲਬੀਰ ਸਿੰਘ ਪੁਆਰ, ਸਰਪ੍ਰਸਤ ਦੇਸ ਰਾਜ ਗਾਂਧੀ, ਸੀਨੀਅਰ ਮੀਤ ਪ੍ਰਧਾਨ ਨਿਰਮਲਜੀਤ ਸਿੰਘ ਬਰਾੜ, ਸੀਨੀ. ਮੀਤ ਪ੍ਰਧਾਨ ਗੁਰਦੀਪ ਸਿੰਘ ਛਾਬੜਾ, ਅਸ਼ੋਕ ਕੁਮਾਰ ਗਗਨੇਜਾ, ਸਤੀਸ਼ ਚਰਾਇਆ, ਖਜ਼ਾਨਚੀ ਦਲੀਪ ਸਿੰਘ ਫੌਜੀ ਨੂੰ ਭੇਟ ਕੀਤੀ ਗਈ। ਜਲਾਲਾਬਾਦ ਐਸੋਸੀਏਸ਼ਨ ਦੇ ਅਹੁਦੇਦਾਰਾਂ ਵੱਲੋਂ ਸਟੇਟ ਬਾਡੀ ਅਹੁਦੇਦਾਰਾਂ ਨੂੰ ਯਕੀਨ ਦੁਆਇਆ ਕਿ ਛੇਤੀ ਹੀ ਹੜ੍ਹ ਪ੍ਰਭਾਵਿਤ ਲੋਕਾਂ ਦੀ ਸ਼ਨਾਖਤ ਕਰਕੇ ਇਹ ਰਾਸ਼ੀ ਤੇ ਪੈਨਸ਼ਨਰਜ਼ ਐਸੋਸੀਏਸ਼ਨ ਜਲਾਲਾਬਾਦ ਵੱਲੋਂ ਇਕੱਠੀ ਕੀਤੀ ਗਈ ਇਹ ਰਕਮ ਲੋੜਵੰਦ ਤੱਕ ਪਹੁੰਚਾ ਦਿੱਤੀ ਜਾਵੇਗੀ, ਤਾਂ ਜੋ ਹੜ੍ਹ ਪੀੜਤ ਲੋਕਾਂ ਨੂੰ ਆਰਥਿਕ ਤੌਰ 'ਤੇ ਮਦਦ ਮਿਲ ਸਕੇ।

25 Nov Page 6.qxd 11/24/2025 9:47 PM Page 1



# ਪੁਲਸ ਮੁਕਾਬਲੇ ਦੌਰਾਨ ਗੈਂਗਸਟਰ ਗੁਰਪ੍ਰੀਤ ਸਿੰਘ ਉਰਫ ਗੋਪੀ ਕਟਾਣਾ ਗ੍ਰਿਫਤਾਰ

**ਗੁਰਾਇਆ (ਬਿੰਦਰ ਸੁਮਨ)**- ਹਰਵਿੰਦਰ ਸਿੰਘ ਬਿਰਕ ਸੀਨੀਅਰ ਪੁਲਸ ਕਪਤਾਨ ਜ਼ਿਲ੍ਹਾ ਜਲੰਧਰ ਦਿਹਾਤੀ ਨੇ ਪ੍ਰੈੱਸ ਜਾਣਕਾਰੀ ਦਿੰਦੇ ਦੱਸਿਆ ਕਿ ਖੁਫੀਆ ਸੂਚਨਾ ਮਿਲਣ ਤੇ ਇੰਸਪੈਕਟਰ ਸਿਕੰਦਰ ਸਿੰਘ ਬਿਰਕ ਵੱਲੋਂ ਵੱਖ ਵੱਖ ਟੀਮਾਂ ਦਾ ਗਠਨ ਕੀਤਾ ਗਿਆ ਜਿਸ ਸਬੰਧ 'ਚ ਏ ਐਸ ਆਈ ਸੁਖਵਿੰਦਰ ਪਾਲ ਚੌਕੀ ਇੰਚਾਰਜ ਧੁਲੇਤਾ ਤੇ ਏ ਐਸ ਆਈ ਜੰਗ ਬਹਾਦਰ ਚੌਕੀ ਇੰਚਾਰਜ ਦੁਸਾਂਝ ਕਲਾਂ ਸਮੇਤ ਸਾਥੀ ਕਰਮਚਾਰੀਆਂ ਦੇ ਨਾਕਾਬੰਦੀ ਦੇ ਸੰਬੰਧ ਵਿੱਚ ਬੱਸ ਅੱਡਾ ਧਲੇਤਾ ਮੌਜੂਦ ਸੀ ਕਿ ਉਸ ਦੇ ਪਾਸ ਇੱਕ ਖੁਫੀਆ ਸੂਚਨਾ ਮਿਲੀ ਕਿ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਮੱਖਣ ਸਿੰਘ ਵਾਸੀ ਪਿੰਡ ਕਟਾਣਾ ਥਾਣਾ ਗੁਰਾਇਆ ਇਸ ਵਕਤ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਇਲਾਕੇ ਵਿੱਚ ਆਪਣੀ ਆਲਟੋ ਕਾਰ ਨੰਬਰ ਪੀਬੀ 13 ਬੀ ਜੂ 5896 ਤੇ ਸਵਾਰ ਹੋ ਕੇ ਪਿੰਡ ਕਟਾਣਾ ਤੋਂ ਕਮਾਲਪੁਰ ਸਾਈਡ ਵੱਲ ਘੁੰਮ ਰਿਹਾ ਹੈ ਜੇਕਰ ਹੁਣੇ ਹੀ ਕਮਾਲਪੁਰ ਰੋਡ ਤੇ ਨਾਕਾਬੰਦੀ ਕੀਤੀ ਜਾਵੇ ਤਾਂ ਗੁਰਪ੍ਰੀਤ ਸਿੰਘ ਉਰਫ ਗੋਪੀ ਨਜਾਇਜ਼ ਅਸਲੇ ਸਮੇਤ ਕਾਬੂ ਆ ਸਕਦਾ ਹੈ। ਜਿਸ ਤੇ ਮੁਕਦਮਾ ਅਸਲਾ ਐਕਟ ਥਾਣਾ ਗੁਰਾਇਆ ਦਰਜ ਕਰਕੇ ਥਾਣਾ ਮੁਖੀ ਇੰਸਪੈਕਟਰ ਸਿਕੰਦਰ ਸਿੰਘ ਬਿਰਕ ਸਮੇਤ ਪੁਲਸ ਪਾਰਟੀਆਂ ਦੇ ਕਮਾਲਪੁਰ ਤੋਂ ਜੀ ਟੀ



ਰੋਡ ਗੁਰਾਇਆ ਨੂੰ ਜਾਂਦੀ ਸੜਕ ਤੇ ਤੁਰੰਤ ਨਾਕਾਬੰਦੀ ਕੀਤੀ। ਥੋੜੀ ਦੇਰ ਬਾਅਦ ਕਮਾਲਪੁਰ ਸਾਈਡ ਵੱਲੋਂ ਇੱਕ ਆਲਟੋ ਕਾਰ ਆਉਂਦੀ ਨਜ਼ਰ ਆਈ ਜਿਸ ਨੂੰ ਪੁਲਸ ਪਾਰਟੀ ਨੇ ਰੁਕਣ ਦਾ ਇਸ਼ਾਰਾ ਕੀਤਾ ਪਰ ਕਾਰ ਚਾਲਕ ਨੇ ਕਾਰ ਰੋਕਣ ਦੀ ਕੋਸ਼ਿਸ਼ 'ਚ ਆਪਣੀ ਕਾਰ ਖੇਤਾਂ ਵਿੱਚ ਸੁੱਟ ਬੈਠਾ ਅਤੇ ਬਾਹਰ ਨਿਕਲ ਕੇ ਭੱਜਣ ਲੱਗ ਪਿਆ ਜਿਸ ਨੂੰ ਪੁਲਸ ਪਾਰਟੀ ਨੇ ਰੁਕਣ ਦਾ ਇਸ਼ਾਰਾ ਕੀਤਾ ਪਰ ਉਹ ਰੁਕਿਆ ਨਹੀਂ ਉਲਟਾ ਦੌੜਦੇ ਸਮੇਂ ਪੁਲਿਸ ਪਾਰਟੀ ਤੇ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ। ਜਿਸ ਵੱਲੋਂ ਕੀਤੇ ਦੋ ਫਾਇਰ ਸਰਕਾਰੀ ਗੱਡੀ 'ਚ ਵੱਜੇ। ਪੁਲਸ ਵੱਲੋਂ ਜਵਾਬੀ ਫਾਇਰਿੰਗ ਕਰਨ ਤੇ ਗੁਰਪ੍ਰੀਤ ਸਿੰਘ ਉਰਫ ਗੋਪੀ ਕਟਾਣਾ ਦੀ ਖੱਬੀ ਲੱਤ ਤੇ ਗੋਲੀ ਲੱਗੀ ਜਿਸ ਕਾਰਣ ਉਹ ਜ਼ਮੀਨ ਤੇ ਡਿੱਗ ਪਿਆ। ਜਦੋਂ ਪੁਲਸ ਨੇ ਉਸ ਨੂੰ ਗ੍ਰਿਫਤਾਰ ਕੀਤਾ ਤਾਂ ਉਸ ਦੇ ਕਬਜ਼ੇ ਵਿੱਚੋਂ 32 ਬੋਰ ਰਿਵਾਲਵਰ ਸਮੇਤ ਦੋ ਜ਼ਿੰਦਾ ਕਾਰਤੂਸ ਦੇ ਖੋਲ 32 ਬੋਰ ਕਾਰਤੂਸ ਬਰਾਮਦ ਕੀਤੇ ਗਏ। ਗੈਂਗਸਟਰ ਗੋਪੀ ਖਿਲਾਫ ਵੱਖ ਵੱਖ ਜੁਰਮਾਂ ਤਹਿਤ ਵੱਖ-ਵੱਖ ਜ਼ਿਲ੍ਹਿਆਂ 'ਚ ਪੰਜ ਮੁਕਦਮੇ ਦਰਜ ਹਨ ਜਿਨਾਂ 'ਚ ਦੋ ਮੁਕਦਮਿਆਂ 'ਚ ਇਹ ਭਗੌੜਾ ਚੱਲਿਆ ਆ ਰਿਹਾ ਹੈ। ਇਸ ਮੌਕੇ ਥਾਣਾ ਮੁਖੀ ਸਿਕੰਦਰ ਸਿੰਘ ਵਿਰਕ ਨੇ ਦੱਸਿਆ ਕਿ ਇਸ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਹੋਰ ਵੀ ਵੱਡੇ ਖੁਲਾਸੇ ਹੋਣ ਦੀ ਆਸ ਹੈ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਸਾਨੂੰ ਸਿਖਾਉਂਦੀ ਹੈ ਕਿ ਧਰਮ ਉਹ, ਜੋ ਦੂਜਿਆਂ ਦੀ ਆਜ਼ਾਦੀ ਦੀ ਰੱਖਿਆ ਕਰਦਾ : ਨਿਤਿਨ ਕੋਹਲੀ

**ਜਲੰਧਰ** : ਭਾਰਤੀ ਇਤਿਹਾਸ ਵਿੱਚ ਅਜਿਹੇ ਪਲ ਹਨ, ਜੋ ਸਿਰਫ ਪਿਛਲੀਆਂ ਘਟਨਾਵਾਂ ਨਹੀਂ ਹਨ, ਸਗੋਂ ਮਨੁੱਖੀ ਸੱਭਿਅਤਾ ਦੀ ਆਤਮਾ ਨੂੰ ਪ੍ਰਭਾਸ਼ਿਤ ਕਰਨ ਵਾਲੇ ਮੀਲ ਦੇ ਪੱਥਰ ਹਨ।24 ਨਵੰਬਰ 1675 ਇੱਕ ਅਜਿਹਾ ਦਿਨ ਹੈ, ਜਦੋਂ ਸਿੱਖ ਧਰਮ ਦੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ, ਮਨੁੱਖਤਾ ਅਤੇ ਵਿਅਕਤੀਗਤ ਆਜ਼ਾਦੀ ਦੀ ਰੱਖਿਆ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ ਸੀ।ਅੱਜ, ਜਿਵੇਂ ਕਿ ਅਸੀਂ ਉਨ੍ਹਾਂ ਦਾ ਸ਼ਹੀਦੀ ਦਿਵਸ ਮਨਾ ਰਹੇ ਹਾਂ, ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੰਘਰਸ਼ ਇੱਕ ਸ਼ੁੱਧ ਮਨੁੱਖੀ ਸੰਘਰਸ਼ ਸੀ।17ਵੀਂ ਸਦੀ ਵਿੱਚ, ਮੁਗਲ ਸਮਰਾਟ ਔਰੰਗਜ਼ੇਬ ਵਿਆਪਕ ਤੌਰ 'ਤੇ ਜ਼ਬਰਦਸਤੀ ਧਰਮ ਪ੍ਰੀਵਰਤਨ ਕਰਵਾ ਰਹੇ ਸਨ।ਹਿੰਦੂਆਂ ਅਤੇ ਪੰਡਤਾਂ ਵਿਰੁੱਧ ਖਾਸ ਕਰਕੇ ਕਸ਼ਮੀਰ ਵਿੱਚ ਅੱਤਿਆਚਾਰ ਵਧ ਗਏ ਸਨ।ਆਪਣੀ ਪਛਾਣ ਅਤੇ ਸੱਭਿਆਚਾਰਕ ਪਛਾਣ ਨੂੰ ਬਚਾਉਣ ਲਈ ਉਹ ਦਿੱਲੀ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮਦਦ ਲਈ ਅਪੀਲ ਕੀਤੀ।ਗੁਰੂ ਜੀ ਨੇ ਨਾ ਸਿਰਫ ਉਨ੍ਹਾਂ ਦੇ ਦਰਦ ਨੂੰ ਸਮਝਿਆ, ਸਗੋਂ ਇਹ ਵੀ ਪਛਾਣਿਆ ਕਿ ਇਹ ਲੜਾਈ ਧਾਰਮਿਕ ਪਛਾਣ ਨਾਲੋਂ ਮਨੁੱਖੀ ਮਾਣ ਅਤੇ ਮੌਲਿਕ ਅਧਿਕਾਰਾਂ ਬਾਰੇ ਸੀ।ਗੁਰੂ ਸਾਹਿਬ ਨੇ ਨਾ ਸਿਰਫ ਉਨ੍ਹਾਂ ਦੀ ਗੱਲ ਸੁਣੀ, ਸਗੋਂ ਇਹ ਵੀ ਐਲਾਨ ਕੀਤਾ ਕਿ ਜੇਕਰ ਉਨ੍ਹਾਂ ਦੀ ਕੁਰਬਾਨੀ ਇਸ ਅੱਤਿਆਚਾਰ ਨੂੰ ਰੋਕ ਸਕਦੀ ਹੈ ਤਾਂ ਉਹ ਆਪਣੇ ਆਪ ਨੂੰ ਕੁਰਬਾਨ ਕਰਨ ਲਈ ਤਿਆਰ ਹਨ। ਔਰੰਗਜ਼ੇਬ ਦੇ ਦਬਾਅ ਅਤੇ ਤਸ਼ੱਦਦ ਦੇ ਸਾਹਮਣੇ, ਗੁਰੂ ਤੇਗ ਬਹਾਦਰ ਜੀ ਨਾ ਤਾਂ ਝੁੱਕੇ ਅਤੇ ਨਾ ਹੀ ਸਮਝੌਤਾ ਕੀਤਾ।ਇਹ ਦ੍ਰਿੜਤਾ ਸਿਰਫ ਧਾਰਮਿਕ ਹਿੰਮਤ ਦੀ ਇੱਕ ਉਦਾਹਰਣ ਨਹੀਂ ਸੀ, ਇਹ ਨੈਤਿਕ ਤਾਕਤ ਦਾ ਪ੍ਰਦਰਸ਼ਨ ਸੀ, ਜੋ ਦਰਸਾਉਂਦਾ ਹੈ ਕਿ ਜ਼ਾਲਮ ਦੀ ਕਿਵੇਂ ਸ਼ਕਤੀ ਸਰੀਰ ਨੂੰ ਆਪਣੇ ਅਧੀਨ ਕਰ ਸਕਦੀ ਹੈ, ਪਰ ਇਹ ਕਦੇ ਵੀ ਮਨ ਅਤੇ ਆਤਮਾ ਨੂੰ ਆਪਣੇ ਅਧੀਨ ਨਹੀਂ ਕਰ ਸਕਦੀ।ਚਾਂਦਨੀ ਚੌਕ ਵਿੱਚ ਉਨ੍ਹਾਂ ਦੀ ਕੁਰਬਾਨੀ ਸ਼ਕਤੀ ਅਤੇ ਹੰਕਾਰ 'ਤੇ ਸੱਚ ਅਤੇ ਤਰਕ ਦੀ ਜਿੱਤ ਦਾ ਪ੍ਰਤੀਕ ਬਣ ਗਈ। ਇਸ ਸਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ 350ਵਾਂ ਸ਼ਹੀਦੀ ਦਿਹਾੜਾ





ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਦੇਸ਼ ਅਤੇ ਵਿਦੇਸ਼ਾਂ ਵਿੱਚ ਗੁਰਦੁਆਰਿਆਂ, ਸੰਸਥਾਵਾਂ ਅਤੇ ਸ਼ਹੀਦਚਾਰਿਆਂ ਨੇ ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਆਦਰਸ਼ਾਂ ਨੂੰ ਜਨਤਾ ਤੱਕ ਪਹੁੰਚਾਉਣ ਲਈ ਪ੍ਰੋਗਰਾਮ ਆਯੋਜਿਤ ਕੀਤੇ।ਗੁਰੂ ਸਾਹਿਬ ਨੂੰ ਕੀਰਤਨ, ਕੀਰਤਨ, ਸੈਮੀਨਾਰ, ਇ ਤਿ ਹਾ ਸ ਕ ਪ੍ਰਦਰਸ਼ਨੀਆਂ ਅਤੇ ਮਨੁੱਖੀ ਸੇਵਾ ਦੇ ਕਈ ਕਾਰਜਾਂ ਰਾਹੀਂ ਯਾਦ ਕੀਤਾ ਗਿਆ। ਇਹ ਮੌਕਾ ਇਸ ਗੱਲ ਦਾ ਪ੍ਰਤੀਕ ਹੈ ਕਿ ਉਨ੍ਹਾਂ ਦੇ ਸਿਧਾਂਤ ਕਿਸੇ ਇੱਕ ਯੁੱਗ ਤੱਕ ਸੀਮਤ ਨਹੀਂ ਹਨ, ਸਗੋਂ ਅੱਜ ਵੀ ਬਰਾਬਰ ਪ੍ਰਸੰਗਿਕ ਅਤੇ ਪ੍ਰੇਰਨਾਦਾਇਕ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨਾ ਸਿਰਫ ਸਿੱਖ ਧਰਮ ਦਾ ਮਾਣ ਹੈ, ਸਗੋਂ ਪੂਰੀ ਦੁਨੀਆ ਲਈ ਇੱਕ ਸੰਦੇਸ਼ ਵੀ ਹੈ ਕਿ ਧਰਮ ਦੀ ਆਜ਼ਾਦੀ ਮਨੁੱਖੀ ਅਧਿਕਾਰਾਂ ਦੀ ਨੀਂਹ ਹੈ। ਉਨ੍ਹਾਂ ਦਾ ਜੀਵਨ ਅਤੇ ਸ਼ਹਾਦਤ ਸਾਨੂੰ ਸਿਖਾਉਂਦੀ ਹੈ। ਅੱਜ, ਜਦੋਂ ਦੁਨੀਆ ਕਈ ਧਾਰਮਿਕ ਤਣਾਅ ਅਤੇ ਅਸਹਿਣਸ਼ੀਲਤਾ ਨਾਲ ਜੂਝ ਰਹੀ ਹੈ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਾਨੂੰ ਯਾਦ ਦਿਵਾਉਂਦੀ ਹੈ ਕਿ ਕਿਸੇ ਵੀ ਕੌਮ ਦੀ ਅਸਲ ਤਾਕਤ ਉਸਦੀ ਵਿਭਿੰਨਤਾ ਨੂੰ ਸਵੀਕਾਰ ਕਰਨ ਅਤੇ ਸੁਰੱਖਿਅਤ ਰੱਖਣ ਵਿੱਚ ਹੈ।ਭਾਰਤ ਦਾ ਸੰਵਿਧਾਨ ਵੀ ਇਸ ਸਿਧਾਂਤ 'ਤੇ ਅਧਾਰਤ ਹੈ, ਪਰ ਸਿਰਫ਼ ਕਾਨੂੰਨ ਹੀ ਕਾਫ਼ੀ ਨਹੀਂ ਹੈ ਸਮਾਜਿਕ ਜਾਗਰੂਕਤਾ, ਸਹਿਣਸ਼ੀਲਤਾ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਸੰਵੇਦਨਸ਼ੀਲਤਾ ਵੀ ਓਨਾ ਹੀ ਜ਼ਰੂਰੀ ਹੈ।ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਸਾਨੂੰ ਸਿਖਾਉਂਦੀ ਹੈ ਕਿ ਧਰਮ ਉਹ ਹੈ ਜੋ ਦੂਜਿਆਂ ਦੀ ਆਜ਼ਾਦੀ ਦੀ ਰੱਖਿਆ ਕਰਦਾ ਹੈ।ਉਨ੍ਹਾਂ ਦੀ ਸ਼ਹਾਦਤ ਇਹ ਸੰਦੇਸ਼ ਦਿੰਦੀ ਹੈ ਕਿ ਸੱਚ ਅਤੇ ਨਿਆਂ ਲਈ ਖੜ੍ਹੇ ਹੋਣਾ ਕਿਸੇ ਵੀ ਸੱਭਿਅਕ ਸਮਾਜ ਦੀ ਨੈਤਿਕ ਜ਼ਿੰਮੇਵਾਰੀ ਹੈ। ਅੱਜ, ਜਦੋਂ ਦੁਨੀਆ ਵਿਚਾਰਧਾਰਕ ਧਰੁਵੀਕਰਨ ਅਤੇ ਕੱਟੜਤਾ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ, ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੰਦੇਸ਼ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਪ੍ਰਸੰਗਿਕ ਹੋ ਗਿਆ ਹੈ।ਇਹ ਇਸ ਗੱਲ ਦਾ ਵੀ ਦਿਨ ਹੈ ਕਿ ਮਨੁੱਖਤਾ, ਸ਼ਾਂਤੀ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਹਰ ਯੁੱਗ ਵਿੱਚ ਸਰਵਉੱਚ ਰਹੇਗੀ।

# ਸ਼ਹੀਦੀ ਸ਼ਤਾਬਦੀ ਸਮਾਗਮ ਮਨਾਉਣ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਜਥਾ ਰਵਾਨਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਨੌਵੇਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮਾਂ ਵਿੱਚ ਸ਼ਾਮਿਲ ਹੋਣ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਵੱਡਾ ਜੱਥਾ ਹੁਸ਼ਿਆਰਪੁਰ ਤੋਂ ਦੀਨਾ ਕਾਂਗੜ ਲਈ ਗੁਰਦੀਪ ਸਿੰਘ ਖੁਣ ਖੁਣ ਸੀਨੀਅਰ ਮੀਤ ਪ੍ਰਧਾਨ ਕਿਸਾਨ ਵਿੰਗ, ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ, ਸੰਦੀਪ ਸਿੰਘ ਖਾਲਸਾ ਟਾਂਡਾ ਜਰਨਲ ਸਕੱਤਰ ਯੂਥ ਵਿੰਗ ਦੀ ਅਗਵਾਈ ਹੇਠ ਰਵਾਨਾ ਹੋਇਆ। ਇਸ ਸਮੇਂ ਗੁਰਦੀਪ ਸਿੰਘ ਖੁਣਖੁਣ, ਗੁਰਨਾਮ ਸਿੰਘ ਸਿੰਗੜੀਵਾਲਾ, ਸੰਦੀਪ ਸਿੰਘ ਖਾਲਸਾ ਟਾਂਡਾ ਨੇ ਸਾਂਝੇ ਤੌਰ ਤੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਦੀਨਾ ਕਾਂਗੜ ਵਿਖੇ ਇਤਿਹਾਸਿਕ ਇਕੱਠ ਕੀਤਾ ਜਾ ਰਿਹਾ ਹੈ ਜਿਸ ਵਿੱਚ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨਾਂ ਦੇ ਪਿਆਰੇ ਸਿੱਖਾਂ ਦੀ ਸ਼ਹਾਦਤ ਨੂੰ ਸਹੀ ਸੰਦਰਭ ਵਿੱਚ ਪੇਸ਼ ਕੀਤਾ ਜਾਵੇਗਾ। ਇਸ ਸਮੇਂ ਅਕਬਰ ਸਿੰਘ ਬੁਰੇ ਜੱਟਾਂ, ਰਾਜਵਿੰਦਰ ਕੌਰ ਢੱਡੇ ਫਤਿਹ ਸਿੰਘ ਜਿਲ੍ਹਾ ਪ੍ਰਧਾਨ ਇਸਤਰੀ ਵਿੰਗ, ਸਤਵੰਤ ਸਿੰਘ ਮੁਰਾਦਪੁਰ, ਪਰਮਜੀਤ ਸਿੰਘ ਮੇਗੋਵਾਲ ਦੁਆਬਾ, ਗੁਰਮੁਖ ਸਿੰਘ ਜੀਵਨਪੁਰ ਜੱਟਾਂ, ਮਨਜਿੰਦਰ ਸਿੰਘ ਜੌਹਲ, ਅਵਤਾਰ ਸਿੰਘ ਝੀਗੜਾਂ, ਸੁਖਦੇਵ ਸਿੰਘ ਡੁਮਾਣਾ ਆਦਿ ਹਾਜ਼ਰ ਸਨ।

# 25 ਨੂੰ ਦਿੱਲੀ ਕੂਚ ਦੀਆਂ ਤਿਆਰੀਆਂ ਮੁਕੰਮਲ

## ਪੰਜਾਬ 'ਚੋਂ ਹਜ਼ਾਰਾਂ ਦੀ ਗਿਣਤੀ 'ਚ ਐਨ ਪੀ ਐਸ ਕਰਮਚਾਰੀ ਹੋਣਗੇ ਸ਼ਾਮਲ

**ਜਲੰਧਰ/ਹੁਸ਼ਿਆਰਪੁਰ (ਰਾਜੇਸ਼ ਥਾਪਾ, ਬਲਵੀਰ ਸਿੰਘ ਸੈਣੀ)**- ਨੈਸ਼ਨਲ ਮੂਵਮੈਂਟ ਫਾਰ ਓ ਪੀ ਐਸ ਦੇ ਬੈਨਰ ਹੇਠ ਰਾਮ ਲੀਲ੍ਹਾ ਮੈਦਾਨ ਵਿੱਚ ਹੋਣ ਜਾ ਰਹੀ ਰਾਸ਼ਟਰ ਪੱਧਰੀ ਇਤਿਹਾਸਿਕ ਮਹਾਰੈਲੀ ਵਿੱਚ ਪੰਜਾਬ ਦੇ ਐਨ ਪੀ ਐਸ ਕਰਮਚਾਰੀ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਬੈਨਰ ਹੇਠ ਵੱਡੀ ਗਿਣਤੀ ਵਿੱਚ ਭਾਗ ਲੈਣਗੇ। ਜ਼ਿਲ੍ਹਾ ਕਨਵੀਨਰ ਵੇਦ ਰਾਜ ਜਲੰਧਰ ਅਤੇ ਸਕੱਤਰ ਦਿਲਬਾਗ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ



ਕਿਹਾ ਕਿ ਇਸ ਰੈਲੀ ਵਿੱਚ ਜਿੱਥੇ ਕਰਮਚਾਰੀ ਕੇਂਦਰ ਸਰਕਾਰ ਵੱਲੋਂ ਥੋਪੀ ਗਈ ਯੂ ਪੀ ਐੱਸ ਦਾ ਵਿਰੋਧ ਕਰ ਪੁਰਾਣੀ ਪੈਨਸ਼ਨ ਬਹਾਲੀ ਦੀ ਮੰਗ ਕਰਨਗੇ ਕਿਉਂਕਿ ਕੇਂਦਰ ਸਰਕਾਰ ਯੂ ਪੀ ਐੱਸ ਕਰਮਚਾਰੀ ਦੀ ਹੀ ਕਮਾਈ ਪੈਨਸ਼ਨ ਦੇ ਰੂਪ ਵਿੱਚ ਪਰੋਸਣਾ ਚਾਹੁੰਦੀ ਹੈ ਜਿਸ ਨੂੰ ਕਰਮਚਾਰੀਆਂ ਨੇ ਨਕਾਰਿਆ ਹੈ ਅਤੇ ਦੇਸ਼ ਭਰ ਵਿੱਚ ਤਿੱਖਾ ਵਿਰੋਧ ਕਰ ਰਹੇ ਹਨ। ਸੂਬਾਈ ਆਗੂ ਕੁਲਦੀਪ ਵਾਲੀਆ ਨੇ ਦੱਸਿਆ ਕਿ ਹਿਮਾਚਲ ਅਤੇ ਗੁਜਰਾਤ ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਇੱਕ ਅਧੂਰਾ ਨੋਟੀਫਿਕੇਸ਼ਨ 2022 ਵਿੱਚ ਜਾਰੀ ਕੀਤਾ ਗਿਆ ਸੀ ਜਿਸ ਨੂੰ ਅੱਜ ਤੱਕ ਅਮਲੀ ਜਾਮਾ ਨਹੀਂ ਪਹਿਨਾਇਆ ਗਿਆ । ਸਰਕਾਰ ਦੀ ਇਸ ਵਾਅਦਾ ਖਿਲਾਫੀ ਨੂੰ ਰਾਸ਼ਟਰੀ ਪੱਧਰ ਤੇ ਨਸ਼ਰ ਕਰਨ ਲਈ ਪੰਜਾਬ ਦੇ ਕਰਮਚਾਰੀ ਅਤੇ ਜ਼ਿਲ੍ਹਾ ਜਲੰਧਰ ਦੇ ਸਾਥੀ ਇਸ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ ਜਿਸ ਤਿਆਰੀ ਮੁਕੰਮਲ ਕਰ ਲਈ ਗਈ ਹੈ।ਇਸ ਸਮੇਂ ਹੋਰਨਾਂ ਤੋਂ ਇਲਾਵਾ ਪਰੇਮ ਕਾਲਵਾੜਾ,ਅਮਰਜੀਤ ਭਗਤ, ਸੰਦੀਪ ਰਾਜੋਵਾਲ, ਕਸਤੂਰੀ ਲਾਲ ਰਾਜੋਵਾਲ, ਰਤਨ ਸਿੰਘ, ਬਲਵੀਰ ਗੋਰਾਇਆਂ, ਅਨਿਲ ਸ਼ਰਮਾ ਅਤੇ ਹੋਰ ਸਾਥੀ ਸ਼ਾਮਲ ਸਨ।

# ਚੰਡੀਗੜ੍ਹ ਨੂੰ ਲੈ ਕੇ ਕੋਈ ਸਮਝੌਤਾ ਨਹੀਂ : ਭੁੰਗਰਨੀ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਕੇਂਦਰ ਸਰਕਾਰ ਵਲੋਂ 1 ਦਸੰਬਰ ਨੂੰ ਸ਼ੁਰੂ ਹੋਣ ਜਾ ਰਹੇ ਸੰਸਦ ਦੇ ਸਰਦ ਰੁੱਤ ਇਜਲਾਸ ਦੌਰਾਨ ਚੰਡੀਗੜ੍ਹ ਨੂੰ ਪੂਰਨ ਤੌਰ 'ਤੇ ਯੂ.ਟੀ. ਦਾ ਦਰਜਾ ਦੇਣ ਸਬੰਧੀ 131ਵੇਂ ਸੋਧ ਬਿੱਲ ਦੀ ਚੱਲ ਰਹੀ ਚਰਚਾ ਦਰਮਿਆਨ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਜੁਆਇੰਟ ਸਕੱਤਰ ਅਵਤਾਰ ਸਿੰਘ ਭੁੰਗਰਨੀ ਨੇ ਕਿਹਾ ਕਿ ਚੰਡੀਗੜ੍ਹ ਨੂੰ ਪੰਜਾਬ ਤੋਂ ਵੱਖ ਕਰਨ ਤੋਂ ਪਹਿਲਾਂ ਕੇਂਦਰ ਨੂੰ ਇਤਿਹਾਸ ਦੀਆਂ ਗਲਤੀਆਂ ਤੋਂ ਸਬਕ ਜ਼ਰੂਰ ਲੈਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਚੰਡੀਗੜ੍ਹ ਨੂੰ ਲੈ ਕੇ ਪੰਜਾਬੀ ਕੋਈ ਸਮਝੌਤਾ ਨਹੀਂ ਕਰਨਗੇ। ਜੇਕਰ ਅਜਿਹਾ ਕੋਈ ਬਿੱਲ ਸੰਸਦ ਵਿੱਚ ਪੇਸ਼ ਹੁੰਦਾ ਹੈ ਤਾਂ ਇਸ ਨੂੰ ਪੰਜਾਬ 'ਤੇ ਸਿੱਧਾ ਹਮਲਾ ਅਤੇ ਦੇਸ਼ ਲਈ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੇ ਬਹਾਦਰ ਪੰਜਾਬੀਆਂ ਨਾਲ ਵਿਸ਼ਵਾਸਘਾਤ ਸਮਝਿਆ ਜਾਵੇਗੇ। ਉਹਨਾਂ ਕਿਹਾ ਕਿ ਇਹ ਕੇਂਦਰ ਦੀਆਂ ਪਿਛਲੀਆਂ ਵਚਨਬੱਧਤਾਵਾਂ ਦੀ ਵੀ ਉਲੰਘਣਾ ਹੋਵੇਗੀ, ਜਿਸ ਵਿੱਚ ਪਹਿਲਾਂ ਕੇਂਦਰ ਵੱਲੋਂ 1970 'ਚ ਚੰਡੀਗੜ੍ਹ ਨੂੰ ਦੇਣ ਅਤੇ ਫਿਰ ਰਾਜੀਵ-ਲੌਂਗੋਵਾਲ ਸਮਝੌਤਾ ਸ਼ਾਮਲ ਹੈ, ਜਿਸ ਨੇ ਜਨਵਰੀ 1986 ਨੂੰ ਤਬਾਦਲੇ ਲਈ ਸਮਾਂ ਸੀਮਾ ਨਿਰਧਾਰਤ ਕੀਤੀ ਸੀ। ਚੰਡੀਗੜ੍ਹ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਤਬਦੀਲ ਕਰਨਾ ਪੰਜਾਬ ਦੇ ਹਿੱਤਾਂ ਦੇ ਵਿਰੁੱਧ ਹੈ, ਇਹ ਭਾਰਤ ਸਰਕਾਰ ਦੁਆਰਾ ਚੰਡੀਗੜ੍ਹ ਨੂੰ ਪੰਜਾਬ ਨੂੰ ਸੌਂਪਣ ਬਾਰੇ ਕੀਤੇ ਸਾਰੇ ਵਾਅਦਿਆਂ ਨੂੰ ਤੋੜਨ ਦੇ ਬਰਾਬਰ ਹੈ। ਪੰਜਾਬ ਨੂੰ ਆਪਣੀ ਰਾਜਧਾਨੀ ਤੋਂ ਵਾਂਝਾ ਕਰਕੇ, ਦਿੱਲੀ ਦੀਆਂ ਪਿਛਲੀਆਂ ਕਾਂਗਰਸ ਸਰਕਾਰਾਂ ਨੇ ਵੀ ਪੰਜਾਬ ਨਾਲ ਵਿਤਕਰਾ ਕੀਤਾ ਅਤੇ ਇਸ ਦਾ ਖਾਮਿਆਜ਼ਾ ਵੀ ਭੁਗਤਿਆ। ਭੁੰਗਰਨੀ ਨੇ ਕਿਹਾ ਕਿ ਕੇਂਦਰ ਦਾ ਅਜਿਹਾ ਕਦਮ ਸੰਵਿਧਾਨ ਵਿੱਚ ਦਰਜ ਸੰਘੀ ਢਾਂਚੇ 'ਤੇ ਸਿੱਧਾ ਹਮਲਾ ਹੈ। ਜਿਸਦਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਰ ਪੱਧਰ 'ਤੇ ਸਖ਼ਤ ਵਿਰੋਧ ਕੀਤਾ ਜਾਵੇਗਾ ਅਤੇ ਇਸ ਨੂੰ ਕਿਸੇ ਵੀ ਕੀਮਤ 'ਤੇ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਜੇਕਰ ਅਜਿਹਾ ਕੋਈ ਬਿੱਲ ਸੰਸਦ ਵਿੱਚ ਪੇਸ਼ ਕੀਤਾ ਜਾਂਦਾ ਹੈ ਤਾਂ ਰਾਜਪਾਲ ਦੀ ਬਜਾਏ ਸਿੱਧੇ ਰਾਸ਼ਟਰਪਤੀ ਨੂੰ ਚੰਡੀਗੜ੍ਹ ਲਈ ਨਿਯਮ ਬਣਾਉਣ ਦਾ ਅਧਿਕਾਰ ਮਿਲੇਗਾ ਅਤੇ ਇਸ ਨੂੰ ਸ਼ਹਿਰ ਦੇ ਪ੍ਰਬੰਧਨ ਲਈ ਇੱਕ ਲੈਫਟੀਨੈਂਟ ਗਵਰਨਰ ਦੀ ਨਿਯੁਕਤੀ ਲਈ ਰਾਹ ਪੱਧਰਾ ਕਰਨ ਵਜੋਂ ਦੇਖਿਆ ਜਾ ਰਿਹਾ ਹੈ।

# ਸੀ ਪੀ ਆਈ (ਮਾਲੇ) ਵੱਲੋਂ ਛੱਤੀਸਗੜ੍ਹ ਵਿੱਚ ਕੀਤੇ ਜਾ ਰਹੇ ਕਤਲਾਂ ਵਿਰੁੱਧ ਮੁਜ਼ਾਹਰਾ



**ਬੰਗਾ (ਅਵਤਾਰ ਕਲੇਰ)**- ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ ਲੈਨਿਨਵਾਦੀ) ਨਿਊ ਡੈਮੋਕਰੇਸੀ ਵੱਲੋਂ ਨਵਾਂਸ਼ਹਿਰ ਵਿਖੇ ਮੋਦੀ ਸਰਕਾਰ ਦੁਆਰਾ ਛੱਤੀਸਗੜ੍ਹ ਵਿੱਚ ਆਦਿਵਾਸੀਆਂ ਦੇ ਉਜਾੜੇ , ਕਮਿਊਨਿਸਟ ਇਨਕਲਾਬੀਆਂ ਅਤੇ ਆਦਿਵਾਸੀਆਂ ਦੇ ਕਤਲਾਂ ਦੇ ਵਿਰੋਧ ਵਿੱਚ ਮੁਜ਼ਾਹਰਾ ਕੀਤਾ ਗਿਆ। ਮੁਜਾਹਰੇ ਉਪਰੰਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਪੁਤਲੇ ਫੂਕੇ ਗਏ। ਇਸ ਤੋਂ ਪਹਿਲਾਂ ਸਥਾਨਕ ਬੱਸ ਅੱਡੇ ਉੱਤੇ ਕੀਤੀ ਗਈ ਰੈਲੀ ਨੂੰ ਪਾਰਟੀ ਦੇ ਆਗੂ ਕੁਲਵਿੰਦਰ ਸਿੰਘ ਵੜੈਚ ,ਦਲਜੀਤ ਸਿੰਘ ਐਡਵੋਕੇਟ ਅਤੇ ਲੇਖਕ ਬੂਟਾ ਸਿੰਘ ਨੇ ਸੰਬੋਧਨ ਕਰਦਿਆਂ ਆਖਿਆ ਕਿ ਮੋਦੀ ਸਰਕਾਰ ਆਦਿਵਾਸੀਆਂ ਨੂੰ ਉਜਾੜ ਕੇ ਬਣ ਸੰਮਤੀ ਕਾਰਪੋਰੇਟਰਾਂ ਦੇ ਹਵਾਲੇ ਕਰਨ ਦੇ ਮਕਸਦ ਨਾਲ ਇਹ ਜਬਰ ਢਾਹ ਰਹੀ ਹੈ। ਜਿਸ ਵਿੱਚ ਕਮਿਊਨਿਸਟ ਇਨਕਲਾਬੀਆਂ ਅਤੇ ਆਦਿਵਾਸੀਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਿਆ ਜਾ ਰਿਹਾ ਹੈ। ਮੋਦੀ ਸਰਕਾਰ ਅਡਾਨੀ,ਅੰਬਾਨੀ ਅਤੇ ਅਮਿਤ ਸ਼ਾਹ ਦੇ ਲੜਕੇ ਦੀ ਸੁਰੱਖਿਆ ਨੂੰ ਹੀ ਦੇਸ਼ ਦੀ ਸੁਰੱਖਿਆ ਸਮਝ ਰਹੀ ਹੈ। ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਮਾਓਵਾਦੀਆਂ ਨੂੰ ਮਾਰਨ ਦੇ ਮਾਰ ਕੇ ਖਤਮ ਕਰਨ ਦੇ ਬਹੁਤ ਯਤਨ ਹੋਏ ਪਰ ਨਾ ਤਾਂ ਵਿਚਾਰਧਾਰਾ ਖਤਮ ਨਹੀਂ ਹੋਈ ਅਤੇ ਨਾ ਹੀ ਮਾਓਵਾਦੀ।

# ਯਾਦਗਾਰ ਝਲਕੀਆਂ ਨਾਲ ਪੇਕਫੈਸਟ 2025 ਦਾ ਸ਼ਾਨਦਾਰ ਸਮਾਪਨ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਇੰਜੀਨੀਅਰਿੰਗ ਕਾਲਜ (ਡੀਮਡ ਟੂ ਬੀ ਯੂਨੀਵਰਸਿਟੀ), ਚੰਡੀਗੜ੍ਹ 'ਚ ਮਨਾਇਆ ਗਿਆ ਪੇਕਫੈਸਟ 2025 ਦਾ ਆਖਰੀ ਦਿਨ ਰੰਗ-ਰਲੀਆਂ, ਸੱਭਿਆਚਾਰਕ ਜੋਸ਼ ਅਤੇ



ਰਚਨਾਤਮਕ ਉਰਜ਼ਾ ਨਾਲ ਭਰਪੂਰ ਰਿਹਾ। ਵੱਖ-ਵੱਖ ਪ੍ਰੋਗਰਾਮਾਂ ਨੇ ਦਰਸ਼ਕਾਂ ਨੂੰ ਮੁਗਧ ਕੀਤਾ।ਇਹ ਤਿੰਨ ਦਿਨਾਂ ਦਾ ਮਹਾਂਉਤਸਵ ਡੀਨ ਸਟੂਡੈਂਟਸ ਅਫੇਅਰਜ਼, ਡਾ. ਡੀ. ਆਰ. ਪ੍ਰਜਾਪਤੀ, ਐਸੋਸੀਏਟ ਡੀਨ ਸਟੂਡੈਂਟਸ ਅਫੇਅਰਜ਼ ਡੀਨ ਡਾ. ਪੁਨੀਤ ਚਾਵਲਾ, ਅਤੇ ਪੂਰੇ ਡੀਨ ਸਟੂਡੈਂਟਸ ਅਫੇਅਰਜ਼ ਦਫ਼ਤਰ ਦੀ ਅਗਵਾਈ ਹੇਠ ਆਯੋਜਿਤ ਕੀਤਾ ਜਾ ਰਿਹਾ ਹੈ। ਪਹਿਲੇ ਦੋ ਦਿਨਾਂ ਦਾ ਮਾਹੌਲ ਸ਼ਾਮ ਨੂੰ ਗਲੀਤੇਰੈਟੀ, ਧਮਾਕੇਦਾਰ ਭੰਗੜਾ ਠੇਕ ਅਤੇ ਮਸ਼ਹੂਰ ਯੈਲੋ ਡਾਇਰੀ ਬੈਂਡ ਦੀ ਸ਼ਾਨਦਾਰ ਮਿਊਜ਼ਿਕਲ ਨਾਈਟ ਨੇ ਹੋਰ ਵੀ ਰੰਗੀਲਾ ਬਣਾ ਦਿੱਤਾ ਸੀ, ਜਿਸ ਨਾਲ ਗ੍ਰੈਂਡ ਫਿਨਾਲੇ ਲਈ ਮੰਚ ਤਿਆਰ ਹੋ ਗਿਆ। ਆਖਰੀ ਦਿਨ ਦੇ ਖ਼ਾਸ ਪ੍ਰੋਗਰਾਮਾਂ ਵਿੱਚ ਰੋਬੋਸੋਕਰ, ਟੈਕ ਐਕਸਪੋ, ਡਿਫੈਂਸ ਐਕਸਪੋ, ਕੰਕ੍ਰੀਟ ਕੈਨੋਈ, ਰੋਕਥੋਨ, ਕਥਾ ਸੰਗਰਾਮ, ਲਿਟਰੇਚਰ ਕਵਿਜ਼, ਡਿਜ਼ਾਈਨ ਸ਼ੋਅਡਾਊਨ, ਤਵਿਸਟ ਏ ਸਕ੍ਰਿਪਟ, ਸਕੇਚ, ਮਨਮੋਹਕ ਬਾਜ਼ਾਰ ਦਰਪਣ (ਨੁੱਕੜ ਨਾਟਕ) ਅਤੇ ਸਭ ਦਾ ਮਨਪਸੰਦ ਭੰਗੜਾ ਵਾਰਸ ਸ਼ਾਮਲ ਸਨ।ਤਕਨੀਕੀ ਪ੍ਰੋਗਰਾਮਾਂ 'ਚ ਐਲਐਲਐਮ ਗ੍ਰੇਵਯਾਰਡ ਨੇ ਵੱਡੇ ਭਾਸ਼ਾ ਮਾਡਲਾਂ ਦੀਆਂ ਖੂਬੀਆਂ ਅਤੇ ਵਿਸ਼ੇਸ਼ਤਾਵਾਂ ਨੂੰ ਰੁਚਿਕਰ ਢੰਗ ਨਾਲ ਪਰਗਟ ਕੀਤਾ।ਕੋਡ ਸਟ੍ਰਾਈਕ ਗੋ ਨੇ ਤਿੱਖੀ ਮੁਕਾਬਲੇਬਾਜ਼ੀ ਵਾਲੇ ਕੋਡਿੰਗ ਮੈਦਾਨ ਵਜੋਂ ਪ੍ਰਤਿਭਾਵਾਨ ਵਿਦਿਆਰਥੀਆਂ ਨੂੰ ਇਕੱਠਾ ਕੀਤਾ।ਇਨ੍ਹਾਂ ਮਾਨਯੋਗ ਸਹਿਯੋਗਾਂ ਨਾਲ ਪੇਕਫੈਸਟ 2025-ਏ ਕ੍ਰੀਸੈਂਟ ਮਿਰਾਜ਼ ਪ੍ਰਤਿਭਾ, ਨਵੀਂਨਤਾ ਅਤੇ ਸੱਭਿਆਚਾਰਕ ਉਤਸ਼ਾਹ ਦਾ ਯਾਦਗਾਰ ਤੇ ਜੀਵੰਤ ਜਸ਼ਨ ਬਣ ਗਿਆ।



# ਉੱਗੀ 'ਚ 40 ਪਰਵਾਰ ਅਕਾਲੀ ਦਲ ਛੱਡ ਆਪ 'ਚ ਹੋਏ ਸ਼ਾਮਲ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਹਲਕਾ ਨਕੋਦਰ ਦੇ ਪਿੰਡ ਉੱਗੀ ਵਿੱਚ 40 ਪਰਵਾਰ ਅਕਾਲੀ ਦਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਵਿਧਾਇਕ ਇੰਦਰਜੀਤ ਕੌਰ ਮਾਨ ਨੇ ਆਖਿਆ ਦਿਨੋ ਦਿਨ ਲੋਕ ਅਕਾਲੀ ਦਲ ਅਤੇ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ 'ਤੇ ਮੋਹਰ ਲਗਾ ਰਹੇ ਹਨ। ਜਿਸ ਦੀ ਮਿਸਾਲ ਪਿੰਡ ਉੱਗੀ ਦੇ ਜਰਨੈਲ ਸਿੰਘ, ਕੁਲਦੀਪ ਸਿੰਘ, ਹਰਨੇਕ ਸਿੰਘ, ਜਸਵਿੰਦਰ ਸਿੰਘ, ਸੁਖਵਿੰਦਰ ਸਿੰਘ, ਜਰਨੈਲ ਸਿੰਘ, ਜਸਪਾਲ ਸਿੰਘ ਪਾਲਾ, ਕੁਲਵਿੰਦਰ ਸਿੰਘ, ਗੁਰਦੇਵ ਸਿੰਘ, ਤਰਲੋਚਨ ਸਿੰਘ, ਹਰਜਿੰਦਰ ਸਿੰਘ, ਕਮਲਦੀਪ ਸਿੰਘ, ਸਰਵਣ ਸਿੰਘ, ਜਗਤਾਰ ਸਿੰਘ, ਹਰਪਾਲ ਸਿੰਘ, ਪੂਰਨ ਸਿੰਘ, ਸੁਖਵਿੰਦਰ ਸਿੰਘ, ਹਰਦੀਪ ਸਿੰਘ, ਬਲਵਿੰਦਰ ਸਿੰਘ, ਬਲਕਾਰ ਸਿੰਘ, ਜਸਵੰਤ ਸਿੰਘ, ਜਗਤਾਰ ਸਿੰਘ, ਚਰਨਜੀਤ ਕੌਰ, ਮਨਜੀਤ ਕੌਰ, ਹਰਪ੍ਰੀਤ ਕੌਰ, ਗੁਰਜਿੰਦਰ ਕੌਰ, ਕੁਲਵਿੰਦਰ, ਬਲਵਿੰਦਰ ਕੌਰ, ਚਰਨਜੀਤ ਕੌਰ, ਸੁਰਿੰਦਰ ਕੌਰ, ਇੰਦਰਜੀਤ ਕੌਰ, ਬਲਵਿੰਦਰ ਕੌਰ, ਕੁਲਵਿੰਦਰ ਕੌਰ, ਬਲਦੀਸ਼ ਕੌਰ, ਕੁਲਜੀਤ ਕੌਰ, ਸਿਮਰਨਜੀਤ ਕੌਰ, ਕਰਨਵੀਰ ਸਿੰਘ, ਜੈਸਮੀਨ ਕੌਰ, ਸੁਖਮਨਪ੍ਰੀਤ ਕੌਰ, ਨਵਰਾਜ ਸਿੰਘ, ਪਵਨਦੀਪ ਸਿੰਘ, ਜਸਵੀਰ ਕੌਰ, ਪਰਮਜੀਤ ਕੌਰ, ਹਰਪ੍ਰੀਤ ਕੌਰ, ਸੁਰਿੰਦਰ ਕੌਰ, ਮਨਜੀਤ ਕੌਰ, ਜਸਪਾਲ ਕੌਰ, ਮਨਦੀਪ ਕੌਰ ਨੇ ਪੇਸ਼ ਕੀਤੀ ਹੈ। ਆਮ ਆਦਮੀ ਪਾਰਟੀ ਦੀ ਤਰਫੋਂ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ । ਇਹ ਸ਼ਾਮੂਲੀਅਤ ਸੋਨੂੰ ਉੱਗੀ, ਪ੍ਰਿੰਸ ਉੱਗੀ ਦੇ ਯਤਨਾਂ ਸਦਕਾ ਹੋਈ। ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਬਲਾਕ ਪ੍ਰਧਾਨ ਸੁਰਿੰਦਰ ਉੱਗੀ ਤੋਂ ਇਲਾਵਾ ਹੋਰ ਪਾਰਟੀ ਵਰਕਰ ਹਾਜ਼ਰ ਸਨ।

# ਸ਼ਾਂਤਮਈ ਰੋਸ ਵਿਖਾਵੇ ਲਈ 9 ਥਾਵਾਂ ਨਿਰਧਾਰਤ

**ਜਲੰਧਰ (ਇਕਬਾਲ ਸਿੰਘ ਉਭੀ)**- ਜ਼ਿਲ੍ਹਾ ਪ੍ਰਸ਼ਾਸਨ ਨੇ ਵੱਖ-ਵੱਖ ਸੰਗਠਨਾਂ ਵੱਲੋਂ ਸ਼ਾਂਤਮਈ ਪ੍ਰਦਰਸ਼ਨਾਂ ਲਈ ਜ਼ਿਲ੍ਹੇ ਵਿੱਚ 9 ਥਾਵਾਂ ਨਿਰਧਾਰਤ ਕੀਤੀਆਂ ਹਨ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ-ਕਮ-ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਨਿੰਦਰ ਕੌਰ ਵਲੋਂ ਜਾਰੀ ਹੁਕਮਾਂ ਅਨੁਸਾਰ ਸ਼ਾਂਤਮਈ ਪ੍ਰਦਰਸ਼ਨਾਂ ਲਈ ਨਿਰਧਾਰਤ ਕੀਤੀਆਂ ਥਾਵਾਂ ਵਿੱਚ ਪੁੱਡਾ ਗਰਾਊਂਡ ਤਹਿਸੀਲ ਕੰਪਲੈਕਸ ਦੇ ਸਾਹਮਣੇ, ਦੇਸ਼ ਭਗਤ ਯਾਦਗਾਰ ਹਾਲ, ਬਰਲਟਨ ਪਾਰਕ, ਦੁਸਹਿਰਾ ਗਰਾਊਂਡ ਜਲੰਧਰ ਛਾਉਣੀ, ਇੰਪਰੂਵਮੈਂਟ ਟਰੱਸਟ ਗਰਾਊਂਡ ਕਰਤਾਰਪੁਰ, ਦਾਣਾ ਮੰਡੀ ਭੋਗਪੁਰ, ਕਪੂਰਥਲਾ ਰੋਡ, ਨਕੋਦਰ ਦੇ ਪੱਛਮੀ ਪਾਸੇ, ਦਾਣਾ ਮੰਡੀ ਪਿੰਡ ਸੈਫ਼ਾਵਾਲਾ (ਫਿਲੌਰ) ਅਤੇ ਨਗਰ ਪੰਚਾਇਤ ਕੰਪਲੈਕਸ ਸ਼ਾਹਕੋਟ ਸ਼ਾਮਲ ਹਨ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਪ੍ਰਦਰਸ਼ਨਕਾਰੀਆਂ ਨੂੰ ਪੁਲਸ ਕਮਿਸ਼ਨਰ ਜਾਂ ਉਪ ਮੰਡਲ ਮੈਜਿਸਟ੍ਰੇਟ, ਜੋ ਵੀ ਲਾਗੂ ਹੋਵੇ, ਪਾਸੋਂ ਅਗਾਊਂ ਪ੍ਰਵਾਨਗੀ ਲੈਣੀ ਹੋਵੇਗੀ। ਪ੍ਰਦਰਸ਼ਨ ਦੌਰਾਨ ਕਿਸੇ ਵੀ ਤਰ੍ਹਾਂ ਦਾ ਹਥਿਆਰ ਜਿਵੇਂ ਚਾਕੂ, ਲਾਠੀ ਜਾਂ ਇਸ ਤਰ੍ਹਾਂ ਕੋਈ ਹੋਰ ਹਥਿਆਰ ਲੈ ਕੇ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ। ਆਰਗੇਨਾਈਜ਼ਰ ਨੂੰ ਹਰੇਕ ਢੁੱਕਵੇਂ ਜੰਕਸ਼ਨ 'ਤੇ ਪ੍ਰਦਰਸ਼ਨ ਦੇ ਨਾਲ ਮਾਰਸ਼ਲ ਅਤੇ ਸ਼ਾਂਤੀਪੂਰਨ ਮਾਰਚ ਯਕੀਨੀ ਬਣਾਉਣ ਸਬੰਧੀ ਲਿਖਤੀ ਦੇਣਾ ਹੋਵੇਗਾ। ਰੋਸ ਵਿਖਾਵੇ ਦੌਰਾਨ ਆਪਣੀ ਕਿਸੇ ਵੀ ਤਰ੍ਹਾਂ ਦੀ ਗੈਰ ਕਾਨੂੰਨੀ ਕਾਰਵਾਈ ਕਰਕੇ ਹੋਣ ਵਾਲੇ ਜਾਨੀ ਜਾਂ ਮਾਲੀ ਨੁਕਸਾਨ ਲਈ ਆਗਰੇਨਾਈਜ਼ਰ/ਪ੍ਰਦਰਸ਼ਨਕਾਰੀ ਜ਼ਿੰਮੇਵਾਰ ਹੋਣਗੇ। ਇਹ ਹੁਕਮ ਜਾਰੀ ਹੋਣ ਦੀ ਮਿਤੀ ਤੋਂ ਅਗਲੇ ਦੋ ਮਹੀਨੇ ਤੱਕ ਲਾਗੂ ਰਹਿਣਗੇ।

# ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਵੱਲੋਂ ਦਿੱਲੀ ਵਿਖੇ ਹੋਣ ਵਾਲੀ ਰੈਲੀ ਵਿੱਚ ਸ਼ਮੂਲੀਅਤ ਕਰਨ ਦਾ ਐਲਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ (ਪੀ.ਪੀ.ਪੀ.ਐੱਫ.) ਵੱਲੋਂ ਸੂਬਾਈ ਫੈਸਲੇ ਤਹਿਤ ਐੱਨ ਐੱਮ ਓ ਪੀ ਐੱਸ ਵੱਲੋਂ 25 ਨਵੰਬਰ ਨੂੰ ਦਿੱਲੀ ਦੇ ਰਾਮਲੀਲਾ ਮੈਦਾਨ ਵਿੱਚ ਕੀਤੀ ਜਾਣ ਵਾਲੀ ਦੇਸ਼ ਪੱਧਰੀ ਰੈਲੀ ਦਾ ਸਮਰਥਨ ਕਰਦਿਆਂ ਰੈਲੀ ਵਿੱਚ ਸ਼ਮੂਲੀਅਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਫ਼ਰੰਟ ਦੇ ਸੂਬਾ ਕਨਵੀਨਰ ਅਤਿੰਦਰ ਪਾਲ ਸਿੰਘ, ਦੋਆਬਾ ਜੋਨ ਦੇ ਕਨਵੀਨਰ



ਇੰਦਰ ਸੁਖਦੀਪ ਸਿੰਘ ਓਢਰਾ, ਜ਼ਿਲ੍ਹਾ ਕਨਵੀਨਰ ਮਨਜੀਤ ਸਿੰਘ ਦਸੂਹਾ, ਜਨਰਲ ਸਕੱਤਰ ਬਲਜੀਤ ਸਿੰਘ ਮਹਿਮੋਵਾਲ, ਵਿੱਤ ਸਕੱਤਰ ਨੰਦ ਰਾਮ ਅਤੇ ਡੀ.ਟੀ.ਐੱਫ. ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ ਆਦਿ ਆਗੂਆਂ ਨੇ ਕਿਹਾ ਕਿ ਕੇਂਦਰੀ ਮੋਦੀ ਹਕੂਮਤ ਦੀ ਪੁਰਾਣੀ ਪੈਨਸ਼ਨ ਵੱਲ ਵੱਧਣ ਵਾਲੇ ਸੂਬਿਆਂ ਦੀ ਆਰਥਿਕ ਘੇਰਾਬੰਦੀ ਕਰਕੇ ਸੂਬਾ ਸਰਕਾਰਾਂ ਨੂੰ ਪੁਰਾਣੀ ਪੈਨਸ਼ਨ ਤੋਂ ਪਿੱਛੇ ਹੱਟਣ ਲਈ ਮਜਬੂਰ ਕਰਨ ਦੀ ਬਾਂਹ ਮਰੋੜਨ ਵਾਲੀ ਨੀਤੀ ਮੁਲਾਜ਼ਮਾਂ ਦੇ ਹੱਕਾਂ ਉੱਤੇ ਸਿੱਧਾ ਡਾਕਾ ਹੈ।

# ਗਾਂਧੀ ਵਨੀਤਾ ਆਸ਼ਰਮ 'ਚ ਰਹਿਣ ਵਾਲੀ ਲੜਕੀ ਦੀ ਦਰਦਨਾਕ ਮੌਤ ਦੀ ਜਾਂਚ ਦੇ ਹੁਕਮ

**ਜਲੰਧਰ (ਸੁਰਿੰਦਰ ਕੁਮਾਰ)**- ਲਾਵਿਰਸ ਬੱਚਿਆਂ ਨੂੰ ਆਸਰਾ ਦੇਣ ਵਾਲੇ ਸਰਕਾਰੀ ਤੋਰ ਤੇ ਚੱਲ ਦੇ ਗਾਂਧੀ ਵਨੀਤਾ ਆਸ਼ਰਮ ਵਿੱਚ ਅਚਾਨਕ ਇੱਕ ਲੜਕੀ ਦੀ ਨਹਾਉਣ ਵਾਲੇ ਬਾਥਰੂਮ ਵਿੱਚ ਡਿੱਗਣ ਨਾਲ ਦਰਦਨਾਕ ਮੌਤ ਹੋ ਗਈ। ਇਸ ਨੂੰ ਗੰਭੀਰਤਾ ਨਾਲ ਲੈਂਦਿਆ ਜਲੰਧਰ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸ਼ਨੀਵਾਰ ਨੂੰ ਗਾਂਧੀ ਵਨੀਤਾ ਆਸ਼ਰਮ ਵਿੱਚ ਰਹਿਣ ਵਾਲੀ ਇਕ ਲੜਕੀ ਦੀ ਮੌਤ ਦੀ ਜਾਂਚ ਦੇ ਹੁਕਮ ਦਿੱਤੇ, ਜੋ ਸ਼ੁੱਕਰਵਾਰ ਰਾਤ ਬਾਥਰੂਮ ਵਿੱਚ ਡਿਗੀ ਹੋਈ ਹਾਲਤ ਵਿੱਚ ਮਿਲੀ ਸੀ। ਅਧਿਕਾਰੀਆਂ ਵੱਲੋਂ ਤੁਰੰਤ ਉਸਨੂੰ ਨੇੜਲੇ ਨਰਸਿੰਗ ਹੋਮ ਪਹੁੰਚਾਇਆ ਗਿਆ, ਜਿੱਥੋਂ ਉਸਨੂੰ ਸਿਵਲ ਹਸਪਤਾਲ ਜਲੰਧਰ ਰੈਫਰ ਕਰ ਦਿੱਤਾ ਗਿਆ, ਜਿਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਡਾ. ਅਗਰਵਾਲ ਨੇ ਸਬੰਧਤ ਐਸ ਡੀ ਐਮ ਨੂੰ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਕੇ ਦੋ ਹਫਤਿਆਂ ਦੇ ਅੰਦਰ ਵਿਸਥਾਰਿਤ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਇਸ ਦੌਰਾਨ ਅਧਿਕਾਰੀਆਂ ਵੱਲੋਂ ਲੜਕੀ ਦੇ ਮਾਤਾ-ਪਿਤਾ ਨੂੰ ਘਟਨਾ ਸਬੰਧੀ ਸੂਚਨਾ ਦੇ ਦਿੱਤੀ ਗਈ ਹੈ ਤਾਂ ਜੋ ਅਗਲੇਰੀ ਹੋਰ ਕਾਰਵਾਈ ਸ਼ੁਰੂ ਕੀਤੀ ਜਾ ਸਕੇ। ਪੋਸਟਮਾਰਟਮ ਕਰਨ ਲਈ ਇੱਕ ਮੈਡੀਕਲ ਬੋਰਡ ਦਾ ਗਠਨ ਕੀਤਾ ਗਿਆ ਹੈ, ਜੋ ਇਹ ਯਕੀਨੀ ਬਣਾਏਗਾ ਕਿ ਸਾਰੀਆਂ ਮੈਡੀਕਲ-ਕਾਨੂੰਨੀ ਪ੍ਰਕਿਰਿਆਵਾਂ ਦੀ ਪਾਲਣਾ ਕੀਤੀ ਜਾਵੇ। ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਫੌਰੈਂਸਿਕ ਮਾਹਰਾਂ ਅਤੇ ਪੁਲਿਸ ਟੀਮਾਂ ਵੱਲੋਂ ਵੀ ਆਪਣੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਘਟਨਾ ਦੀ ਪਾਰਦਰਸ਼ੀ ਅਤੇ ਵਿਆਪਕ ਜਾਂਚ ਦਾ ਭਰੋਸਾ ਦਿੱਤਾ ਹੈ।


ਜਨਮ ਦਿਨ ਮੁਬਾਰਕ



ਮਨਕੀਰਤ ਸਿੰਘ ਰੰਧਾਵਾ
ਗੁਰਦਾਸਪੁਰ

ਵਰ੍ਹੇਗੰਢ ਮੁਬਾਰਕ



ਅਮਰੀਕ ਅਲੀ ਅਤੇ ਮੁਮਤਾਜ਼ ਬੇਗਮ ਵਾਸੀ ਪਿੰਡ ਸੂਚ ਨੂੰ ਵਿਆਹ ਦੀ 5ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।



ਸਰਬਜੀਤ ਸਿੰਘ ਅਤੇ ਕੁਲਵਿੰਦਰ ਕੌਰ ਨੂੰ ਵਿਆਹ ਦੀ 21ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।



ਰਾਕੇਸ਼ ਅਤੇ ਵੀਨਾ ਵਾਸੀ ਫਗਵਾੜਾ ਨੂੰ ਵਿਆਹ ਦੀ 39ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।


# ਕਾਮਰੇਡ ਹਰਕਿਸ਼ਨ ਸੁਰਜੀਤ ਦੀ ਬਰਸੀ 7 ਨੂੰ

**ਬਲਾਚੌਰ (ਜਸਵਿੰਦਰ ਬੈਂਸ)**- ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ )ਦੇ ਸਿਰਮੌਰ ਆਗੂ ਮਰਹੂਮ ਕਾਮਰੇਡ ਸੁਰਜੀਤ ਜੀ ਦੀ ਬਰਸੀ ਉੱਪਰ ਤਹਿਸੀਲ ਬਲਾਚੌਰ ਤੋਂ ਵੱਡੀ ਗਿਣਤੀ ਵਿੱਚ ਲੋਕ ਸ਼ਮੂਲੀਅਤ ਕਰਨਗੇ। ਇਹ ਜਾਣਕਾਰੀ ਸੀ ਪੀ ਆਈ (ਐਮ )ਦੇ ਤਹਿਸੀਲ ਸਕੱਤਰ ਸਾਥੀ ਪ੍ਰੇਮ ਰੱਕੜ ਨੇ ਦਿੱਤੀ। ਉਹਨਾਂ ਦੱਸਿਆ ਕਿ 7 ਦਸੰਬਰ ਨੂੰ ਪਿੰਡ ਬੁੰਡਾਲਾ ਵਿਖੇ ਕਾਮਰੇਡ ਸੁਰਜੀਤ ਦੀ 17ਵੀ ਬਰਸੀ ਪੰਜਾਬ ਪੱਧਰ ਤੇ ਬੜੇ ਜੋਸ਼ੋ ਖਰੋਸ਼ ਨਾਲ ਮਨਾਈ ਜਾ ਰਹੀ ਹੈ। ਬਰਸੀ ਵਿੱਚ ਸ਼ਾਮਲ ਹੋਣ ਦੀਆਂ ਤਿਆਰੀਆਂ ਸਬੰਧੀ ਪਾਰਟੀ ਸਾਥੀਆਂ ਵੱਲੋਂ ਪਾਰਟੀ ਬਰਾਂਚਾਂ ਵਿਚ ਆਗੂਆਂ ਵਲੋਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਤਿਆਰੀ ਦੀ ਸਮੀਖਿਆ ਲਈ 29ਨਵੰਬਰ ਨੂੰ ਠੀਕ ਸਵੇਰੇ 11 ਵਜੇ ਪਾਰਟੀ ਦਫ਼ਤਰ ਬਲਾਚੌਰ ਵਿਖੇ ਤਹਿਸੀਲ ਕਮੇਟੀ ਬਲਾਚੌਰ ਦੀ ਮੀਟਿੰਗ ਕੀਤੀ ਜਾਵੇਗੀ। ਸੀ ਪੀ ਆਈ ਐਮ ਆਗੂਆਂ ਕੇਂਦਰ ਸਰਕਾਰ ਵਲੋਂ ਮਜ਼ਦੂਰਾਂ ਸਬੰਧੀ ਮਜ਼ਦੂਰ ਪੱਖੀ 29 ਕਾਨੂੰਨਾਂ ਨੂੰ ਸਮਾਪਤ ਕਰਕੇ ਉਦਯੋਗਪਤੀਆਂ ਅਤੇ ਮਾਲਕਾਂ ਪੱਖੀ 4 ਕੋਡਾਂ ਨੂੰ ਲਾਗੂ ਕਰਨ ਦੀ ਨਿਖੇਧੀ ਕੀਤੀ ਹੈ। ਉਹਨਾਂ ਕਿਹਾ ਕਿ ਇਹ 4 ਕੋਡ ਕੇਂਦਰ ਸਰਕਾਰ ਨੇ ਉਦਯੋਗਪਤੀਆਂ ਅਤੇ ਮਾਲਕਾਂ ਨੂੰ ਵੱਡੇ ਮੁਨਾਫ਼ੇ ਕਮਾਉਣ ਲਈ ਲਾਗੂ ਕੀਤੇ ਹਨ।ਜਦ ਕਿ ਦੇਸ਼ ਦੀਆਂ 10 ਕੌਮੀ ਟਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਲਗਾਤਾਰ ਇਹਨਾਂ ਮਜ਼ਦੂਰ ਵਿਰੋਧੀ ਕੋਡਾਂ ਖਿਲਾਫ ਸੰਘਰਸ਼ ਕਰਦੀਆਂ ਆ ਰਹੀਆਂ ਹਨ ਅਤੇ ਇਹਨਾਂ 4 ਕੋਡਾਂ ਨੂੰ ਵਾਪਸ ਲੈਣ ਦੀਆਂ ਮੰਗ ਕਰ ਰਹੀਆਂ ਹਨ।

# ਜੈ ਭੀਮ ਕਾਰਵਾਂ ਚੈਰੀਟੇਬਲ ਵਿੱਦਿਅਕ ਚੇਤਨਾ ਟੂਰ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ (ਰਜਿ.) ਮਾਹਿਲਪੁਰ ਵੱਲੋਂ ਵਿਦਿਆਰਥੀਆਂ ਨੂੰ ਅੱਜ ਇੱਕ ਵਿਦਿਅਕ ਚੇਤਨਾ ਟੂਰ ਕਰਵਾਇਆ ਗਿਆ, ਜੋ ਕਿ ਮਾਹਿਲਪੁਰ ਤੋਂ ਸ਼ੁਰੂ ਹੋਇਆ। ਸਭ ਤੋਂ ਪਹਿਲਾਂ ਸਾਰੇ ਹੀ ਸਾਥੀਆਂ ਨੇ ਮਾਹਿਲਪੁਰ ਤੋਂ ਚੱਲ ਕੇ ਰਸਤੇ ਵਿੱਚ ਆਏ ਪੀਰ ਬਾਬਾ ਖਾਕੀ ਸ਼ਾਹ ਦੇ ਦਰਬਾਰ 'ਤੇ ਮੱਥਾ ਟੇਕਿਆ। ਅੱਗੇ ਜਾ ਕੇ ਸਾਰੇ ਸਾਥੀਆਂ ਨੇ ਘਰੋਂ ਲਿਆਂਦੀ ਹੋਈ ਮੱਕੀ ਦੀ ਰੋਟੀ ਅਤੇ ਸਰ੍ਹੋਂ ਸਾਗ ਛਕ ਕੇ ਆਨੰਦ ਮਾਣਿਆ। ਇਸ ਤੋਂ ਬਾਅਦ ਗੁਰਦੁਆਰਾ ਬਿਭੌਰ ਸਾਹਿਬ ਦੇ ਦਰਸ਼ਨ ਦੀਦਾਰੇ ਕੀਤੇ ਤੇ ਬਾਅਦ ਭਾਖੜਾ ਡੈਮ ਦੇਖਦੇ ਹੋਏ ਰਾਇਪੁਰ ਮੈਦਾਨ ਦੀ ਖੁੱਲ੍ਹੀ ਪ੍ਰਕਿਰਤਕ ਜਗ੍ਹਾ ਦਾ ਆਨੰਦ ਮਾਣਿਆ। ਮੰਦਰ ਬਾਬਾ ਗਰੀਬ ਦਾਸ ਜੀ ਵਿਖੇ ਨਤਮਸਤਕ ਹੋਏ ਅਤੇ ਟੂਰ ਦੇ ਸਾਰੇ ਹੀ 38 ਸਾਥੀਆਂ ਨੇ ਬੋਟਿੰਗ ਦਾ ਆਨੰਦ ਮਾਣਿਆ। ਆਉਂਦੇ ਹੋਏ ਪੀਰ ਨਿਗਾਹੇ ਦਰਬਾਰ ਤੇ ਜਾਣ ਦਾ ਮੌਕਾ ਵੀ ਪ੍ਰਾਪਤ ਹੋਇਆ। ਇਸ ਮੌਕੇ ਰਾਜੀਵ ਬੰਗੜ ਮੈਨੇਜਰ ਸਾਹਿਬ, ਸ੍ਰੀਮਤੀ ਸ਼ਸ਼ੀ ਬੰਗੜ, ਰੇਖਾ ਰਾਣੀ, ਨਿਰਮਲ ਕੌਰ ਬੋਧ, ਮਾਸਟਰ ਜੈ ਰਾਮ ਬਾੜੀਆਂ, ਥਾਣੇਦਾਰ ਸੁਖਦੇਵ ਸਿੰਘ, ਸੁਖਵਿੰਦਰ ਕੁਮਾਰ ਕੁਲਦੀਪ ਕੌਰ, ਨਿਰਮਲ ਮੁੱਗੋਵਾਲ ਪਰਮਜੀਤ ਕੌਰ, ਧਰਮ ਸਿੰਘ ਫੌਜੀ, ਮਾਸਟਰ ਜੈ ਰਾਮ ਬਾੜੀਆਂ, ਗੁਰਪਾਲ ਕੌਰ, ਦੀਆਂ ਰਾਣੀ, ਸੁਮੀਤਾ, ਪਰਮਜੀਤ ਕੌਰ ਚੇਅਰਮੈਨ, ਅੰਜਲੀ, ਗਗਨਦੀਪ ਕੌਰ, ਸੁਰਿੰਦਰ ਕੌਰ, ਸੀਮਾ ਰਾਣੀ, ਸਵਿਤਾ ਰਾਣੀ, ਅਨਮੋਲ, ਸੰਤੋਸ਼ ਕੁਮਾਰੀ, ਕਮਲਦੀਪ ਕੌਰ ਆਦਿ ਹਾਜ਼ਰ ਸਨ। ਇਸ ਮੌਕੇ ਸਾਰੇ ਹੀ ਸਾਥੀਆਂ ਨੇ ਸ਼ਸ਼ੀ ਬੰਗੜ ਜਨਰਲ ਸਕੱਤਰ ਜੈ ਭੀਮ ਕਾਰਵਾਂ ਅਤੇ ਸੀਨੀਅਰ ਮੀਤ ਪ੍ਰਧਾਨ ਨਗਰ ਪੰਚਾਇਤ ਮਾਹਿਲਪੁਰ ਨੂੰ ਉਹਨਾਂ ਦੇ ਜਨਮ ਦਿਨ 'ਤੇ ਵਧਾਈ ਵੀ ਦਿੱਤੀ।

# ਚੱਬੇਵਾਲ ਦਾ ਹਰ ਪਿੰਡ ਹੋਵੇਗਾ ਵਿਕਸਿਤ : ਡਾ. ਇਸ਼ਾਂਕ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਚੱਬੇਵਾਲ ਵਿਧਾਨ ਸਭਾ ਖੇਤਰ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਉਹ ਚੱਬੇਵਾਲ ਵਿੱਚ ਵਿਕਾਸ ਯੋਜਨਾਵਾਂ ਨੂੰ ਲਾਗੂ ਕਰਨ ਲਈ ਕਾਰਜਸ਼ੀਲ ਹਨ ਅਤੇ ਖੇਤਰ ਦਾ ਕੋਈ ਵੀ ਹਿੱਸਾ ਬੁਨਿਆਦੀ ਸੁਵਿਧਾਵਾਂ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਉਹ ਪਿੰਡ ਮੋਤੀਆਂ ਵਿੱਚ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਪਿੰਡ ਮੋਤੀਆਂ ਨੂੰ ਖੇਡ ਮੈਦਾਨ ਲਈ 5 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ। ਇਸ ਦੇ ਨਾਲ ਹੀ ਧਰਮਸ਼ਾਲਾ ਲਈ 3 ਲੱਖ ਰੁਪਏ ਅਤੇ ਪੰਚਾਇਤ ਘਰ ਵਿੱਚ 7 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਓਪਨ ਜਿਮ ਲਈ ਵੀ ਰਕਮ ਜਾਰੀ ਕੀਤੀ। ਉਨ੍ਹਾਂ ਨੇ ਮਸਤਾਂ ਦੇ ਡੇਰੇ ਵਿੱਚ ਨਿਰਮਾਣ ਕਾਰਜ ਲਈ 3 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ।ਸਥਾਨਕ ਲੋਕਾਂ ਨੂੰ ਸੰਬੋਧਨ ਕਰਦਿਆਂ ਡਾ. ਇਸ਼ਾਂਕ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਵਿੱਚ ਚੱਬੇਵਾਲ ਵਿਧਾਨ ਸਭਾ ਖੇਤਰ ਵਿੱਚ ਵਿਕਾਸ ਕਾਰਜਾਂ ਦੀ ਰਫ਼ਤਾਰ ਤੇਜ਼ ਹੋਈ ਹੈ। ਖੇਤਰ ਵਿੱਚ ਸਿੱਖਿਆ ਅਤੇ ਖੇਡ ਦੇ ਖੇਤਰ ਵਿੱਚ ਮਹੱਤਵਪੂਰਨ ਕੰਮ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚੱਬੇਵਾਲ ਖੇਤਰ ਵਿੱਚ ਸਭ ਤੋਂ ਵੱਧ ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸੜਕਾਂ ਨੂੰ ਬਿਹਤਰ



ਕੀਤਾ ਜਾ ਰਿਹਾ ਹੈ। ਪਿੰਡਾਂ ਵਿੱਚ ਸਟ੍ਰੀਟ ਲਾਈਟਾਂ, ਸੀਵਰੇਜ, ਪੀਣ ਵਾਲੇ ਪਾਣੀ ਦੇ ਪ੍ਰਬੰਧ, ਖੇਡਾਂ ਦੀਆਂ ਸਹੂਲਤਾਂ ਅਤੇ ਸਿਹਤ ਸੇਵਾਵਾਂ ਨੂੰ ਵੀ ਚਰਨਬੱਧ ਢੰਗ ਨਾਲ ਅੱਪਗ੍ਰੇਡ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕੇ ਚੱਬੇਵਾਲ ਖੇਤਰ ਦੇ ਲੋਕ ਉਨ੍ਹਾਂ ਦੇ ਪਰਵਾਰ ਦਾ ਹਿੱਸਾ ਹਨ ਅਤੇ ਉਹ ਹਰ ਸਮੇਂ ਉਨ੍ਹਾਂ ਦੀ ਸੇਵਾ ਲਈ ਉਪਲਬੱਧ ਹਨ।ਖੇਤਰ ਦੇ ਲੋਕਾਂ ਨੇ ਉਨ੍ਹਾਂ 'ਤੇ ਜੋ ਵਿਸ਼ਵਾਸ ਅਤੇ ਸਨੇਹ ਪ੍ਰਗਟ ਕੀਤਾ ਹੈ, ਉਹ ਉਸ ਦੇ ਸਦਾ ਕਰਜ਼ਦਾਰ ਰਹਿਣਗੇ।

# ਪ੍ਰਤਾਪ ਸਿੰਘ ਬਾਜਵਾ ਨੇ ਸਾਥੀਆਂ ਸਮੇਤ ਗੁਰਦੁਆਰਾ ਸੀਸਗੰਜ ਸਾਹਿਬ 'ਚ ਕੀਤੀ ਅਰਦਾਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਦਿਹਾੜੇ ਮੌਕੇ ਸੀਨੀਅਰ ਕਾਂਗਰਸੀ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਆਪਣੇ ਸਾਥੀਆਂ ਸਮੇਤ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਅਰਦਾਸ ਕੀਤੀ। ਇਸ ਪਾਵਨ ਸਮਾਗਮ ਦੌਰਾਨ ਉਹਨਾਂ ਦੇ ਨਾਲ ਸਾਬਕਾ ਸਪੀਕਰ ਰਾਣਾ ਕੇਪੀ ਸਿੰਘ, ਵਿਧਾਇਕ ਚੌਧਰੀ ਬਿਕਰਮ ਸਿੰਘ,



ਪ੍ਰਗਟ ਸਿੰਘ, ਰਾਣਾ ਗੁਰਜੀਤ ਸਿੰਘ, ਰਣ ਇੰਦਰ ਸਿੰਘ ਅਤੇ ਲਾਡੀ ਸ਼ੇਰੋਵਾਲੀਆ ਆਦਿ ਹਾਜ਼ਰ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਜਵਾ ਨੇ ਕਿਹਾ ਕਿ ਉਹ ਮਹਾਨ ਸ਼ਹੀਦ ਗੁਰੂ ਤੇਗ ਬਹਾਦਰ ਜੀ ਨੂੰ ਸਿਜਦਾ ਕਰਨ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਲਈ ਇੱਥੇ ਪਹੁੰਚੇ ਹਨ। ਉਹਨਾਂ ਦੱਸਿਆ ਕਿ ਹੁਣ ਉਹ ਆਪਣੇ ਸਾਥੀਆਂ ਸਮੇਤ ਵਿਧਾਨ ਸਭਾ ਅਨੰਦਪੁਰ ਸਾਹਿਬ ਦੇ ਸੈਸ਼ਨ ਵਿੱਚ ਸ਼ਿਰਕਤ ਕਰਨਗੇ। ਸ੍ਰੀ ਅਨੰਦਪੁਰ ਸਾਹਿਬ ਲਈ ਮੰਗ ਬਾਰੇ ਪੁੱਛੇ ਸਵਾਲ 'ਤੇ ਉਹਨਾਂ ਕਿਹਾ ਕਿ ਉਹ ਬਿਨਾਂ ਸਾਥੀਆਂ ਦੀ ਸਲਾਹ ਦੇ ਕੋਈ ਮੰਗ ਨਹੀਂ ਰੱਖ ਸਕਦੇ। ਬਾਜਵਾ ਨੇ ਕਿਹਾ ਕਿ ਉਹ ਅੱਜ ਸਿਰਫ ਧਾਰਮਿਕ ਸ਼ਰਧਾਲੂ ਦੇ ਤੌਰ 'ਤੇ ਗੁਰੂ ਸਾਹਿਬ ਨੂੰ ਨਤਮਸਤਕ ਹੋਣ ਆਏ ਹਨ, ਇਸ ਲਈ ਕਿਸੇ ਵੀ ਰਾਜਨੀਤਿਕ ਸਵਾਲ ਦਾ ਜਵਾਬ ਨਹੀਂ ਦੇਣਗੇ। ਇਸ ਮੌਕੇ ਉਹਨਾਂ ਨੂੰ ਗੁਰੂ ਸਾਹਿਬ ਜੀ ਦੇ ਪਾਵਨ ਚਿੱਤਰ ਅਤੇ ਸਿਰੋਪਾਓ ਨਾਲ ਸਨਮਾਨਤ ਵੀ ਕੀਤਾ ਗਿਆ।

# ਸਰਬ ਧਰਮ ਸੰਮੇਲਨ 'ਚ ਸੰਤ ਨਿਰਮਲ ਦਾਸ, ਸੰਤ ਸਤਵਿੰਦਰ ਹੀਰਾ ਦਾ ਸਨਮਾਨ




**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਨੌਵੇਂ ਪਾਤਸ਼ਾਹ ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਰੋਹ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਏ ਸਰਬ ਧਰਮ ਸੰਮੇਲਨ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਅਤੇ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਭਾਰਤ ਨੂੰ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਸਾਬਕਾ ਮੁੱਖ ਮੰਤਰੀ ਦਿੱਲੀ ਅਤੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਲੋਈ,ਸਿਰਪਾਓ ਅਤੇ ਮੋਮੈਂਟੋ ਭੇਟ ਕਰਕੇ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਤ ਨਿਰਮਲ ਦਾਸ ਬਾਬੇਜੌੜੇ ਅਤੇ ਸੰਤ ਸਤਵਿੰਦਰ ਹੀਰਾ ਨੇ ਸ਼ਤਾਬਦੀ ਸਮਾਗਮਾਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਅਧਿਕਾਰਾਂ ਅਤੇ ਸਰਬ ਧਰਮ ਦੀ ਰੱਖਿਆ ਲਈ ਮਹਾਨ ਬਲੀਦਾਨ ਦਿੱਤਾ।ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵੱਲੋਂ ਸਮੂਹ ਸੰਤਾਂ ਮਹਾਂਪੁਰਸ਼ਾਂ,ਧਾਰਮਿਕ, ਸਮਾਜਿਕ, ਰਾਜਨੀਤਕ ਜਥੇਬੰਦੀਆਂ ਅਤੇ ਸੰਗਤਾਂ ਨੂੰ ਸਮਾਗਮਾਂ ਵਿਚ ਹੁੰਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ।

# ਸੈਣੀ ਨੇ ਸਰਸ ਆਜੀਵਿਕਾ ਮੇਲਾ-2025 ਦੇ ਸਮਾਪਨ ਸਮਾਰੋਹ 'ਚ ਬਤੌਰ ਮੁੱਖ ਮਹਿਮਾਨ ਕੀਤੀ ਸ਼ਿਰਕਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਸ ਆਜੀਵਿਕਾ ਮੇਲਾ ਸ਼ਿਲਪਕਾਰਾਂ ਅਤੇ ਖਰੀਦਦਾਰਾਂ ਨੂੰ ਇੱਕ ਮੰਚ 'ਤੇ ਆਉਣ ਦੇ ਨਾਲ-ਨਾਲ ਦੇਸ਼ ਦੀ ਆਰਥਕ ਆਤਮਨਿਰਭਰਤਾ ਵਿੱਚ ਵੀ ਯੋਗਦਾਨ ਦਿੰਦਾ ਹੈ। ਸਾਨੂੰ ਸਾਰਿਆਂ ਨੂੰ ਆਪਣੇ ਸ਼ਿਲਪਕਾਰਾਂ ਵੱਲੋਂ ਬਣਾਈ ਗਈ ਵਸਤੂਆਂ 'ਤੇ ਮਾਣ ਕਰਨਾ ਚਾਹੀਦਾ ਅਤੇ ਉਨ੍ਹਾਂ ਦੇ ਵੱਲੋਂ ਬਣਾਏ ਉਤਪਾਦਾਂ ਨੂੰ ਪ੍ਰਾਥਮਿਕਤਾ ਦੇਣੀ ਚਾਹੀਦੀਆਂ ਹਨ। ਅਜਿਹਾ ਕਰ ਕੇ ਸਾਨੂੰ ਆਪਣੇ ਖੇਤਰ ਦੇ ਸ਼ਿਲਪਕਾਰਾਂ ਅਤੇ ਲਘੂ ਉਦਮੀਆਂ ਦੀ ਮਦਦ ਕਰ ਸਕਦੇ ਹਨ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਪੰਚਕੂਲਾ ਦੇ ਸੈਕਟਰ-5 ਸਥਿਤ ਪਰੇਡ ਗਰਾਊਂਡ ਵਿੱਚ ਆਯੋਜਿਤ ਸਰਸ ਆਜੀਵਿਕਾ ਮੇਲਾ-2025 ਦੇ ਸਮਾਪਨ ਸਮਾਰੋਹ ਨੂੰ ਮੁੱਖ ਮਹਿਮਾਨ ਵਜੋ ਸੰਬੋਧਿਤ ਕਰ ਰਹੇ ਸਨ। ਮੁੱਖ ਮੰਤਰੀ ਨੇ ਵੱਖ-ਵੱਖ ਸੂਬਿਆਂ ਦੀ ਮਹਿਲਾ ਸਵੈ ਸਹਾਇਤਾ ਸਮੂਹ ਦੀ ਮੈਂਬਰਾਂ, ਸ਼ਿਲਪਕਾਰਾਂ ਤੇ ਕਾਰੀਗਰਾਂ ਵੱਲੋਂ ਲਗਾਏ ਗਏ ਵੱਖ-ਵੱਖ ਉਤਪਾਦਾਂ ਦੇ ਸਟਾਲਸ ਦਾ ਅਵਲੋਕਨ ਕੀਤਾ ਅਤੇ ਉਤਪਾਦਾਂ ਵਿੱਚ ਡੂੰਘੀ ਦਿਲਚਸਪੀ ਦਿਖਾਈ। ਉਨ੍ਹਾਂ ਨੇ ਮਹਿਲਾਵਾਂ ਦੀ ਕਲਾ ਅਤੇ ਸਕਿਲ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਾਡੀ ਭੈਣਾਂ ਸਵਦੇਸ਼ੀ ਉਤਪਾਦਾਂ ਦਾ ਨਿਰਮਾਣ ਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਤਮਨਿਰਭਰ ਭਾਰਤ ਦੇ ਸੰਕਲਪ ਅਤੇ ਵੋਕਲ ਫਾਰ ਲੋਕਲ ਦੀ ਭਾਵਨਾ ਨੂੰ ਮਜਬੂਤ ਕਰਨ ਵਿੱਚ ਆਪਣਾ ਅਹਿਮ ਯੋਗਦਾਨ ਦੇ ਰਹੀ ਹੈ। ਉਨ੍ਹਾਂ ਨੇ ਮਹਿਲਾ ਉਦਮੀਆਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਉਤਪਾਦਾਂ ਦਾ ਨਿਰਮਾਣ ਕਰਨ ਜੋ ਗੁਣਵੱਤਾ ਅਤੇ ਸ਼ਿਲਪ ਦੀ ਦ੍ਰਿਸ਼ਟੀ ਨਾਲ ਵਿਦੇਸ਼ ਉਤਪਾਦਾਂ ਨੂੰ ਸਖਤ ਟੱਕਰ ਦੇਣ। ਇਸ ਮੌਕੇ 'ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਹਰਿਆਣਾ ਰਾਜ ਗ੍ਰਾਮ ਆਜੀਵਿਕਾ ਮਿਸ਼ਨ ਦੇ ਦੋ ਆਨਲਾਇਨ ਪੋਰਟਲ-ਸਵਾਪਨ ਡਿਜੀਟਲ ਗ੍ਰਾਮ ਬਾਜਾਰ ਪੋਰਟਲ ਅਤੇ ਸਾਂਝਾ ਬਾਜਾਰ ਸੇਲਸ ਪੋਰਟਲ ਦੀ ਉਦਘਾਟਨ ਕੀਤਾ। ਸਵਾਪਨ ਡਿਜੀਟਲ ਗ੍ਰਾਮ ਬਾਜਾਰ ਪੋਰਟਲ ਇੱਕ ਏਕੀਕ੍ਰਿਤ ਈ-ਕਾਮਰਸ ਪਲੇਟਫਾਰਮ ਹੈ, ਜਿਸ ਦੇ ਰਾਹੀਂ ਹਰਿਆਣਾਂ ਦੇ ਸਵੈ ਸਹਾਇਤਾ ਸਮੂਹਾਂ ਵੱਲੋਂ ਨਿਰਮਾਣਤ ਉਤਪਾਦਾਂ ਦੀ ਵਿਸ਼ਵ ਪੱਧਰ 'ਤੇ ਪ੍ਰਦਰਸ਼ਨ ਅਤੇ ਵਿਕਰੀ ਕੀਤੀ ਜਾ ਸਕੇਗੀ। ਇਸ ਪਹਿਲ ਤੋਂ ਗ੍ਰਾਮੀਣ ਮਹਿਲਾਵਾਂ ਦੀ ਆਜੀਵਿਕਾ ਵਧੇਗੀ ਅਤੇ ਆਰਥਕ ਸੁਤੰਤਰਤਾ ਮਜਬੂਤ ਹੋਵੇਗੀ। ਇਹ ਆਨਲਾਇਨ ਖੁਦਰਾ ਮੰਚ ਐਸਐਚਜੀ ਨੂੰ ਆਪਣੇ ਉਤਪਾਦ ਰਜਿਸਟਰਡ ਕਰਨ, ਆਡਰ ਪ੍ਰਾਪਤ ਕਰਨ, ਵਿਕਰੀ ਦੇ ਰਿਕਾਰਡ ਦੇਖਣ ਅਤੇ ਸੂਬਾ ਅਤੇ ਰਾਸ਼ਟਰੀ ਪੱਧਰ ਦੇ ਗ੍ਰਾਹਕਾਂ ਤੱਕ ਪਹੁੰਚਣ ਦੀ ਸਹੂਲਤ ਪ੍ਰਦਾਨ ਕਰੇਗਾ।

# 'ਆਪ' ਨੂੰ ਝਟਕਾ, ਹਰਜੀਤ ਕੌਰ ਸਾਥੀਆਂ ਸਮੇਤ ਬਸਪਾ 'ਚ ਸ਼ਾਮਲ



**ਜਗਰਾਉਂ, (ਸੰਜੀਵ ਅਰੋੜਾ)**-ਵਿਧਾਨ ਸਭਾ ਹਲਕਾ ਜਗਰਾਉਂ 'ਚ ਅੱਜ ਮੈਡਮ ਹਰਜੀਤ ਕੌਰ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਬਹੁਜਨ ਸਮਾਜ ਪਾਰਟੀ ਦੇ ਹਾਥੀ 'ਤੇ ਸਵਾਰ ਹੋ ਗਏ। ਇਸ ਨੂੰ ਮੌਕੇ ਉਨ੍ਹਾਂ ਨੂੰ ਹਲਕਾ ਇੰਚਾਰਜ ਹਰਜੀਤ ਸਿੰਘ ਬੱਬੂ ਲੀਲਾਂ ਨੇ ਸਿਰੋਪਾਓ ਪਾ ਬਸਪਾ ਦੀ ਮੈਂਬਰਸ਼ਿਪ ਦਿੱਤੀ। ਇਸ ਮੌਕੇ ਹਲਕਾ ਪ੍ਰਧਾਨ ਗੁਰਪਾਲ ਸਿੰਘ ਗਾਲਿਬ ਨੇ ਹਰਜੀਤ ਕੌਰ ਤੇ ਉਸ ਦੇ ਸਾਥੀਆਂ ਦਾ ਬਸਪਾ 'ਚ ਸ਼ਾਮਲ ਹੋਣ ਲਈ ਸਵਾਗਤ ਕਰਦਿਆਂ ਕਿਹਾ ਕਿ ਅੱਜ ਹਰ ਉਸ ਪੰਜਾਬੀ ਨੂੰ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਦਾ ਹਿੱਸਾ ਬਣਨਾ ਚਾਹੀਦਾ ਹੈ, ਜਿਹੜਾ ਪੰਜਾਬੀ ਪੰਜਾਬ ਤੇ ਪੰਜਾਬੀਅਤ ਨੂੰ ਪਿਆਰ ਕਰਦਾ ਹੈ, ਕਿਉਂਕਿ ਪੰਜਾਬ ਦੀ ਜਵਾਨੀ ਕਿਸਾਨੀ ਤੇ ਮਜ਼ਦੂਰੀ ਨੂੰ ਸਮੇਂ ਦੀਆਂ ਸਰਕਾਰਾਂ ਪੂਰੀ ਤਰ੍ਹਾਂ ਨਿਗਲ ਚੁੱਕੀਆਂ ਹਨ। ਇਸ ਕਰਕੇ ਬਹੁਜਨ ਸਮਾਜ ਪਾਰਟੀ ਹੀ ਪੰਜਾਬ ਨੂੰ ਇਸ ਦਲ ਦਲ ਵਿੱਚੋਂ ਬਾਹਰ ਕੱਢ ਸਕਦੀ ਹੈ। ਇਸ ਮੌਕੇ ਗੁਰਬਚਨ ਸਿੰਘ ਮਾਨ, ਲਛਮਣ ਸਿੰਘ, ਸ਼ਿੰਗਾਰਾ ਸਿੰਘ, ਫੌਜੀ ਗੁਰਮੁੱਖ ਸਿੰਘ ਤੇ ਹਰਜੀਤ ਸਿੰਘ ਖ਼ਾਲਸਾ ਆਦਿ ਨੇ ਆਪਣੇ ਆਪਣੇ ਵਿਚਾਰਾਂ ਰਾਹੀਂ ਲੋਕਾਂ ਨੂੰ ਬਸਪਾ ਨਾਲ ਜੁੜਨ ਦੀ ਅਪੀਲ ਕੀਤੀ।

# ਤੇਰਾਪੰਥ ਯੁਵਕ ਪ੍ਰੀਸ਼ਦ ਸੰਸਥਾ ਨੇ ਨਗਰ ਕੀਰਤਨ ਦੌਰਾਨ ਲੰਗਰ ਲਗਾਇਆ




**ਜਗਰਾਉਂ, (ਸੰਜੀਵ ਅਰੋੜਾ)**-ਅਖਿਲ ਭਾਰਤੀ ਤੇਰਾਪੰਥ ਯੁਵਕ ਪ੍ਰੀਸ਼ਦ ਦੀ ਅਗਵਾਈ ਹੇਠ ਅਤੇ ਇੰਚਾਰਜ ਵਿਸ਼ਾਲ ਜੈਨ ਪਾਟਨੀ ਦੀ ਨਿਗਰਾਨੀ ਹੇਠ ਤੇਰਾ ਪੰਥ ਯੁਵਕ ਪ੍ਰੀਸ਼ਦ ਜਗਰਾਉਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਮਨਾਉਣ ਲਈ ਆਯੋਜਿਤ ਨਗਰ ਕੀਰਤਨ ਦੌਰਾਨ ਪੂਰੇ ਦਿਲੋਂ ਸਵੇ-ਇੱਛਾ ਨਾਲ ਸੇਵਾ ਕੀਤੀ। ਪ੍ਰਧਾਨ ਸ੍ਰੀ ਵੈਭਵ ਜੈਨ ਨੇ ਸਿੱਖ ਸਾਹਿਬਾਨਾਂ ਨੂੰ ਸਿਰੋਪੇ ਭੇਟ ਕਰਕੇ ਸ਼ਰਧਾਂਜਲੀ ਦਿੱਤੀ ਅਤੇ ਸਾਰੇ ਮੈਂਬਰਾਂ ਨੇ ਸੰਗਤ ਨੂੰ ਸਮੋਸੇ ਭੇਂਟ ਕਰਕੇ ਆਪਣਾ ਫਰਜ਼ ਪੂਰਾ ਕੀਤਾ ਗਿਆ। ਇਸ ਤੋਂ ਇਲਾਵਾ ਤੇਰਾਪੰਥ ਭਵਨ ਵਿਖੇ ਲਗਾਏ ਗਏ ਮੁਫ਼ਤ ਦੰਦਾਂ ਦੇ ਚੈੱਕਅੱਪ ਕੈਂਪ ਦਾ 77 ਲੋਕਾਂ ਨੇ ਲਾਭ ਉਠਾਇਆ। ਇਹ ਮਨੁੱਖਤਾ ਲਈ ਇੱਕ ਇਤਿਹਾਸਕ ਦਿਨ ਸੀ ਤੇ ਪੂਰੇ ਇਲਾਕੇ ਵਿੱਚ ਇਸ ਦੀ ਕਾਫ਼ੀ ਜਾਗਰੂਕਤਾ ਸੀ। ਸ਼ਹਿਰ ਤੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਨੇ ਕੈਂਪ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਯੁਵਕ ਪ੍ਰੀਸ਼ਦ ਦੇ ਜਨਰਲ ਸਕੱਤਰ ਰਵੀਸ਼ ਗੋਇਲ ਨੇ ਦੱਸਿਆ ਕਿ ਇਹ ਕੈਂਪ ਨੋਵੇਲਿਸ ਡੈਂਟਲ ਹਸਪਤਾਲ ਦੇ ਡਾ. ਸੁਰਪ੍ਰੀਤ ਸਿੰਘ ਤੇ ਡਾ. ਸਤਿੰਦਰ ਕੌਰ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ। ਪ੍ਰੀਸ਼ਦ ਦੇ ਮੀਤ ਪ੍ਰਧਾਨ ਰਿਪਨ ਜੈਨ ਪਾਟਨੀ ਨੇ ਸਾਰੇ ਵਰਕਰਾਂ, ਮੈਂਬਰਾਂ ਅਤੇ ਮੈਡੀਕਲ ਸਟਾਫ ਦਾ ਉਨ੍ਹਾਂ ਦੀ ਸ਼ਾਨਦਾਰ ਸੇਵਾ ਲਈ ਧੰਨਵਾਦ ਕੀਤਾ। ਸਾਰੇ ਨੌਜਵਾਨਾਂ ਵਿੱਚ ਸਮਾਜ ਸੇਵਾ ਪ੍ਰਤੀ ਸਮਰਪਣ ਤੇ ਜਨੂੰਨ ਸਾਫ਼ ਦਿੱਖ ਰਿਹਾ ਸੀ, ਜਿਸ ਨਾਲ ਤੇਰਾਪੰਥੀ ਸਮਾਜ ਜਗਰਾਉਂ ਦਾ ਨਾਮ ਪੂਰੇ ਖੇਤਰ ਵਿੱਚ ਮਾਣ ਨਾਲ ਗੂੰਜਿਆ। ਇਸ ਮੌਕੇ ਜਨਕ ਰਾਜ ਜੈਨ ਪਾਟਨੀ, ਵਿਨੋਦ ਜੈਨ, ਸੁਰੇਸ਼ ਜੈਨ ਅਤੇ ਜੈਨ ਤੇਰਾਪੰਥੀ ਸਮਾਜ ਦੇ ਹੋਰ ਮੈਂਬਰ ਮੌਜੂਦ ਸਨ, ਨਾਲ ਹੀ ਯੁਵਾ ਵਰਕਰ ਰਾਕੇਸ਼ ਬਾਂਸਲ, ਰਿਸ਼ਵ ਜੈਨ ਪਾਟਨੀ, ਹਿਮਾਂਸ਼ੂ ਬਾਂਸਲ, ਅਰਿਹੰਤ ਜੈਨ ਪਾਟਨੀ, ਯੋਗੇਸ਼ ਗਰਗ, ਗੌਰਵ ਜੈਨ ਪਾਟਨੀ, ਵਿਕਾਸ ਜੈਨ, ਹਰਸ਼ ਜੈਨ ਪਾਟਨੀ ਤੇ ਅਮਿਤ ਬਾਂਸਲ ਮੌਜੂਦ ਸਨ।

# ਕੁਰੂਕਸ਼ੇਤਰ ਦੀ ਪਾਵਨ ਧਰਤੀ 'ਤੇ ਅੱਜ ਆਉਣਗੇ ਪ੍ਰਧਾਨ ਮੰਤਰੀ ਮੋਦੀ

## 350ਵੇਂ ਸ਼ਹੀਦੀ ਦਿਵਸ 'ਤੇ ਆਯੋਜਿਤ ਰਾਜਪੱਧਰੀ ਸਮਾਗਮ 'ਚ ਕਰਨਗੇ ਸ਼ਿਰਕਤ

**ਚੰਡੀਗੜ੍ਹ**-ਹਰਿਆਣਾ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ 'ਤੇ ਅੱਜ ਜੋਤੀਸਰ (ਕੁਰੂਕਸ਼ੇਤਰ) ਵਿੱਚ ਰਾਜ ਪੱਧਰੀ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਮੌਕੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੁਰੂਕਸ਼ੇਤਰ ਪਹੁੰਚ ਕੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰਨਗੇ।ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਮੇਤ ਹੋਰ ਮੰਤਰੀ ਤੇ ਮਾਣਯੋਗ ਮਹਿਮਾਨ ਮੌਜੂਦ ਰਹਿਣਗੇ। ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਜੋਤੀਸਰ ਸਥਿਤ ਮਹਾਭਾਰਤ ਅਨੁਭਵ ਕੇਂਦਰ ਦਾ ਉਦਘਾਟਨ ਕਰਨਗੇ ਅਤੇ ਨਾਲ ਹੀ, ਕੌਮਾਂਤਰੀ ਗੀਤਾ ਮਹੋਤਸਵ ਦੌਰਾਨ ਪਵਿੱਤਰ ਬ੍ਰਹਮਸਰੋਵਰ 'ਤੇ ਮਹਾਂਆਰਤੀ ਵਿੱਚ ਵੀ ਹਿੱਸਾ ਲੈਣਗੇ।ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸੋਮਵਾਰ ਨੂੰ ਸਮਾਗਮ ਪ੍ਰੋਗਰਾਮ ਸਥਾਨ ਦਾ ਦੌਰਾ ਕੀਤਾ ਅਤੇ ਮੁੱਖ ਸਥਾਨ ਅਤੇ ਮੰਚ, ਸੰਗਤ ਸਥਾਨ, ਸੁਰੱਖਿਆ ਵਿਵਸਥਾ, ਪਾਰਕਿੰਗ ਅਤੇ ਸੈਲਾਨੀਆਂ ਦੀ ਸਹੂਲਤਾਂ ਦਾ ਜਾਇਜ਼ਾ ਲਿਆ। ਇਸ ਤੋਂ ਇਲਾਵਾ, ਉਨ੍ਹਾਂ ਨੇ ਪ੍ਰਦਰਸ਼ਨੀ ਸਥਾਨ ਸਮੇਤ ਸਾਰੇ ਮਹੱਤਵਪੂਰਣ ਥਾਂਵਾਂ 'ਤੇ ਚੱਲ ਰਹੀ ਤਿਆਰੀਆਂ ਦੀ ਸਥਿਤੀ ਦੇਖੀ ਅਤੇ ਅਧਿਕਾਰੀਆਂ ਤੋਂ ਜਾਣਕਾਰੀ ਲਈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਦੌਰੇ ਨੂੰ ਦੇਖਦੇ ਹੋਏ ਸਾਰੇ ਵਿਵਸਥਾਵਾਂ ਸਮੇਂ 'ਤੇ ਪੂਰੀ ਤਰ੍ਹਾਂ ਦਰੁਸਤ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪ੍ਰਬੰਧਨ, ਰੂਟ ਪਲਾਨ, ਬੈਠਣ ਦੀ ਵਿਵਸਥਾ ਅਤੇ ਤਕਨੀਕੀ ਤਿਆਰੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਾ ਰਹੇ।


## ਯੈੱਸ ਬੈਂਕ ਲਿਮਟਿਡ

YES BANK

ਰਜਿਸਟਰਡ ਅਤੇ ਕਾਰਪੋਰੇਟ ਦਫ਼ਤਰ : ਯੈੱਸ ਬੈਂਕ ਹਾਊਸ, ਦਫ਼ਤਰ ਵੈਸਟਰਨ ਐਕਸਪ੍ਰੈੱਸ ਹਾਈਵੇਜ਼, ਸਾਂਤਾਕਰੂਜ਼ ਪੂਰਬੀ, ਮੁੰਬਈ-400055
ਸੀ ਆਈ ਐੱਨ : ਐੱਲ 65190 ਐੱਮ ਐੱਚ2003ਪੀ ਐੱਲ ਸੀ 143249
ਈਮੇਲ : communications@yesbank.in
ਵੈੱਬਸਾਈਟ : www.yesbank.in

### ਈ-ਨਿਲਾਮੀ ਵਿਕਰੀ ਸੂਚਨਾ-ਸੋਧ

ਕਿਰਪਾ ਕਰਕੇ ਅਖ਼ਬਾਰਾਂ ਫਾਈਨਾਂਸ਼ੀਅਲ ਅਤੇ ਨਵਾਂ ਜ਼ਮਾਨਾ 'ਚ ਯੈੱਸ ਬੈਂਕ ਲਿਮ: ਵੱਲੋਂ 20.11.2025 ਨੂੰ ਪ੍ਰਕਾਸ਼ਿਤ ਕਰਵਾਏ ਇਸ਼ਤਿਹਾਰ ਅਚੱਲ ਜਾਇਦਾਦ ਦੀ ਵਿਕਰੀ ਦਾ ਹਵਾਲਾ ਲਿਆ ਜਾਵੇ ਜਿਸ 'ਚ ਕਰਜ਼ਦਾਰਾਂ 1) ਮੈਸਰਜ਼ ਪੈਨਗੁਇਨ ਇੰਡਸਟ੍ਰੀਜ਼ ਰਾਹੀਂ ਇਸ ਦੇ ਮਾਲਕ ਸ਼ਿਖਾ ਜੈਨ (ਕਰਜ਼ਦਾਰ) ਅਤੇ 2) ਸ਼ਿਖਾ ਜੈਨ ਪਤਨੀ ਅਮਿਤ ਜੈਨ (ਸਹਿ-ਕਰਜ਼ਦਾਰ ਅਤੇ ਰਹਿਣਕਾਰ) ਅਤੇ 3) ਸ੍ਰੀ ਅਮਿਤ ਜੈਨ ਪੁੱਤਰ ਹਰਜਸ ਲਾਲ ਜੈਨ (ਸਹਿ-ਕਰਜ਼ਦਾਰ ਅਤੇ ਰਹਿਣਕਾਰ) ਅਤੇ 4) ਹਰਜਸ ਲਾਲ ਜੈਨ ਪੁੱਤਰ ਗੋਪਾਲ ਦਾਸ ਜੈਨ (ਸਹਿ-ਕਰਜ਼ਦਾਰ ਅਤੇ ਰਹਿਣਕਾਰ) ਦੇ ਸੰਬੰਧ 'ਚ ਈ-ਨਿਲਾਮੀ 22 ਦਸੰਬਰ 2025 ਨੂੰ ਹੋਣੀ ਹੈ।
ਇਸ ਲਈ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰ ਨੂੰ ਹੇਠਾਂ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ :
ਉਕਤ ਦਰਸਾਏ ਨੋਟਿਸ ਨੂੰ 'ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼,2002 ਦੇ ਨਿਯਮ 8 ਅਤੇ 9 ਅਧੀਨ ਕਰਜ਼ਦਾਰਾਂ ਲਈ ਅਚੱਲ ਜਾਇਦਾਦ ਦੀ ਵਿਕਰੀ ਲਈ ਨੋਟਿਸ ਸਮਝਿਆ ਜਾਵੇ ਨੂੰ ਬੈਂਕ ਵੱਲੋਂ ਵਾਪਸ ਲੈ ਲਿਆ ਗਿਆ ਹੈ ਅਤੇ ਇਹ 22.12.2025 ਦੀ ਨਿਰਧਾਰਤ ਨਿਲਾਮੀ ਦਾ ਹਿੱਸਾ ਨਹੀਂ ਹੈ।
ਮਿਤੀ 20.11.2025 ਨੂੰ ਪ੍ਰਕਾਸ਼ਿਤ ਬਾਕੀ ਸਾਰਾ ਕੁਝ ਉਹੀ ਰਹੇਗਾ।

ਮਿਤੀ : 25.11.2025 ਸਥਾਨ : ਜਲੰਧਰ — ਸਹੀ/ਅਧਿਕਾਰਤ ਅਫਸਰ, ਯੈੱਸ ਬੈਂਕ ਲਿਮਟਿਡ


## ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ

**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**



ਬਿਨੈਕਾਰ ਦਾ ਨਾਮ : **ਪਿਆਰਾ ਸਿੰਘ** ਪਿਤਾ/ਪਤੀ ਦਾ ਨਾਮ : **ਖੁਸ਼ਾਲ ਸਿੰਘ**
ਪਤਾ: H.No.35/3, Pathankot By Pass Road Bachint Nagar Jalandhar, Tehsil-Jalandhar-1/ District - Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : **ਗੁਰਪ੍ਰੀਤ ਸਿੰਘ** ਪੱਕਾ ਪਤਾ: H.No.35/3, Pathankot By Pass Road Bachint Nagar Jalandhar, Jalandhar-1, Jalandhar, Punjab
ਉਮਰ/ਜਨਮ ਮਿਤੀ : 36 (05-01-1989)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 20-11-2025 ਨੂੰ ਜਾਰੀ ਹੋਇਆ।
ਨੰਬਰ 95/ਨੰਬਰ/ਰੀਡਰ ਮਿਤੀ 20-11-2025 ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

# ਸਨਮਤੀ ਸਕੂਲ ਦੇ ਕਪਿਲ ਨੇ ਰਾਜ ਪੱਧਰ 'ਤੇ ਦੂਸਰਾ ਸਥਾਨ ਪ੍ਰਾਪਤ ਕੀਤਾ



**ਜਗਰਾਉਂ, (ਸੰਜੀਵ ਅਰੋੜਾ)**-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ, ਜੋ ਕਿ ਇਲਾਕੇ ਦੀ ਪ੍ਰਸਿੱਧ ਸੰਸਥਾ ਹੈ, ਜਿਸ ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਏ ਜਾ ਰਹੇ ਖੇਡ ਮੁਕਾਬਲਿਆਂ ਵਿੱਚ ਭਾਗ ਲੈ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਸਕੂਲ ਦੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਨੇ ਆਪਣੀ ਖੁਸ਼ੀ ਜ਼ਾਹਰ ਕਰਦਾ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਸੰਗਰੂਰ ਵਿਖੇ ਕਰਵਾਏ ਗਏ ਅੰਡਰ-19 ਕਿੱਕ ਬਾਕਸਿੰਗ ਮੁਕਾਬਲੇ ਵਿੱਚ ਕਪਿਲ ਨੇ 23 ਜ਼ਿਲਿਆਂ ਵਿੱਚੋਂ ਰਾਜ ਪੱਧਰ 'ਤੇ ਦੂਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ। ਇਸ ਮੌਕੇ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਰਮੇਸ਼ ਜੈਨ, ਸੈਕਟਰੀ ਮਹਾਂਵੀਰ ਜੈਨ ਨੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਨੇ ਇਸ ਕਾਮਯਾਬੀ ਦਾ ਸਿਹਰਾ ਡੀ.ਪੀ. ਅਧਿਆਪਕ ਇੰਦਰਜੀਤ ਸਿੰਘ, ਕੁਲਵਿੰਦਰ ਕੌਰ ਤੇ ਬਬੀਤਾ ਕੁਮਾਰੀ ਨੂੰ ਦਿੱਤਾ, ਜਿਨ੍ਹਾਂ ਦੀ ਮਿਹਨਤ ਤੇ ਰਹਿਨੁਮਾਈ ਸਦਕਾ ਇਹ ਕਾਮਯਾਬੀ ਹਾਸਲ ਹੋਈ।

## PUBLIC NOTICE

It is brought to the notice of Public at large that Smt. Bindu Devi w/o Sh.Gajendra Kumar Manjhi has applied for credit facilities amounting Rs. 17,00,000 from RBL Bank Ltd. Jalandhar, (branch) by creating equitable mortgage of Property Housemeasuring about 03Marlasas comprised in Khasra no. 455as which is situated at Chak Hussaina, Lambha Pind Tehsil and District Jalandhar Presently Owned by Sh. Vijay Kumar s/o Sh. Hardyal and they were required to deposit the Original Sale deed dated 28.05.2003 no. 1715 in favour of Smt. Meena w/o Dharminder singh and Transfer deed dated 24.12.2019 no. 2019-20/186/10040 in favour of Sh. Vijay Kumar s/o Sh. Hardyal but these documents are claimed to be lost by the said borrower, and stated to be not involved in any dispute/litigation and charge and are stated to be not mortgaged with any Bank or Financial Institution. If anybody have any objection regarding this publication or the mortgage of above said property with RBL Bank Ltd, may respond within 15 Days to undersigned. After expiry of stipulated period no claim would be entitled regarding any charge of any Bank or Financial Institution on Said Documents.
Contact:-Vikas Kumar Gupta
Mobile No:- 9463182928

# ਕਲਾਸੀਫਾਈਡ ਇਸ਼ਤਿਹਾਰ



## Change of Name

I, Paramjit W/o Ashwani Kumar R/o H.No. 194, Ward No. 3, G.T. Road, Simble chowk, Batala, Distt. Gurdaspur. I have changed my name from Mahinder Kaur to Paramjit. Please concerned note.

I, Jagroop Singh S/o Dharamjit Singh R/o Village Mohkamgarh Teh.Tanda, Distt. Hoshiarpur. Punjab Declare That my given name as Jagroop and my Surname as Singh.

I, Jasvir Kaur W/o Jagroop Singh R/o Village Mohkamgarh,Teh. Tanda, Distt. Hoshiarpur, Punjab Declare that my given name as Jasvir and my Surname as Kaur.

I, Shoba W/O Ravinder Kumar R/O 2772,Gali No.1, Joura Fatak,Dharam Pura,Amritsar,Punjab have changed my name from Shoba to Shoba Bawa. Concerned note.

I, Devinder Kumar S/O Om Parkash Sehgal R/O 32, Mahindera House Colony,Amritsar,Punjab have changed my name from Devinder Kumar to Davinder Sehgal. Concerned note.

I Jatinder Singh S/O Mahinder Singh R/O Sursingh Tehsil Patti Distt.Tarn Taran have changed my name from Jatinder Singh to Jatwinder Singh. Concerned please note.

I, Isha W/o Manu Dhir R/o Bharamal Road, Sultanpur Lodhi have declare that Isha is my given name and Dhir is my Surname

I, Mansimran Singh S/o Ravinder Singh R/o H.no.65 C-Block Near OCM Mills Sandhu Colony Chheharta Amritsar declare that Mansimran is my Given name and Singh is my Surname

I, Rajwant Kaur W/o Resham Singh R/o Gali No.5, Bath Road, Malia Khurd, Distt. Tarn Taran have changed my name Rajwant Kaur to Rajpreet Kaur All Concerned Please note.

I, Sukhwir Kaur W/o Sikander Singh R/o Village Bhana, PO Dhudi, Faridkot have change my name from Sukhwir Kaur to Sukhveer Kaur

I, Bhoga Singh S/o Jangir Singh R/o Village Bhana, PO Dhudi, Faridkot have change my name from Bhoga Singh to Boga Singh

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।
ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਦਰਸਾਏ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ।
ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।
ਕਰਜ਼ਦਾਰ ਦਾ ਧਿਆਨ ਸੁਰੱਖਿਅਤ ਐੱਸਟਸ ਦੇ ਪੁਨਰਗ੍ਰਹਿਣ ਲਈ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਪ੍ਰਤੀ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਨਾਂ ਨਾਂਅ | ਐਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|---|---|---|
| 1. | 1. ਸ੍ਰੀਮਤੀ ਇੰਦਰਜੀਤ ਕੌਰ ਪਤਨੀ ਹਰਿੰਦਰਪਾਲ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਦਮਨਪ੍ਰੀਤ ਸਿੰਘ ਪੁੱਤਰ ਹਰਿੰਦਰਪਾਲ ਸਿੰਘ (ਸਹਿ-ਕਰਜ਼ਦਾਰ) | 23rd-Mar-2025 | 26th-Mar-2025 | 20th-Nov-2025 | ਰੁਪਏ 45,00,673/- (ਪੰਜਤਾਲੀ ਲੱਖ ਛੇ ਸੌ ਛਿਹੱਤਰ ਰੁਪਏ ਕੇਵਲ) |

**ਰਹਿਣ ਕੀਤੀ ਜਾਇਦਾਦ ਦਾ ਵੇਰਵਾ**

ਬੈਨਾਮਾ ਨੰ. 1347 ਮਿਤੀ 29-04-2015 ਅਨੁਸਾਰ ਇੰਦਰਜੀਤ ਕੌਰ ਪਤਨੀ ਹਰਿੰਦਰਪਾਲ ਸਿੰਘ ਦੇ ਨਾਂਅ ਪਲਾਟ/ਜਾਇਦਾਦ ਨੰ. 115, ਰਕਬਾ 241.11 ਵਰਗ ਗਜ਼ ਲੰਬਾਈ 70 ਫੁੱਟ, ਚੌੜਾਈ 31 ਫੁੱਟ, ਖਸਰਾ ਨੰ. 28//1 ਮਿੰਨ ਮਾਹਲ ਸਬ ਅਰਬਨ ਵਿਖੇ ਸਥਿਤ, ਆਬਾਦੀ ਸਵਿਸ ਲੈਂਡ, ਤਹਿਸੀਲ ਅੰਮ੍ਰਿਤਸਰ-II, ਜ਼ਿਲ੍ਹਾ ਅੰਮ੍ਰਿਤਸਰ ਜਾਇਦਾਦ ਦੇ ਉਚਿਤ ਗਿਰਵੀਨਾਮੇ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਸਾਈਟ ਅਨੁਸਾਰ, ਪੂਰਬ : ਪਲਾਟ ਨੰ. 96, ਪੱਛਮ : ਸੜਕ 25'-00" ਚੌੜੀ, ਉੱਤਰ : ਪਲਾਟ ਨੰ. 116, ਦੱਖਣ : ਪਲਾਟ ਨੰ. 114

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਨਾਂ ਨਾਂਅ | ਐਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|---|---|---|
| 2. | 1. ਸ੍ਰੀ ਗੁਰਪ੍ਰੀਤ ਸਿੰਘ ਪੁੱਤਰ ਸ੍ਰੀ ਸੁੱਖਵਿੰਦਰ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਹਰਜਿੰਦਰ ਕੌਰ ਪਤਨੀ ਸ੍ਰੀ ਗੁਰਪ੍ਰੀਤ ਸਿੰਘ (ਸਹਿ-ਕਰਜ਼ਦਾਰ) | 01st-Nov-2023 | 05th-Feb-2024 | 21st-Nov-2025 | ਰੁਪਏ 1079200/- (ਦਸ ਲੱਖ ਉਨਾਸੀ ਹਜ਼ਾਰ ਦੋ ਸੌ ਰੁਪਏ ਕੇਵਲ) |

**ਰਹਿਣ ਕੀਤੀ ਜਾਇਦਾਦ ਦਾ ਵੇਰਵਾ**

ਬੈਨਾਮਾ ਨੰ. 156 ਮਿਤੀ 25.04.2017 ਅਨੁਸਾਰ ਸ੍ਰੀ ਗੁਰਪ੍ਰੀਤ ਸਿੰਘ ਦੇ ਨਾਂਅ ਜਾਇਦਾਦ/ਵਪਾਰਕ ਦੁਕਾਨ ਰਕਬਾ 1 ਮਰਲਾ ਜੋ ਕਿ 12'x23' ਜੋ ਕਿ 1/52 ਹਿੱਸਾ 2 ਕਨਾਲ 12 ਮਰਲੇ, ਮੁਰੱਬਾ ਨੰ. 28, ਖਸਰਾ ਨੰ. 16/2/2(0-16) 17/2(1-16) ਖੇਵਟ ਨੰ. 3, ਖਤੌਨੀ ਨੰ. 5/5 ਹੱਦਬਸਤ ਨੰ. 196, ਜਮ੍ਹਾਂਬੰਦੀ ਸਾਲ 2013-2014 ਜਲਾਲਾਬਾਦ ਵਿਖੇ ਸਥਿਤ ਨਾਲ ਸੰਬੰਧਤ ਸਭ ਕੁੱਝ। ਹੱਦਾਂ ਸਾਈਟ ਅਨੁਸਾਰ : ਪੂਰਬ 23'-0", ਪੱਛਮ : 23'-0" ਮਨੋਹਰ ਲਾਲ, ਉੱਤਰ : 12'-0", ਰਤਨ ਲਾਲ, ਦੱਖਣ : 12'-0" ਗਲੀ।

ਮਿਤੀ : 25.11.2025
ਸਥਾਨ : ਲੁਧਿਆਣਾ
ਸਹੀ/- (ਅਧਿਕਾਰਤ ਅਫਸਰ)
ਐਕਸਿਸ ਬੈਂਕ ਲਿਮਟਿਡ



YES BANK

ਰਜਿਸਟਰਡ ਦਫਤਰ : ਯੈੱਸ ਬੈਂਕ ਹਾਊਸ, ਵੈੱਸਟਰਨ ਐੱਕਸਪ੍ਰੈੱਸ ਹਾਈਵੇ, ਸਾਂਤਾਕਰੂਜ਼ (ਈਸਟ), ਮੁੰਬਈ-400055
ਨਾਲ ਹੀ : ਐੱਸ ਸੀ ਓ ਨੰ. 129-130, ਦੂਸਰੀ ਮੰਜ਼ਲ, ਸੈਕਟਰ-9-ਸੀ, ਮਧਿਆ ਮਾਰਗ, ਚੰਡੀਗੜ੍ਹ-160009
ਨਾਲ ਹੀ : B-XX2427-927, ਪਹਿਲੀ ਮੰਜ਼ਲ, ਗੋਬਿੰਦ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ-141001

**[(ਰੂਲ-8 (1)] ਸੰਕੇਤਕ ਕਬਜ਼ਾ ਨੋਟਿਸ**

ਜਦਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ [illegible]

| ਪੀ ਐੱਨ ਏ ਖਾਤੇ ਦਾ ਨਾਂਅ | 13 (2) ਨੋਟਿਸ ਮਿਤੀ | ਬਕਾਇਆ ਰਕਮ |
|---|---|---|
| (1) ਮੈਸ: ਦੁਰਗਾ ਧਾਰੀ ਨਿਟਵੀਅਰ [illegible] | 8 ਅਗਸਤ 2025 / ਕਬਜ਼ੇ ਦੀ ਮਿਤੀ 20/11/2025 | 8-08-2025 ਨੂੰ ਰੁਪਏ 20,02,868 [illegible] |
| (1) [illegible] | 21 ਜੁਲਾਈ 2025 / ਕਬਜ਼ੇ ਦੀ ਮਿਤੀ 20/11/2025 | 21-07-2025 ਨੂੰ ਰੁਪਏ 1,554,193.45/- [illegible] |
| (1) [illegible] | 14 ਅਗਸਤ 2025 / ਕਬਜ਼ੇ ਦੀ ਮਿਤੀ 21/11/2025 | 06 ਅਗਸਤ 25 ਨੂੰ [illegible] ਰੁਪਏ 22,30,238.66/- [illegible] |

ਮਿਤੀ : 25-11-2025 ਸਥਾਨ : ਪੰਜਾਬ
ਵਾਸਤੇ ਯੈੱਸ ਬੈਂਕ ਲਿਮਿਟਡ, ਸ੍ਰੀ ਅਮਿਤ ਸ਼ਰਮਾ, ਅਧਿਕਾਰਤ ਅਫਸਰ

25 Nov Page 9.qxd 11/24/2025 9:46 PM Page 1



# ਅਜੇ ਮੰਗੂਪੁਰ ਦੀ ਅਗਵਾਈ ਹੇਠ ਕਾਂਗਰਸ ਨੂੰ ਮਿਲੀ ਵਧੇਰੇ ਮਜ਼ਬੂਤੀ



**ਬਲਾਚੌਰ (ਜਸਵਿੰਦਰ ਬੈਂਸ)**- ਹਲਕਾ ਬਲਾਚੌਰ ਵਿਖੇ ਕਾਂਗਰਸ ਪਾਰਟੀ ਦੀਆਂ ਜੜਾਂ ਹੋ ਰਹੀਆਂ ਹੋਰ ਵੀ ਮਜ਼ਬੂਤ ਹਨ। ਇਹ ਕਹਿਣਾ ਹੈ ਸ਼ਹੀਦ ਭਗਤ ਸਿੰਘ ਨਗਰ ਤੋਂ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਦਾ। ਬੀਤੇ ਦਿਨੀ ਬਲਾਕ ਬਲਾਚੌਰ ਦੇ ਪਿੰਡ-ਪੱਲੇ ਤੋਂ ਰਣਜੀਤ ਸਿੰਘ ਸਮੇਤ ਸੈਂਕੜੇ ਪਰਵਾਰ ਅਜੇ ਮੰਗੂਪੁਰ ਦੀ ਅਗਵਾਈ ਹੇਠ ਅਤੇ ਮਲਕੀਤ ਸਿੰਘ ਧੌਲ ਜਨਰਲ ਸਕੱਤਰ ਬਲਾਕ ਕਮੇਟੀ ਬਲਾਚੌਰ ਦੇ ਯਤਨਾਂ ਸਦਕਾ ਸੱਤਾਧਾਰੀ ਆਮ ਆਦਮੀ ਪਾਰਟੀ ਨੂੰ ਛੱਡ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ। ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਦੇ ਨਾਲ ਉਨ੍ਹਾਂ ਦੇ ਸਾਥੀਆਂ ਮਲਕੀਤ ਸਿੰਘ ਧੌਲ ਜਨਰਸ ਸਕੱਤਰ ਬਲਾਕ ਕਮੇਟੀ ਬਲਾਚੌਰ, ਮਨੋਹਰ ਭਾਟੀਆ ਸੀਨੀਅਰ ਆਗੂ, ਜਿੰਦਰ ਧੌਲ ਪ੍ਰਧਾਨ ਐਸ ਸੀ ਵਿੰਗ, ਰਾਜ ਕੁਮਾਰ ਬੂੰਗੜੀ ਜਨਰਲ ਸਕੱਤਰ ਡੀ.ਸੀ.ਸੀ., ਦਾਰਾ ਸਿੰਘ ਮੋਹਰ, ਅਵਤਾਰ ਸਿੰਘ ਸਾਬਕਾ ਸਰਪੰਚ ਜਗਤਪੁਰ, ਕੁਲਦੀਪ ਸਿੰਘ ਧੌਲ ਨੇ ਲੋਕਾਂ ਨੂੰ ਕਾਂਗਰਸ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਬਾਰੇ ਜਾਣੂ ਕਰਵਾਇਆ। ਸੈਂਕੜੇ ਪਰਿਵਾਰਾਂ ਨੇ ਕਾਂਗਰਸ ਪਾਰਟੀ ਉੱਤੇ ਵਿਸ਼ਵਾਸ ਜਤਾਉਂਦੇ ਹੋਏ ਕਾਂਗਰਸ ਪਾਰਟੀ ਦਾ ਪੱਲਾ ਫੜਿਆ। ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਏ ਸਾਥੀਆਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ ਅਤੇ ਕਾਂਗਰਸ ਪਾਰਟੀ ਉਨ੍ਹਾਂ ਲਈ ਹਰ ਸਮੇਂ ਹਾਜ਼ਰ ਰਹੇਗੀ। ਇਸ ਮੌਕੇ ਸ. ਰਣਜੀਤ ਸਿੰਘ, ਸ਼ਿੰਗਾਰਾ ਸਿੰਘ, ਤੀਰਥ ਰਾਮ, ਅਨਮੋਲ ਸਿੰਘ, ਸੁਰਿੰਦਰ ਸਿੰਘ, ਸੋਹਨ ਸਿੰਘ, ਭਜਨ ਕੌਰ, ਮਨਜੀਤ ਕੌਰ, ਕੁਲਵਿੰਦਰ ਕੌਰ ਆਦਿ ਪਰਿਵਾਰਾਂ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ।

# ਆਰ ਬੀ ਯੂ 28 ਤੋਂ ਰਾਸ਼ਟਰੀ ਸੀ ਐੱਮ ਈ ਵਰਕਸ਼ਾਪ ਦੀ ਮੇਜ਼ਬਾਨੀ ਕਰੇਗਾ

**ਮੋਹਾਲੀ (ਗੁਰਜੀਤ ਬਿੱਲਾ)** ਰਿਆਤ ਬਾਹਰਾ ਯੂਨੀਵਰਸਿਟੀ 28 ਅਤੇ 29 ਨਵੰਬਰ ਨੂੰ ਯੂਨੀਵਰਸਿਟੀ ਸਕੂਲ ਆਫ਼ ਅਲਾਈਡ ਹੈਲਥ ਸਾਇੰਸਿਜ਼ ਵਿਖੇ ਆਪਣੀ ਪਹਿਲੀ ਰਾਸ਼ਟਰੀ ਹੈਂਡਸ-ਆਨ ਸੀ ਐਮ ਈ ਵਰਕਸ਼ਾਪ, 'ਕਲੀਨਿਕਲ ਐਂਡਰੋਲੋਜੀ ਮੀਟਸ ਰੀਪ੍ਰੋਡਕਟਿਵ ਇਮਯੂਨੋਲੋਜੀ - 2025' ਦੀ ਮੇਜ਼ਬਾਨੀ ਕਰੇਗੀ, ਜੋ ਕਿ ਕਲੀਨਿਕਲ ਐਂਡਰੋਲੋਜੀਕਲ ਅਭਿਆਸ ਨੂੰ ਅਤਿ-ਆਧੁਨਿਕ ਪ੍ਰਜਨਨ ਇਮਯੂਨੋਲੋਜੀ ਨਾਲ ਜੋੜਨ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਯੂਨੀਵਰਸਿਟੀ ਦੀ ਹੈਡ ਡਿਪਾਰਟਮੈਂਟ ਸੀਨੀਅਰ ਦੀਪਜੀਤ ਕੌਰ ਨੇ ਦੱਸਿਆ ਕਿ ਕਲੀਨਿਕਲ ਭਰੂਣ ਵਿਗਿਆਨ ਅਤੇ ਪ੍ਰਜਨਨ ਜੈਨੇਟਿਕਸ ਵਿਭਾਗ ਦੁਆਰਾ ਓਰੀਜਨ ਲਾਈਵ ਹੈਲਥਕੇਅਰ, ਚੰਡੀਗੜ੍ਹ ਦੇ ਸਹਿਯੋਗ ਨਾਲ ਆਯੋਜਿਤ ਅਤੇ ਇੰਡੀਅਨ ਇਮਯੂਨੋਲੋਜੀ ਸੋਸਾਇਟੀ ਦੁਆਰਾ ਅਕਾਦਮਿਕ ਤੌਰ 'ਤੇ ਸਮਰਥਨ ਪ੍ਰਾਪਤ, ਇਸ ਇਤਿਹਾਸਕ ਸਮਾਗਮ ਨੇ ਬੇਮਿਸਾਲ ਦਿਲਚਸਪੀ ਹਾਸਲ ਕੀਤੀ ਹੈ,ਜਿਸ ਵਿੱਚ ਰਜਿਸਟ੍ਰੇਸ਼ਨਾਂ 185 ਤੋਂ ਵੱਧ ਹੋ ਗਈਆਂ ਹਨ।ਇਸ ਦੋ-ਦਿਨ ਦੇ ਪ੍ਰੋਗਰਾਮ ਵਿੱਚ ਅੰਡਰਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਵਿਦਵਾਨਾਂ, ਕਲੀਨਿਕਲ ਭਰੂਣ ਵਿਗਿਆਨੀਆਂ, ਆਈਵੀਐਫ ਟੈਕਨੋਲੋਜਿਸਟਾਂ, ਖੋਜਕਰਤਾਵਾਂ ਅਤੇ ਯੂਜੀਸੀ ਜਾਂ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਸੰਸਥਾਵਾਂ ਦੇ ਫੈਕਲਟੀ ਦੇ ਇੱਕ ਵਿਭਿੰਨ ਸਮੂਹ ਨੂੰ ਇਕੱਠਾ ਹੁੰਦਾ ਹੈ, ਜੋ ਇਮਰਸਿਵ, ਹੁਨਰ-ਕੇਂਦ੍ਰਿਤ ਸਿਖਲਾਈ ਦੀ ਪੇਸ਼ਕਸ਼ ਕਰਦੇ ਹਨ। ਭਾਗੀਦਾਰ ਹੱਥੀਂ ਮਾਡਿਊਲਾਂ ਵਿੱਚ ਸ਼ਾਮਲ ਹੋਣਗੇ, ਜਿਸ ਵਿੱਚ ਮਾਈਕ੍ਰੋਫਲੂਇਡਿਕ ਸ਼ੁਕਰਾਣੂ ਛਾਂਟੀ, ਘਣਤਾ ਗਰੇਡੀਐਂਟ ਸੈਂਟਰਿਫਿਊਗੇਸ਼ਨ, ਉੱਨਤ ਸ਼ੁਕਰਾਣੂ ਤਿਆਰੀ ਤਕਨੀਕਾਂ, ਸ਼ੁਕਰਾਣੂ ਡੀਐਨਏ ਫ੍ਰੈਗਮੈਂਟੇਸ਼ਨ ਵਿਸ਼ਲੇਸ਼ਣ,ਅਤੇ ਹਾਈਲੂਰੋਨਿਕ ਬਾਈਡਿੰਗ ਅਸੈਸ, ਮਾਹਰ ਲੈਕਚਰਾਂ, ਵਿਕਾਸ ਵਰਕਸ਼ਾਪਾਂ, ਵਿਗਿਆਨਕ ਪ੍ਰਦਰਸ਼ਨੀ, ਪੈਨਲ ਚਰਚਾਵਾਂ, ਅਤੇ ਢਾਂਚਾਗਤ ਪੋਸਟਰ ਪੇਸ਼ਕਾਰੀਆਂ ਸ਼ਾਮਲ ਹਨ।ਚਾਰ ਪੰਜਾਬ ਮੈਡੀਕਲ ਕੌਂਸਲ ਕ੍ਰੈਡਿਟ ਘੰਟਿਆਂ ਨਾਲ ਮਾਨਤਾ ਪ੍ਰਾਪਤ, ਇਹ ਵਰਕਸ਼ਾਪ ਰਿਆਤ ਬਾਹਰਾ ਯੂਨੀਵਰਸਿਟੀ ਦੀ ਸਿਹਤ ਸੰਭਾਲ ਸਿੱਖਿਆ ਨੂੰ ਅੱਗੇ ਵਧਾਉਣ ਅਤੇ ਸਹਾਇਕ ਪ੍ਰਜਨਨ ਤਕਨਾਲੋਜੀਆਂ ਵਿੱਚ ਪੇਸ਼ੇਵਰ ਉੱਤਮਤਾ ਨੂੰ ਉਤਸ਼ਾਹਿਤ ਕਰਨ ਪ੍ਰਤੀ ਅਟੁੱਟ ਵਚਨਬੱਧਤਾ ਦੀ ਉਦਾਹਰਣ ਦਿੰਦੀ ਹੈ।

# 26 ਦੇ ਮੁਜ਼ਾਹਰਿਆਂ 'ਚ ਵੱਧ-ਚੜ੍ਹ ਕੇ ਸ਼ਾਮਲ ਹੋਵੇਗੀ ਸੀ ਟੀ ਯੂ ਪੰਜਾਬ : ਨੱਥਾ ਸਿੰਘ

**ਜਲੰਧਰ** - ਮਜ਼ਦੂਰਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਕੇਂਦਰ ਦੀ ਮੋਦੀ ਸਰਕਾਰ ਵਲੋਂ 21 ਨਵੰਬਰ ਨੂੰ ਕਿਰਤੀ ਮਾਰੂ ਚਾਰ ਲੇਬਰ ਕੋਡ ਲਾਗੂ ਕੀਤੇ ਜਾਣ ਦਾ ਨੋਟੀਫਿਕੇਸ਼ਨ ਜਾਰੀ ਕੀਤੇ ਜਾਣ ਖਿਲਾਫ ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਮੰਚ ਵਲੋਂ 26 ਨਵੰਬਰ ਨੂੰ ਕੀਤੇ ਜਾ ਰਹੇ ਜ਼ਿਲ੍ਹਾ ਪੱਧਰੀ ਰੋਸ ਮੁਜ਼ਾਹਰਿਆਂ 'ਚ ਸੀ ਟੀ ਯੂ ਪੰਜਾਬ ਪੂਰੀ ਸ਼ਕਤੀ ਨਾਲ ਸ਼ਾਮਲ ਹੋਵੇਗੀ। ਇਹ ਐਲਾਨ ਅੱਜ ਇੱਥੇ ਜਾਰੀ ਇਕ ਸਾਂਝੇ ਬਿਆਨ ਰਾਹੀਂ ਸੀ ਟੀ ਯੂ ਪੰਜਾਬ ਦੇ ਜਨਰਲ ਸਕੱਤਰ ਕਾਮਰੇਡ ਨੱਥਾ ਸਿੰਘ, ਮੀਤ ਪ੍ਰਧਾਨ ਜਗਦੀਸ਼ ਚੰਦਰ ਲੁਧਿਆਣਾ ਅਤੇ ਵਿੱਤ ਸਕੱਤਰ ਕਾਮਰੇਡ ਸ਼ਿਵ ਕੁਮਾਰ ਪਠਾਨਕੋਟ ਨੇ ਕੀਤਾ।ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਦੇ ਉਕਤ ਮਜ਼ਦੂਰ ਮਾਰੂ ਹੱਲੇ ਖ਼ਿਲਾਫ਼ ਮਜ਼ਦੂਰਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਕਿਉਂਕਿ ਮੋਦੀ ਸਰਕਾਰ ਜਦੋਂ ਦੀ ਕੇਂਦਰ 'ਚ ਸੱਤਾ 'ਚ ਆਈ ਹੈ ਉਦੋਂ ਤੋਂ ਹੀ ਕਿਰਤ ਕਾਨੂੰਨਾਂ 'ਚ ਸੁਧਾਰ ਦੇ ਨਾਂ ਹੇਠ ਮਜ਼ਦੂਰ ਜਮਾਤ ਦੇ ਹਿੱਤਾਂ 'ਤੇ ਇੱਕ ਤੋਂ ਪਿੱਛੋਂ ਇੱਕ ਹਮਲਾ ਕਰਦੀ ਆ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਸਰਕਾਰ ਵਲੋਂ 40 ਤੋਂ ਵੱਧ ਮਜ਼ਦੂਰ ਪੱਖੀ ਕਾਨੂੰਨ ਖ਼ਤਮ ਕਰਕੇ ਕਾਰਪੋਰੇਟਾਂ ਦਾ ਪੱਖ ਪੂਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਰਤ ਕਾਨੂੰਨ ਫੈਕਟਰੀਆਂ, ਭੱਠਿਆਂ, ਦੁਕਾਨਾਂ ਆਦਿ ਵੱਖੋ-ਵੱਖ ਖੇਤਰਾਂ ਨਾਲ ਸਬੰਧਤ ਉਹ ਨਿਯਮ ਹਨ ਜੋ ਮਜ਼ਦੂਰਾਂ ਦੇ ਹੱਕ, ਕੰਮ ਹਾਲਤਾਂ, ਤਨਖਾਹ, ਕੰਮ ਦੇ ਘੰਟੇ, ਸਮਾਜਿਕ ਸੁਰੱਖਿਆ ਤੇ ਭਲਾਈ ਯਕੀਨੀ ਬਣਾਉਣ ਲਈ ਸਿਰਜੇ ਗਏ ਸਨ। ਮੋਦੀ ਸਰਕਾਰ ਵਲੋਂ ਸਿਰਜੇ ਚਾਰ ਲੇਬਰ ਕੋਡ ਮਜ਼ਦੂਰਾਂ ਨੂੰ ਪਿੱਛਲਖੁਰੀ ਗੁਲਾਮੀ ਵੱਲ ਧੱਕਣ ਦਾ ਵੱਡਾ ਹਮਲਾ ਹੈ, ਜਿਸ ਤੋਂ ਮੁਕਤੀ ਲਈ ਇਕਜੁਟ, ਬੱਝਵਾਂ ਘੋਲ ਉਸਾਰਨਾ ਹੋਵੇਗਾ।

# ਜੇ ਸਰਕਾਰ ਨੌਜਵਾਨ ਪੀੜ੍ਹੀ ਨੂੰ ਰੋਜ਼ਗਾਰ ਦੇਵੇ ਤਾਂ ਵਿਦੇਸ਼ ਜਾਣ ਦੀ ਲੋੜ ਨਹੀਂ : ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਅੱਜ ਕੱਲ੍ਹ ਪੰਜਾਬੀ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦੀ ਲਹਿਰ ਬੇਹੱਦ ਤੇਜ਼ੀ ਨਾਲ ਵੱਧ ਰਹੀ ਹੈ। ਹਰ ਗਲੀ, ਕਸਬੇ ਅਤੇ ਪਿੰਡਾਂ ਵਿੱਚੋਂ ਦਰਜਨਾਂ ਨੌਜਵਾਨ ਆਪਣਾ ਭਵਿੱਖ ਸੰਵਾਰਨ ਲਈ ਕੈਨੇਡਾ, ਆਸਟ੍ਰੇਲੀਆ, ਅਮਰੀਕਾ ਅਤੇ ਯੂਰਪ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਵੱਲ ਰੁਖ ਕਰ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬੇਗਮਪੁਰਾ ਟਾਈਗਰ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ, ਅਨਿਲ ਕੁਮਾਰ ਬੰਟੀ ਪ੍ਰਧਾਨ ਬਲਾਕ ਹਰਿਆਣਾ ਭੂੰਗਾ, ਸਤੀਸ਼ ਕੁਮਾਰ ਸ਼ੇਰੀ ਬਾਹਦ ਅਤੇ ਰਵੀ ਸੁੰਦਰ ਨਗਰ ਨੇ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਇਸ ਰੁਝਾਨ ਨੇ ਪੰਜਾਬ ਦੇ ਸਮਾਜ,ਆਰਥਿਕਤਾ ਅਤੇ ਪੀੜ੍ਹੀ ਦਰ ਪੀੜ੍ਹੀ ਚੱਲਦੇ ਪਰਵਾਰਿਕ ਸਬੰਧਾਂ ਤੇ ਵੀ ਡੂੰਘਾ ਪ੍ਰਭਾਵ ਪਾਇਆ ਹੈ। ਉਹਨਾਂ ਕਿਹਾ ਕਿ ਵਿਦੇਸ਼ਾਂ ਵਿੱਚ ਵਸਣ ਕਰਕੇ ਬੱਚੇ ਆਪਣੇ ਪਰਵਾਰ ਨਾਲੋਂ ਵੀ ਟੁੱਟ ਰਹੇ ਹਨ। ਉਹਨਾਂ ਕਿਹਾ ਕਿ ਕਈ ਬੱਚੇ ਕਰਜ਼ਾ ਚੁੱਕ ਕੇ ਅਤੇ ਜ਼ਮੀਨ ਵੇਚ ਕੇ ਵਿਦੇਸ਼ਾਂ ਵਿੱਚ ਜਾ ਕੇ ਬੈਠੇ ਹੋਏ ਹਨ। ਉਹਨਾਂ ਕਿਹਾ ਕਿ ਜੇਕਰ ਪੰਜਾਬ ਵਿੱਚ ਹੀ ਵਧੀਆ ਨੌਕਰੀ ਅਤੇ ਵਿਕਾਸ ਦੇ ਮੌਕੇ ਮਿਲਣ ਤਾਂ ਨੌਜਵਾਨਾਂ ਨੂੰ ਵਿਦੇਸ਼ ਜਾਣ ਦੀ ਲੋੜ ਨਹੀਂ ਪਵੇਗੀ।



# ਬਾਬਾ ਬਾਲਕ ਨਾਥ ਦਰਬਾਰ 'ਤੇ ਚਾਹ ਪਕੌੜਿਆਂ ਦਾ ਲੰਗਰ ਲਗਾਇਆ

**ਅੱਡਾ ਸਰਾ (ਜਸਵੀਰ ਕਾਜਲ)**- ਅੱਡਾ ਸਰਾ ਨਜ਼ਦੀਕ ਪਿੰਡ ਸੰਧਰਾਂ ਵਿਖੇ ਬਾਬਾ ਬਾਲਕ ਨਾਥ ਜੀ ਦੇ ਦਰਬਾਰ ਤੇ ਨਵੇਂ ਬਣੇ ਲੰਗਰ ਹਾਲ ਦਾ ਉਦਘਾਟਨ ਉਪਰੰਤ ਸੇਵਾਦਾਰ ਕੁਲਦੀਪ ਸਿੰਘ ਤੇ ਪ੍ਰੇਮ ਚੰਦ ਵਲੋਂ ਬਾਬਾ ਬਾਲਕ ਨਾਥ ਜੀ ਦਰਬਾਰ ਤੇ ਸਰਬਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਚਾਹ ਪਕੋੜਿਆ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਬੱਗਾ ਐਂਡ ਪਾਰਟੀ ਧੂਤ ਖੁਰਦ ਵਲੋਂ ਬਾਬਾ ਜੀ ਦੀਆਂ ਭੇਟਾਂ ਦਾ ਗੁਣਗਾਨ ਕੀਤਾ ਗਿਆ। ਇਸ ਉਪਰੰਤ ਮੀਤ ਭਗਤ, ਕੁਲਦੀਪ ਸਿੰਘ, ਪ੍ਰੇਮ ਚੰਦ ਤਰਨ ਸਿੰਘ, ਹਰਦੀਸ ਕੁਮਾਰ, ਤਰਲੋਕ ਸਿੰਘ, ਦਿਲਬਾਗ ਸਿੰਘ, ਤੀਰਥ ਸਿੰਘ, ਰਾਮ ਸਿੰਘ, ਚਮਨ ਲਾਲ, ਕ੍ਰਿਸ਼ਨਾ ਦੇਵੀ, ਨਰਿੰਦਰ ਕੋਰ, ਸਤਿਆ ਦੇਵੀ, ਰਾਜ ਰਾਣੀ, ਭੋਲੇ, ਪ੍ਰਵੀਨ ਰਾਣੀ ਆਦਿ ਨਗਰ ਦੀਆਂ ਸੰਗਤਾਂ ਹਾਜ਼ਰ ਸਨ।



# ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰਤਵ ਅਭਿਆਨ ਤਹਿਤ ਕੈਂਪ



**ਗੁਰਾਇਆ (ਬਿੰਦਰ ਸੁਮਨ)**- ਸਿਵਲ ਸਰਜਨ ਡਾ ਰਾਜੇਸ਼ ਗਰਗ ਦੇ ਦਿਸ਼ਾ ਨਿਰਦੇਸ਼ਾ ਮੁਤਾਬਿਕ ਕੰਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵੱਲੋਂ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰਿਤਵ ਅਭਿਆਨ ਤਹਿਤ ਗਰਭਵਤੀ ਮਹਿਲਾਵਾਂ ਦੀ ਜਾਂਚ ਸਬੰਧੀ ਇਕ ਵਿਸ਼ੇਸ਼ ਕੈਂਪ ਦਾ ਆਯੋਜਨ ਕੀਤਾ ਗਿਆ।ਇਸ ਕੈਂਪ ਦਾ ਮਕਸਦ ਗਰਭਵਤੀ ਮਹਿਲਾਵਾਂ ਦੀ ਸਮੇਂ ਸਿਰ ਜਾਂਚ ਕਰਕੇ ਉਨ੍ਹਾਂ ਦੀ ਸਿਹਤ ਨੂੰ ਸੁਨਿਸ਼ਚਿਤ ਕਰਨਾ ਹੈ।ਸੀਨੀਅਰ ਮੈਡੀਕਲ ਅਫ਼ਸਰ ਡਾ. ਪਰਮਜੀਤ ਸਿੰਘ ਨੇ ਦੱਸਿਆ ਕਿ ਇਸ ਅਭਿਆਨ ਦੇ ਤਹਿਤ ਹਰ ਮਹੀਨੇ ਦੀ 9 ਅਤੇ 23 ਤਾਰੀਖ ਨੂੰ ਸਾਰੇ ਸਰਕਾਰੀ ਸਿਹਤ ਕੇਂਦਰਾਂ, ਜ਼ਿਲ੍ਹਾ ਹਸਪਤਾਲਾਂ ਅਤੇ ਸਮੂਹਕ ਸਿਹਤ ਕੇਂਦਰਾਂ ਵਿੱਚ ਗਰਭਵਤੀ ਮਹਿਲਾਵਾਂ ਲਈ ਮੁਫ਼ਤ ਜ਼ਰੂਰੀ ਸਿਹਤ ਸੇਵਾਵਾਂ ਉਪਲਬਧ ਕਰਵਾਈਆਂ ਜਾਂਦੀਆਂ ਹਨ।

# ਚੱਬੇਵਾਲ ਦੇ 42 ਹੜ੍ਹ ਪ੍ਰਭਾਵਿਤ ਪਿੰਡਾਂ ਲਈ 84 ਲੱਖ ਦੀ ਗ੍ਰਾਂਟ ਜਾਰੀ

**ਮੇਹਟੀਆਣਾ (ਜਗਤਾਰ ਸਿੰਘ)**- ਚੱਬੇਵਾਲ ਵਿਧਾਨ ਸਭਾ ਹਲਕੇ ਵਿੱਚ ਹੜ੍ਹ ਤੋਂ ਪ੍ਰਭਾਵਿਤ ਪਿੰਡਾਂ ਦੀ ਸਫਾਈ, ਫੋਗਿੰਗ ਅਤੇ ਹੋਰ ਕੰਮਾਂ ਨੂੰ ਤੁਰੰਤ ਪ੍ਰਭਾਵ ਨਾਲ ਤੇਜ਼ੀ ਦੇਣ ਲਈ ਪੰਜਾਬ ਸਰਕਾਰ ਨੇ ਵੱਡਾ ਕਦਮ ਚੁੱਕਦਿਆਂ 42 ਪਿੰਡਾਂ ਨੂੰ 84 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਹੈ। ਚੱਬੇਵਾਲ ਦੇ ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਾਲ ਹੀ ਵਿੱਚ ਆਏ ਹੜ੍ਹਾਂ ਦੌਰਾਨ ਹਲਕੇ ਦੇ ਕਈ ਪਿੰਡ ਬਹੁਤ ਗੰਭੀਰ ਤਰੀਕੇ ਨਾਲ ਪ੍ਰਭਾਵਿਤ ਹੋਏ ਸਨ। ਇਸ ਸਥਿਤੀ ਨੂੰ ਸਾਹਮਣੇ ਰੱਖਦਿਆਂ ਅਤੇ ਰਾਹਤ ਪਹੁੰਚਾਉਣ ਲਈ ਹੁਣ ਸਾਡੇ ਪਿੰਡਾਂ ਦੀ ਸਫਾਈ, ਫੋਗਿੰਗ ਆਦਿ ਲਈ ਇਹ ਰਕਮ ਜਾਰੀ ਕੀਤੀ ਗਈ ਹੈ। ਵਿਧਾਇਕ ਡਾ. ਇਸ਼ਾਂਕ ਨੇ ਮਾਹਿਲਪੁਰ ਰੈਸਟ ਹਾਊਸ ਵਿਖੇ ਇਸ ਸਹਾਇਤਾ ਰਾਸ਼ੀ ਦੇ ਸੈਂਕਸ਼ਨ ਲੈਟਰ ਸਬੰਧਿਤ ਪੰਚਾਇਤਾਂ ਨੂੰ ਵੰਡੇ । ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਕਿਹਾ ਕਿ ਇਹ ਰਕਮ ਜਾਰੀ ਕਰਨਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਹਨਾਂ ਪਿੰਡਾਂ ਨੂੰ ਹੜ੍ਹਾਂ ਕਾਰਨ ਹੋਣ ਵਾਲੇ ਦੂਰ ਪ੍ਰਭਾਵਾਂ ਤੋਂ ਬਚਾਉਣ ਦਾ ਇੱਕ ਸਰਾਹਣਯੋਗ ਯਤਨ ਹੈ। ਉਨ੍ਹਾਂ ਨੇ ਕਿਹਾ ਕਿ ਇਸ ਵਿਸ਼ੇਸ਼ ਗ੍ਰਾਂਟ ਨਾਲ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਸਿਲਟ ਹਟਾਉਣ, ਨਾਲਿਆਂ ਦੀ ਸਫਾਈ, ਸੜਕਾਂ ਦੇ ਕੰਢਿਆਂ 'ਤੇ ਜਮਾ ਮਲਬਾ ਹਟਾਉਣ, ਅਤੇ ਪਾਣੀ ਦੀ ਨਿਕਾਸ ਪ੍ਰਣਾਲੀ ਨੂੰ ਠੀਕ ਕਰਨ ਦਾ ਕੰਮ ਤੇਜ਼ੀ ਨਾਲ ਕੀਤਾ ਜਾਵੇਗਾ, ਤਾਂ ਜੋ ਲੋਕਾਂ ਨੂੰ ਮੁੜ ਸਧਾਰਣ ਜੀਵਨ ਵੱਲ ਵਾਪਸ ਆਉਣ ਵਿੱਚ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ। ਡਾ. ਈਸ਼ਾਂਕ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੇ ਹਿਤਾਂ ਨੂੰ ਸਭ ਤੋਂ ਉੱਪਰ ਰੱਖ ਕੇ ਕੰਮ ਕਰ ਰਹੀ ਹੈ ਅਤੇ ਆਫ਼ਤ ਦੇ ਸਮੇਂ ਕਿਸੇ ਵੀ ਵਿਅਕਤੀ ਨੂੰ ਇਕੱਲਾ ਮਹਿਸੂਸ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਨੇ ਸਥਾਨਕ ਪ੍ਰਸ਼ਾਸਨ ਨੂੰ ਵੀ ਨਿਰਦੇਸ਼ ਦਿੱਤੇ ਕਿ ਸਾਰੇ ਪਿੰਡਾਂ ਵਿੱਚ ਤੁਰੰਤ ਤੇਜ ਗਤੀ ਨਾਲ ਸਫਾਈ ਅਤੇ ਬਹਾਲੀ ਕੰਮ ਪੂਰੇ ਕੀਤੇ ਜਾਣ, ਤਾਂ ਜੋ ਲੋਕਾਂ ਨੂੰ ਰਾਹਤ ਮਿਲੇ ਅਤੇ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਸਥਿਤੀਆਂ ਦਾ ਸਾਹਮਣਾ ਕਰਨ ਲਈ ਮਜ਼ਬੂਤ ਪ੍ਰਬੰਧਨ ਵੀ ਕੀਤੇ ਜਾਣ।



# ਕੇਂਦਰ ਸਰਕਾਰ ਦੀ ਨਾਪਾਕ ਸਾਜ਼ਿਸ਼ ਪੰਜਾਬੀਆਂ ਨੂੰ ਬਰਦਾਸ਼ਤ ਨਹੀਂ : ਸੋਹਾਣਾ

**ਮੁਹਾਲੀ (ਗੁਰਜੀਤ ਬਿੱਲਾ)**- ਕੇਂਦਰ ਦੀ ਭਾਜਪਾ ਹਕੂਮਤ ਇੱਕ ਵਾਰ ਫੇਰ ਬੇਲਗਾਮ ਹੋਕੇ ਪੰਜਾਬੀਆਂ ਨੂੰ ਜ਼ਖ਼ਮ ਦੇਣ ਦੇ ਯਤਨਾਂ ਵਿੱਚ ਹੈ ਜਿਸਨੂੰ ਪੰਜਾਬੀ ਹਰਗਿਜ ਬਰਦਾਸ਼ਤ ਨਹੀਂ ਕਰਨਗੇ, ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਿਲ੍ਹਾ ਜਥੇਦਾਰ ਪਰਵਿੰਦਰ ਸਿੰਘ ਸੋਹਾਣਾ ਨੇ ਇੱਕ ਪ੍ਰੈੱਸ ਬਿਆਨ ਰਾਹੀਂ ਕੀਤਾ। ਮੀਡੀਆ ਨੂੰ ਜਾਰੀ ਆਪਣੇ ਬਿਆਨ ਵਿੱਚ ਜਥੇਦਾਰ ਸੋਹਾਣਾ ਨੇ ਕਿਹਾ ਕਿ ਲੋਕ ਸਭਾ ਦੇ ਸ਼ੁਰੂ ਹੋ ਰਹੇ ਸਰਦ ਰੁੱਤ ਸੈਸ਼ਨ ਦੌਰਾਨ ਬੀਜੇਪੀ ਸੰਵਿਧਾਨ ਦੀ 131ਵੀਂ ਸੋਧ ਰਾਹੀਂ ਧਾਰਾ 240 ਪਾਸ ਕਰਵਾਉਣ ਦੀ ਤਜਵੀਜ਼ ਲੈਕੇ ਆ ਰਹੀ ਹੈ ਜਿਹੜੀ ਕਿ ਪੰਜਾਬ ਦੇ ਭਵਿੱਖ ਅਤੇ ਹਸਤਾਖਰ ਲਈ ਤਬਾਹਕੁੰਨ ਸਾਬਤ ਹੋਵੇਗਾ। ਅਕਾਲੀ ਆਗੂ ਨੇ ਕਿਹਾ ਕਿ ਪਾਰਲੀਮੈਂਟ ਦੇ ਦੋਵੇਂ ਹਾਊਸ ਵਿੱਚ ਬੀਜੇਪੀ ਦੇ ਮੈਂਬਰਾਂ ਦੀ ਸਮਰੱਥ ਗਿਣਤੀ ਹੈ ਲਿਹਾਜਾ ਪੇਸ਼ ਕੀਤਾ ਜਾਣ ਵਾਲਾ ਕੋਈ ਵੀ ਬਿੱਲ ਆਸਾਨੀ ਨਾਲ ਪਾਸ ਹੋਣਾ ਸੁਭਾਵਿਕ ਹੈ। ਜਥੇਦਾਰ ਸੋਹਾਣਾ ਨੇ ਕਿਹਾ ਕਿ ਇਸ ਬਿੱਲ ਦੇ ਪਾਸ ਹੋ ਜਾਣ ਨਾਲ ਪੰਜਾਬ ਦਾ ਚੰਡੀਗੜ੍ਹ ਉੱਤੋਂ ਹੱਕ ਸਦਾ ਲਈ ਖਤਮ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪੰਜਾਬ ਦੀ ਧਰਤੀ ਦੇ ਆਬਾਦ ਹੋਣ ਕਾਰਨ ਤੱਤਕਾਲੀ ਕਾਂਗਰਸੀ ਹਕੂਮਤ ਨੇ ਪੰਜਾਬ ਵੰਡ ਵੇਲੇ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀਆਂ ਹੋਰਨਾਂ ਮੰਗਾਂ ਦੇ ਨਾਲ ਨਾਲ ਚੰਡੀਗੜ੍ਹ ਪੰਜਾਬ ਦੇ ਸਪੁਰਦ ਕਰ ਦੇਣ ਦਾ ਵਾਅਦਾ ਕੀਤਾ ਗਿਆ ਸੀ ਜਿਸ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਰਾਜੀਵ ਗਾਂਧੀ ਸਮਝੌਤੇ ਦੌਰਾਨ ਵੀ ਤਸਦੀਕ ਕੀਤਾ ਗਿਆ ਸੀ। ਹੁਣ ਬੀਜੇਪੀ ਪੰਜਾਬ ਨਾਲ ਪੱਖਪਾਤੀ ਵਿਤਕਰਾ ਕਰਕੇ ਇਸ ਨੂੰ ਸਦਾ ਲਈ ਪੰਜਾਬ ਤੋਂ ਅਲੱਗ ਕਰ ਦੇਣਾ ਚਾਹੁੰਦੀ ਹੈ। ਜਥੇਦਾਰ ਸੋਹਾਣਾ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਤੇ ਡਾਕਾ, ਬੀਬੀਐਮਬੀ ਤੇ ਪੰਜਾਬ ਦੇ ਹੱਕ ਤੇ ਡਾਕਾ, ਪੰਜਾਬ ਯੂਨੀਵਰਸਿਟੀ ਤੋਂ ਡਾਕਾ, ਪੰਜਾਬੀ ਬੋਲਦੇ ਇਲਾਕਿਆਂ ਤੇ ਡਾਕਾ ਅਤੇ ਚੰਡੀਗੜ੍ਹ ਨੂੰ ਲੁੱਟਣ ਦੇ ਤਾਜ਼ਾ ਯਤਨਾਂ ਨੇ ਇੱਕ ਵਾਰ ਫੇਰ ਭਾਜਪਾ ਦਾ ਪੰਜਾਬ ਵਿਰੋਧੀ ਚਿਹਰਾ ਨੰਗਾ ਕੀਤਾ ਹੈ ਜਿਸ ਨੂੰ ਪੰਜਾਬ ਦੇ ਲੋਕ ਸਖ਼ਤ ਵਿਰੋਧ ਅਤੇ ਸੰਘਰਸ਼ ਰਾਹੀਂ ਕਾਮਯਾਬ ਨਹੀਂ ਹੋਣ ਦੇਣਗੇ। ਜਥੇਦਾਰ ਸੋਹਾਣਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਸਰਦ ਰੁੱਤ ਸੈਸ਼ਨ ਦੌਰਾਨ ਉਕਤ ਤਜਵੀਜ਼ਸ਼ੁਦਾ ਬਿੱਲ ਕਿਸੇ ਵੀ ਕੀਮਤ ਤੇ ਪੇਸ਼ ਨਾ ਕਰਨ।



# ਬਰਿੰਦਰ ਚਾਨਾ ਨੂੰ ਸਦਮਾ-ਦਾਦੀ ਅਕਾਲ ਚਲਾਣਾ ਕਰ ਗਏ

**ਬਸਤੀ ਸ਼ੇਖ, ਜਲੰਧਰ (ਲਖਵਿੰਦਰ ਸਿੰਘ)**- ਪੇਸ਼ ਨਿਊਜ਼ ਦੇ ਮੁੱਖ ਸੰਪਾਦਕ ਅਤੇ ਜਰਨਲਿਸਟ ਪ੍ਰੈਸ ਕਲੱਬ ਪੰਜਾਬ ਦੇ ਸੀਨੀਅਰ ਆਗੂ ਬਰਿੰਦਰ ਚਾਨਾ ਨੂੰ ਉਸ ਸਮੇਂ ਗਹਿਰਾ ਸੱਦਮਾ ਲੱਗਾ ਜਦੋ ਉਹਨਾਂ ਦੇ ਦਾਦੀ ਕਨੇਡਾ ਵਿਖੇ ਅਕਾਲ ਚਲਾਣਾ ਕਰ ਗਏ । ਇਸ ਦੁਖ ਦੀ ਘੜੀ ਵਿੱਚ ਜਰਨਲਿਸਟ ਪ੍ਰੈਸ ਕਲੱਬ ਪੰਜਾਬ ਦੇ ਸੂਬਾ ਪ੍ਰਧਾਨ ਮਨਜੀਤ ਮਾਨ, ਐਡਵੋਕੇਟ ਹਰਜੀਤ ਸਿੰਘ, ਪ੍ਰੀਤ ਸੰਗੋਜਲਾ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ, ਉੱਤਮ ਹਿੰਦੂ ਨਰਿੰਦਰ ਤਲਵਾੜ, ਲਖਵਿੰਦਰ ਸਿੰਘ ਆਧੀ ਜ਼ਿਲ੍ਹਾ ਜਲੰਧਰ, ਪ੍ਰਧਾਨ,ਐਨ ਆਰ ਆਈ ਵਿੰਗ ਪੰਜਾਬ ਦੇ ਪ੍ਰਧਾਨ ਰਣਯੋਧ ਸਿੰਘ, ਦੇਵ ਰਾਜ ਸ਼ਰਮਾ, ਰਜੇਸ਼ ਕਾਲੀਆ, ਮਨਜੀਤ ਸਿੰਘ ਮਰਵਾਹਾ, ਮਿੰਟੂ ਚੁਘ, ਭਾਈ ਅਵਤਾਰ ਸਿੰਘ ਸਿੱਧਵਾਂ ਦੋਨਾਂ, ਸ਼ਰਾਬਣ ਸਿੰਘ ਸੰਘਾ,ਸਾਬੀ ਰਸੂਲਪੁਰੀ, ਆਦਿ ਪੱਤਰਕਾਰ ਨੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਹਮਦਰਦੀ ਪ੍ਰਗਟ ਕੀਤੀ।



# ਸ਼ਹੀਦੀ ਦਿਹਾੜੇ ਨੂੰ ਸਮਰਪਤ ਧਾਰਮਿਕ ਕਲਾ ਪ੍ਰਦਰਸ਼ਨੀ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਡਾਇਰੈਕਟਰੇਟ ਆਫ ਐਜੂਕੇਸ਼ਨ ,ਪਟਿਆਲਾ ਦੀ ਯੋਗ ਰਹਨੁਮਾਈ ਹੇਠ ਚੱਲ ਰਹੇ ਭਾਈ ਨੰਦ ਲਾਲ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ , ਭਾਈ ਮਤੀ ਦਾਸ ਜੀ ,ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਤਖਤ ਸ੍ਰੀ ਕੇਸਗੜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਧਾਰਮਿਕ ਕਲਾ ਪ੍ਰਦਰਸ਼ਨੀ ਲਗਾਈ ਗਈ। ਪ੍ਰਿੰਸੀਪਲ ਸਰਦਾਰ ਸਤਨਾਮ ਸਿੰਘ ਨੇ ਦੱਸਿਆ ਕਿ ਸ .ਹਰਜਿੰਦਰ ਸਿੰਘ ਧਾਮੀ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, ਸੁਖਮਿੰਦਰ ਸਿੰਘ ਵਿਦਿਆ ਸਕੱਤਰ, ਬੀਬੀ ਸਤਵੰਤ ਕੌਰ ਅਸਿਸਟੈਂਟ ਡਾਇਰੈਕਟਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਅਤੇ ਸਕੂਲ ਸਟਾਫ ਵੱਲੋਂ ਪ੍ਰਦਰਸ਼ਨੀ ਲਗਾਈ ਗਈ ।



# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਸਾਲਾਨਾ ਸਮਾਗਮ ਸੰਪੰਨ

**ਸੁਲਤਾਨਪੁਰ ਲੋਧੀ (ਹਨੀ)**- ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ 44ਵਾਂ ਸਲਾਨਾ ਇਨਾਮ ਵੰਡ ਅਤੇ ਸੱਭਿਆਚਾਰਕ ਸਮਾਗਮ 'ਸਾਵੀ ਧਰਤ' ਬੜੀ ਧੂਮਧਾਮ ਨਾਲ ਆਯੋਜਿਤ ਕੀਤਾ ਗਿਆ । ਸਮਾਗਮ ਵਿਚ ਰਵਿੰਦਰ ਸਿੰਘ ਚੱਕ ਚੇਅਰਮੈਨ ਗੁਰੂ ਗੋਬਿੰਦ ਸਿੰਘ ਐਜੂਕੇਸ਼ਨ ਟਰੱਸਟ ਅਤੇ ਮੈਂਬਰ ਸ਼੍ਰੋਮਣੀ ਕਮੇਟੀ ਮੁੱਖ ਮਹਿਮਾਨ ਵੱਜੋਂ ਸ਼ਾਮਲ ਹੋਏ, ਜਦਕਿ ਬੀਬੀ ਸੁਖਵਿੰਦਰ ਕੌਰ ਚੱਕ ਅਤੇ ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਨੇ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ, ਪ੍ਰਿੰਸੀਪਲ ਰੇਨੂੰ ਅਰੋੜਾ, ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ। ਇਸ ਦੌਰਾਨ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਦਾ ਆਗਾਜ਼ ਸ਼ਬਦ ਗਾਇਨ ਨਾਲ ਕੀਤਾ ਗਿਆ । ਇਸ ਤੋਂ ਪਹਿਲਾਂ ਪਹੁੰਚੇ ਮਹਿਮਾਨਾਂ ਸ਼ਮਾ ਰੌਸ਼ਨ ਕੀਤੀ । ਸਮਾਗਮ ਨੂੰ ਸੰਬੋਧਨ ਕਰਦਿਆਂ ਬੀਬੀ ਗੁਰਪ੍ਰੀਤ ਕੌਰ ਨੇ ਪਹੁੰਚੇ ਮਹਿਮਾਨਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਦਾ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ । ਪ੍ਰਿੰਸੀਪਲ ਰੇਨੂੰ ਅਰੋੜਾ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕਰਦਿਆਂ ਵਿਦਿਆਰਥੀਆਂ ਵੱਲੋਂ ਅਕਾਦਮਿਕ, ਸਪੋਰਟਸ, ਧਾਰਮਿਕ ਅਤੇ ਸੱਭਿਆਚਾਰਕ ਖੇਤਰ ਵਿੱਚ ਮਾਰੀਆਂ ਮੱਲਾਂ ਸਬੰਧੀ ਚਾਨਣਾ ਪਾਇਆ।ਸਮਾਗਮ ਨੂੰ ਸੰਬੋਧਨ ਕਰਦਿਆਂ ਬੀਬੀ ਸੁਖਵਿੰਦਰ ਕੌਰ ਚੱਕ ਨੇ ਵਿਦਿਆਰਥੀਆਂ ਵਲੋਂ ਪੇਸ਼ ਕੀਤੇ ਸੱਭਿਆਚਾਰਕ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ । ਉਨ੍ਹਾਂ ਵਿਦਿਆਰਥੀਆਂ ਨੂੰ ਫਾਸਟ ਫੂਡ ਤੋਂ ਦੂਰ ਰਹਿ ਕੇ, ਪੌਸ਼ਟਿਕ ਭੋਜਨ ਲੈਣ ਲਈ ਪ੍ਰੇਰਿਤ ਕੀਤਾ ।



# 350ਵੇਂ ਸ਼ਹੀਦੀ ਦਿਹਾੜੇ ਸੰਬੰਧੀ ਨਗਰ ਕੀਰਤਨ ਦਾ ਸਵਾਗਤ

**ਸ਼ਹੀਦ ਭਗਤ ਸਿੰਘ ਨਗਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਦੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਦਾਖ਼ਲ ਹੋਣ ਸਮੇਂ ਮੇਹਲੀ ਪਿੰਡ ਨੇੜੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਪੂਰੇ ਜਾਹੋ-ਜਹਾਲ ਨਾਲ ਸਵਾਗਤ ਕੀਤਾ।ਸੰਗਤ ਨੇ ਪਾਲਕੀ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਿਜਾ ਰਹੀ ਗੱਡੀ 'ਤੇ ਫੁੱਲਾਂ ਦੀ ਵਰਖਾ ਕੀਤੀ ਅਤੇ ਸ਼ਬਦ-ਕੀਰਤਨ ਕਰਦਿਆਂ ਨਗਰ ਕੀਰਤਨ ਦਾ ਸਵਾਗਤ ਕੀਤਾ। ਪੰਜਾਬ ਪੁਲਸ ਦੇ ਜਵਾਨਾਂ ਦੀ ਟੁਕੜੀ ਨੇ ਗਾਰਡ ਆਫ ਆਨਰ ਦਿੱਤਾ।ਬੰਗਾ ਦੇ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁਖੀ, ਪੰਜਾਬ ਜਲ ਸਰੋਤ ਪ੍ਰਬੰਧਨ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਕੁਲਜੀਤ ਸਿੰਘ ਸਰਹਾਲ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਰਜੋਤ ਕੌਰ ਲੋਹਟੀਆ, ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ, ਐਸ ਐਸ ਪੀ ਤੁਸ਼ਾਰ ਗੁਪਤਾ ਅਤੇ ਹੋਰ ਸ਼ਖਸੀਅਤਾਂ ਨੇ ਵੀ ਸੰਗਤ ਨਾਲ ਸ਼ਾਮਲ ਹੋ ਕੇ ਨਗਰ ਕੀਰਤਨ ਦਾ ਸਵਾਗਤ ਕੀਤਾ। ਗੁਰਦਾਸਪੁਰ ਤੋਂ ਸ਼ੁਰੂ ਹੋਇਆ ਇਹ ਨਗਰ ਕੀਰਤਨ ਮੇਹਲੀ, ਬਹਿਰਾਮ, ਬੰਗਾ, ਨਵਾਂਸ਼ਹਿਰ, ਬਲਾਚੌਰ, ਕਾਠਗੜ੍ਹ , ਗੁਰਦੁਆਰਾ ਟਿੱਬੀ ਸਾਹਿਬ, ਰੋਪੜ ਹੈੱਡਵਰਕਸ ਤੋਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਪਹੁੰਚੇਗਾ।ਨਗਰ ਕੀਰਤਨ ਦਾ ਸਵਾਗਤ ਕਰਦਿਆਂ ਬੰਗਾ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁਖੀ ਨੇ ਕਿਹਾ ਕਿ ਅਸੀਂ ਸਾਰੇ ਵੱਡਭਾਗੀ ਹਾਂ ਜੋ ਗੁਰੂ ਜੀ ਦੇ ਇਤਿਹਾਸਕ 350ਵੇਂ ਸ਼ਹੀਦੀ ਦਿਵਸ ਵਿੱਚ ਸ਼ਾਮਲ ਹੋ ਰਹੇ ਹਾਂ।ਉਨ੍ਹਾਂ ਕਿਹਾ ਕਿ ਗੁਰੂ ਜੀ ਨੇ ਮਨੁੱਖਤਾ, ਮਨੁੱਖੀ ਅਧਿਕਾਰਾਂ, ਧਾਰਮਿਕ ਆਜ਼ਾਦੀ ਅਤੇ ਸਾਰੇ ਧਰਮਾਂ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਆਪਣਾ ਸੀਸ ਨਿਸ਼ਾਵਰ ਕਰ ਦਿੱਤਾ।ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਤੇ ਐਸ ਐਸ ਪੀ ਤੁਸ਼ਾਰ ਗੁਪਤਾ ਨੇ ਦੱਸਿਆ ਕਿ ਨਗਰ ਕੀਰਤਨ ਦੇ ਸਵਾਗਤ ਤੇ ਵੱਡੀ ਗਿਣਤੀ ਵਿੱਚ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ।



# ਸੇਂਟ ਸੋਲਜਰ ਗਰੁੱਪ ਨੇ 350ਵਾਂ ਸ਼ਹੀਦੀ ਦਿਵਸ ਸ਼ਰਧਾ ਨਾਲ ਮਨਾਇਆ

**ਜਲੰਧਰ (ਇਕਬਾਲ ਸਿੰਘ ਉਭੀ)**- ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਵਸ ਬੜੀ ਸ਼ਰਧਾ ਨਾਲ ਮਨਾਇਆ। ਇਸ ਮੌਕੇ ਗੁਰੂ ਸਾਹਿਬ ਨੂੰ ਸ਼ਰਧਾਂਜਲੀਆਂ, ਉਨ੍ਹਾਂ ਦੇ ਜੀਵਨ, ਕੁਰਬਾਨੀ ਅਤੇ ਸਿੱਖਿਆਵਾਂ ਨੂੰ ਉਜਾਗਰ ਕਰਨ ਵਾਲੇ ਭਾਸ਼ਣਾਂ ਸਮੇਤ ਕਈ ਗਤੀਵਿਧੀਆਂ ਸ਼ਾਮਲ ਸਨ। ਵਿਦਿਆਰਥੀਆਂ ਨੇ ਗੁਰੂ ਸਾਹਿਬ ਦੀ ਸ਼ਹਾਦਤ, ਮਨੁੱਖਤਾ ਪ੍ਰਤੀ ਉਨ੍ਹਾਂ ਦੇ ਸਮਰਪਣ, ਧਾਰਮਿਕ ਆਜ਼ਾਦੀ ਅਤੇ ਨਿਆਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਉਨ੍ਹਾਂ ਦੇ ਸਿਧਾਂਤਾਂ ਦੀ ਸਥਾਈ ਮਹੱਤਤਾ 'ਤੇ ਜ਼ੋਰ ਦਿੱਤਾ। ਕਈ ਸ਼ਾਖਾਵਾਂ ਵੱਲੋਂ ਨਗਰ ਕੀਰਤਨ ਵੀ ਕੱਢੇ ਗਏ। ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਵੀ ਗੁਰੂ ਸਾਹਿਬ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ।

# ਚੰਡੀਗੜ੍ਹ ਪੰਜਾਬ ਦਾ ਅਟੁੱਟ ਹਿੱਸਾ, ਇਸ ਦੀ ਹਰ ਕੀਮਤ 'ਤੇ ਰੱਖਿਆ ਕਰਾਂਗੇ : ਤਲਵਾੜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ ਨੂੰ ਪੰਜਾਬ ਤੋਂ ਪੂਰੀ ਤਰ੍ਹਾਂ ਵੱਖ ਕਰਕੇ ਇਸ ਨੂੰ ਇੱਕ ਆਮ ਕੇਂਦਰ ਸ਼ਾਸਤ ਪ੍ਰਦੇਸ਼ ਦੇ ਰੂਪ ਵਿੱਚ ਬਦਲਣ ਦੀ ਕੋਸ਼ਿਸ਼ ਸੰਵਿਧਾਨਿਕ ਨਿਯਮਾਂ ਅਤੇ ਪੰਜਾਬ ਦੇ ਹੱਕਾਂ 'ਤੇ ਸਿੱਧਾ ਹਮਲਾ ਹੈ।ਪ੍ਰੈਸ ਦੇ ਨਾਂਅ ਜਾਰੀ ਬਿਆਨ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਸੰਜੀਵ ਤਲਵਾੜ ਉਪਰੋਕਤ ਸ਼ਬਦ ਕਹੇ। ਤਲਵਾੜ ਨੇ ਕਿਹਾ ਕਿ ਪਾਰਲੀਮੈਂਟ ਦੇ ਆਉਣ ਵਾਲੇ ਸਰਦ ਰੁੱਤ ਇਜਲਾਸ ਵਿੱਚ ਲਿਆਂਦੇ ਜਾ ਰਹੇ 131ਵੇਂ ਸੰਵਿਧਾਨ ਸੋਧ ਬਿੱਲ ਰਾਹੀਂ ਚੰਡੀਗੜ੍ਹ 'ਤੇ ਪੰਜਾਬ ਦੇ ਜਾਇਜ਼ ਹੱਕ ਨੂੰ ਖਤਮ ਕਰਨ ਦੀ ਇਹ ਸਾਜ਼ਿਸ਼ ਕੀਤੀ ਜਾ ਰਹੀ ਹੈ ਹੈ ਜਿਸ ਨੂੰ ਬਿਲਕੁਲ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਤਲਵਾੜ ਨੇ ਕਿਹਾ ਕਿ ਸਮੇਂ ਸਮੇਂ ਤੇ ਕੇਂਦਰ ਸਰਕਾਰਾਂ ਵੱਲੋਂ ਗੈਰ-ਸੰਵਿਧਾਨਿਕ ਤਰੀਕਿਆਂ ਨਾਲ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰਹੀਆਂ ਹਨ। ਭਾਵੇਂ ਕਈ ਵਾਰ ਚੰਡੀਗੜ੍ਹ ਦੇ ਪੰਜਾਬ ਨਾਲ ਸੰਬੰਧਤ ਹੋਣ ਦੇ ਵਾਅਦੇ ਤਾਂ ਕੀਤੇ ਗਏ, ਪਰ ਹਰ ਵਾਰ ਇਹ ਵਾਅਦੇ ਤੋੜ ਕੇ ਨਵੀਆਂ ਅੜਚਣਾਂ ਖੜੀਆਂ ਕੀਤੀਆਂ ਗਈਆਂ। ਹੁਣ ਭਾਜਪਾ ਸਰਕਾਰ ਵੱਲੋਂ ਲਿਆਂਦਾ ਜਾ ਰਿਹਾ ਬਿੱਲ ਪੰਜਾਬ ਦੇ ਹੱਕਾਂ ਦੇ ਕਤਲ ਦੇ ਨਾਲ ਨਾਲ ਰਾਜਾਂ ਦੇ ਅਧਿਕਾਰਾਂ ਨੂੰ ਖ਼ਤਮ ਕਰਨ ਵੱਲ ਇਕ ਹੋਰ ਵੱਡਾ ਕਦਮ ਹੈ।



# ਸੜਕ 'ਤੇ ਪਾਇਆ ਪੱਥਰ ਲੋਕਾਂ ਲਈ ਬਣਿਆ ਪਰੇਸ਼ਾਨੀ ਦਾ ਕਾਰਨ

**ਅੱਡਾ ਸਰਾਂ (ਜਸਵੀਰ ਕਾਜਲ)**- ਅੱਡਾ ਸਰਾ ਤੋ ਪਿੰਡ ਢੱਟ, ਭਾਗੀਆ, ਕੰਧਾਲੀ ਨੌਰੰਗ ਪੁਰ ਤੇ ਨਵੀਂ ਬਣਨ ਜਾ ਰਹੀ ਸੜਕ ਤੇ ਮਹਿਕਮੇ ਵਲੋਂ ਸੜਕ ਪੁਟ ਕੇ ਦੁਬਾਰਾ ਗਟਕਾ ਪੱਥਰ ਪਾਇਆ ਗਿਆ ਹੈ ਅਤੇ ਉਪਰ ਮਿੱਟੀ ਵੀ ਪਾਈ ਹੋਈ ਹੈ। ਇਸ ਸੜਕ ਤੇ ਰਾਹਗੀਰਾਂ ਦੀ ਜਿਆਦਾ ਆਵਾਜਾਈ ਕਰਕੇ ਮਿੱਟੀ ਵਿੱਚੋਂ ਪੱਥਰ ਬਾਹਰ ਆ ਗਏ ਹਨ ਅਤੇ ਇਨ੍ਹਾਂ ਪੱਥਰਾ ਕਰਕੇ ਰਾਹਗੀਰਾਂ ਦੇ ਵਾਹਨਾ ਦੇ ਟਾਇਰਾਂ ਦਾ ਵੀ ਨੁਕਸਾਨ ਹੋ ਰਿਹਾ ਹੈ ਅਤੇ ਇਹ ਵੀ ਡਰ ਬਣਿਆ ਹੋਇਆ ਕਿ ਪੱਥਰ ਉਭਰ ਕੇ ਕਿਸੇ ਦੇ ਸੱਟ ਲਗਣ ਨਾਲ ਵੀ ਨੁਕਸਾਨ ਹੋ ਸਕਦਾ ਹੈ। ਇਸ ਸੜਕ ਤੇ ਮੋਟਰਸਾਇਕਲ,ਵਾਹਨਾਂ ਆਦਿ ਰਾਹਗੀਰਾਂ ਦੀ ਆਵਾਜਾਈ ਬਹੁਤ ਹੈ। ਇਲਾਕੇ ਦੇ ਲੋਕਾਂ ਦੀ ਮਹਿਕਮੇ ਤੋ ਮੰਗ ਹੈ ਇਸ ਸੜਕ ਤੇ ਕੰਕਰੀਟ ਪਾਈ ਜਾਵੇ ਜਾਂ ਮੁਕੰਮਲ ਬਣਾਈ ਜਾਵੇ ਤਾਂ ਜੋ ਰਾਹਗੀਰਾਂ ਨੂੰ ਇਸ ਸਮਸਿਆ ਤੋ ਨਿਤਾਤ ਮਿਲ ਸਕੇ।

# ਪੀ ਐੱਮ ਸ੍ਰੀ ਸਕੂਲ ਰੱਤੇਵਾਲ ਦੇ ਵਿਦਿਆਰਥੀਆਂ ਨੇ ਬਲਾਕ ਪੱਧਰੀ ਵਿਗਿਆਨ ਪ੍ਰਦਰਸ਼ਨੀ 'ਚ ਮਾਰੀਆਂ ਮੱਲਾਂ

**ਬਲਾਚੌਰ (ਜਸਵਿੰਦਰ ਬੈਂਸ)** ਸਿੱਖਿਆ ਵਿਭਾਗ ਪੰਜਾਬ ਵੱਲੋਂ ਰਾਸ਼ਟਰੀ ਅਵਿਸ਼ਕਾਰ ਅਭਿਆਨ ਤਹਿਤ ਕਰਵਾਈ ਗਈ ਬਲਾਕ ਪੱਧਰੀ ਵਿਗਿਆਨ ਪ੍ਰਦਰਸ਼ਨੀ ਵਿੱਚ ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰੱਤੇਵਾਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਮੀਡੀਆ ਕੋਆਰਡੀਨੇਟਰ ਅਜੇ ਕੁਮਾਰ ਨੇ ਦੱਸਿਆ ਕਿ ਸਕੂਲ ਪ੍ਰਿੰਸੀਪਲ ਸ੍ਰੀਮਤੀ ਰਮਾ ਸ਼ਰਮਾ ਦੀ ਯੋਗ ਅਗਵਾਈ ਹੇਠ ਵਿਦਿਆਰਥੀਆਂ ਨੇ ਵੱਖ-ਵੱਖ ਮਾਡਲ ਪੇਸ਼ ਕੀਤੇ। ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਵਿਦਿਆਰਥਣ ਮੁਸਕਾਨ ਨੇ 'ਸਿਹਤ ਅਤੇ ਸਫਾਈ' ਉਪ-ਵਿਸ਼ੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਵਿਦਿਆਰਥੀ ਏਕਮਜੋਤ ਨੇ 'ਗ੍ਰੀਨ ਐਨਰਜੀ' ਉਪ-ਵਿਸ਼ੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਵਿਦਿਆਰਥਣ ਵਿਸ਼ਾਲੀ ਨੇ 'ਮਨੋਰੰਜਕ ਗਣਿਤਿਕ ਮਾਡਲਿੰਗ' ਉਪ-ਵਿਸ਼ੇ ਵਿੱਚ ਦੂਜਾ ਸਥਾਨ ਹਾਸਲ ਕੀਤਾ। ਵਿਦਿਆਰਥੀ ਕਮਲਜੀਤ ਨੇ 'ਉਭਰਦੀਆਂ ਤਕਨੀਕਾਂ' ਉਪ-ਵਿਸ਼ੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਪ੍ਰਿੰਸੀਪਲ ਰਮਾ ਸ਼ਰਮਾ ਨੇ ਸਵੇਰ ਦੀ ਸਭਾ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ।ਉਨ੍ਹਾਂ ਨੇ ਵਿਦਿਆਰਥੀਆਂ ਦੀ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਗਾਈਡ ਅਧਿਆਪਕਾਂ ਸ੍ਰੀਮਤੀ ਹਰਦੀਪ ਕੌਰ, ਨੀਲ ਕਮਲ, ਸੁਖਵਿੰਦਰ ਸਿੰਘ ਅਤੇ ਅਜੇ ਕੁਮਾਰ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ।ਪਹਿਲੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀ ਹੁਣ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਭਾਗ ਲੈਣਗੇ।




# ਐੱਲ ਪੀ ਯੂ ਨੇ 6ਵੀਂ ਨਵ-ਅੰਤਰਰਾਸ਼ਟਰੀ ਕਾਨਫਰੰਸ ਦੀ ਕੀਤੀ ਮੇਜ਼ਬਾਨੀ

**ਜਲੰਧਰ (ਸ਼ੈਲੀ ਐਲਬਰਟ)**- ਦੇਸ਼ ਦੇ ਭਵਿੱਖ ਨੂੰ ਬਿਹਤਰ ਬਣਾਉਣ ਵੱਲ ਕਦਮ ਵਧਾਉਂਦੇ ਹੋਏ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ 6ਵੀਂ ਨਵ-ਅੰਤਰਰਾਸ਼ਟਰੀ ਕਾਨਫਰੰਸ ਅਤੇ ਅੰਤਰਰਾਸ਼ਟਰੀ ਪੇਸ਼ੇਵਰਾਂ ਦੀ ਮੀਟਿੰਗ ਐਨ ਆਈ ਸੀ ਐਚ ਈ-ਆਈ ਪੀ ਐਮ 2025 ਦੀ ਮੇਜ਼ਬਾਨੀ ਕੀਤੀ। ਲਵਲੀ ਸਕੂਲ ਆਫ਼ ਆਰਕੀਟੈਕਚਰ ਐਂਡ ਡਿਜ਼ਾਈਨ ਨੇ ਇਸ ਦੋ-ਰੋਜ਼ਾ ਪ੍ਰਮੁੱਖ ਅਕਾਦਮਿਕ ਪ੍ਰੋਗਰਾਮ, ਇੱਕ ਰਣਨੀਤਕ ਰਾਸ਼ਟਰੀ ਸੰਵਾਦ ਸੈਸ਼ਨ ਦਾ ਆਯੋਜਨ ਕੀਤਾ, ਜੋ 2047 ਤੱਕ 'ਵਿਕਸਤ ਭਾਰਤ' ਨੂੰ ਪ੍ਰਾਪਤ ਕਰਨ ਲਈ ਇੱਕ ਨੀਂਹ ਵਜੋਂ ਟਿਕਾਊ ਰਿਹਾਇਸ਼ੀ ਡਿਜ਼ਾਈਨ 'ਤੇ ਕੇਂਦ੍ਰਿਤ ਸੀ। 'ਭਾਰਤ ਨੂੰ ਮਜ਼ਬੂਤ ਬਣਾਉਣਾ: ਇੱਕ ਟਿਕਾਊ ਅਤੇ ਜੀਵਤ ਭਾਰਤ ਵੱਲ' ਥੀਮ ਵਾਲੀ ਇਸ ਕਾਨਫਰੰਸ ਨੇ ਦੁਨੀਆ ਭਰ ਦੇ ਪ੍ਰਸਿੱਧ ਆਰਕੀਟੈਕਟ, ਨੀਤੀ ਨਿਰਮਾਤਾ ਅਤੇ ਖੋਜਕਰਤਾਵਾਂ ਨੂੰ ਇਕੱਠਾ ਕੀਤਾ। ਇਸ ਕਾਨਫਰੰਸ ਵਿੱਚ, ਇੱਕ ਵਿਕਸਤ ਭਾਰਤ 2047 ਦੇ ਰਾਸ਼ਟਰੀ ਦ੍ਰਿਸ਼ਟੀਕੋਣ ਨਾਲ ਮਜ਼ਬੂਤੀ ਨਾਲ ਜੁੜੇ ਹੋਏ, ਨੇ ਸਮਾਵੇਸ਼ੀ ਅਤੇ ਸਿਹਤਮੰਦ ਭਾਈਚਾਰਿਆਂ, ਸ਼ਹਿਰੀ-ਪੇਂਡੂ ਆਰਥਿਕ ਵਿਕਾਸ, ਏ ਆਈ-ਸੰਚਾਲਿਤ ਅਤੇ ਸਵੈਚਾਲਿਤ ਬਣਾਏ ਵਾਤਾਵਰਣ, ਸੁਰੱਖਿਆ ਅਤੇ ਸਥਿਰਤਾ ਲਈ ਸ਼ਾਸਨ, ਅਤੇ ਟਿਕਾਊ ਡਿਜ਼ਾਈਨ ਵਿੱਚ ਭਾਰਤ ਦੀ ਵਧਦੀ ਵਿਸ਼ਵ ਲੀਡਰਸ਼ਿਪ ਵਰਗੇ ਪਰਿਵਰਤਨਸ਼ੀਲ ਵਿਚਾਰਾਂ ਨੂੰ ਸੰਬੋਧਿਤ ਕੀਤਾ। ਐੱਲ ਪੀ ਯੂ ਦੇ ਪ੍ਰੋ-ਚਾਂਸਲਰ ਡਾ. ਕਰਨਲ ਰਸ਼ਮੀ ਮਿੱਤਲ ਅਤੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਸੰਧੂ ਨੇ ਉਦਘਾਟਨੀ ਸਮਾਰੋਹ ਦੀ ਸ਼ੋਭਾ ਵਧਾਈ। ਡਾ. ਮਿੱਤਲ ਨੇ ਭਵਿੱਖ ਲਈ ਜ਼ਿੰਮੇਵਾਰ ਡਿਜ਼ਾਈਨਰਾਂ ਨੂੰ ਤਿਆਰ ਕਰਨ ਵਿੱਚ ਅਕਾਦਮਿਕ ਸੰਸਥਾਵਾਂ ਦੀ ਜ਼ਿੰਮੇਵਾਰੀ 'ਤੇ ਜ਼ੋਰ ਦਿੰਦੇ ਹੋਏ ਕਿਹਾ, 'ਟਿਕਾਊ ਹੋਣਾ ਹੁਣ ਸਿਰਫ਼ ਇੱਕ ਅਕਾਦਮਿਕ ਖੋਜ ਨਹੀਂ ਹੈ; ਇਹ ਇੱਕ ਰਾਸ਼ਟਰੀ ਜ਼ਿੰਮੇਵਾਰੀ ਹੈ। ਐਲ ਪੀ ਯੂ ਅਜਿਹੇ ਆਰਕੀਟੈਕਟ ਵਿਕਸਤ ਕਰਨ ਲਈ ਵਚਨਬੱਧ ਹੈ ਜੋ ਸਿਰਫ਼ ਅੱਜ ਲਈ ਨਹੀਂ, ਸਗੋਂ ਦੇਸ਼ ਲਈ ਡਿਜ਼ਾਈਨ ਕਰਦੇ ਹਨ।'




# ਸਾਲਾਨਾ ਮੇਲਾ ਸ਼ਰਧਾ ਨਾਲ ਮਨਾਇਆ

**ਬੰਗਾ (ਅਵਤਾਰ ਕਲੇਰ)**- ਦਰਬਾਰ ਪੰਜ ਪੀਰ ਸਰਕਾਰ ਮੇਹਲੀ ਵਿਖੇ ਚੌਥਾ ਸਲਾਨਾ ਮੇਲਾ ਮੁੱਖ ਸੇਵਾਦਾਰ ਬਾਬਾ ਰਵੀ ਮੱਟੂ ਦੀ ਰਹਿਨੁਮਾਈ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਵੱਖ ਵੱਖ ਦਰਬਾਰਾਂ ਤੋਂ ਸਾਈਂ ਮੋਹਣ ਸ਼ਾਹ, ਸਾਈਂ ਪਰਮਜੀਤ ਹਰਮੇਸ਼ ਰਾਹੋਂ, ਬਾਬਾ ਅਮਰਜੀਤ ਜਮਾਲਪੁਰ, ਸਾਈਂ ਬਿੰਦਰ ਸ਼ਾਹ ਨਵਾਂ ਸ਼ਹਿਰ, ਸਾਈਂ ਹਰਭਜਨ, ਬਾਬਾ ਦਵਿੰਦਰ ਕੁਮਾਰ ਆਦਿ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਸਟੇਜ ਸਜਾਈ ਗਈ ਜਿਸ ਵਿੱਚ ਮਸ਼ਹੂਰ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਦਰਬਾਰ ਤੇ ਚਾਹ ਪਕੌੜੇ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਮੁੱਖ ਸੇਵਾਦਾਰ ਬਾਬਾ ਰਵੀ ਮੱਟੂ ਵਲੋਂ ਪਹੁੰਚੇ ਹੋਏ ਸੰਤ ਮਹਾਂਪੁਰਸ਼ਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਅਸ਼ੋਕ ਕੁਮਾਰ, ਬੀਬੀ ਪਰਮਜੀਤ ਕੌਰ, ਬੂਟਾ ਸਿੰਘ, ਬਲਵੀਰ ਮੰਢਾਲੀ, ਮੁਕੇਸ਼ ਮੱਟੂ, ਦੀਪਾ ਆਦਿ ਹਾਜ਼ਰ ਸਨ।



# 350 ਸਾਲਾ ਸ਼ਹੀਦੀ ਸ਼ਤਾਬਦੀ ਦਿਹਾੜਿਆਂ ਤੋਂ ਸਾਨੂੰ ਪ੍ਰੇਰਨਾ ਲੈਣੀ ਚਾਹੀਦੀ : ਲਖਵਿੰਦਰ, ਸਰਵਜੀਤ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਨੌਵੇਂ ਪਾਤਸ਼ਾਹ ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਕੌਮ ਦੇ ਮਹਾਨ ਸ਼ਹੀਦ ਭਾਈ ਸਤੀ ਦਾਸ ਜੀ ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਵਸ ਤੋਂ ਸਾਨੂੰ ਸਾਰਿਆਂ ਨੂੰ ਪ੍ਰੇਰਣਾ ਲੈਣੀ ਚਾਹੀਦੀ ਹੈ। ਇਹ ਸ਼ਬਦ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਅਤੇ ਅਕਾਲੀ ਆਗੂ ਸਰਬਜੀਤ ਸਿੰਘ ਮੋਮੀ ਨੇ ਇੱਥੇ ਗੱਲਬਾਤ ਦੌਰਾਨ ਕਹੇ। ਇਸ ਮੌਕੇ ਜ਼ਿਲਾ ਪ੍ਰਧਾਨ ਲੱਖੀ ਗਿਲਜੀਆਂ ਅਤੇ ਸਰਬਜੀਤ ਸਿੰਘ ਮੋਮੀ ਨੇ ਹੋਰ ਕਿਹਾ ਕਿ ਸਾਨੂੰ ਇਨਾਂ ਸ਼ਹਾਦਤਾਂ ਨੂੰ ਆਪਣੇ ਮਨਾਂ ਵਿੱਚ ਵਸਾ ਕੇ ਉਹਨਾਂ ਲੋਕਾਂ ਨੂੰ ਵੀ ਗੁਰ ਸਾਹਿਬ ਵੱਲੋਂ ਦਿੱਤੀ ਗਈ ਸ਼ਹਾਦਤ ਤੋਂ ਜਾਣੂ ਕਰਵਾਉਂਦੇ ਹੋਏ ਕੌਮ ਦੇ ਮਹਾਨ ਇਤਿਹਾਸ ਨਾਲ ਜੋੜਨਾ ਚਾਹੀਦਾ ਹੈ।



# ਇਨੋਸੈਂਟ ਹਾਰਟਸ ਸਕੂਲ ਨੂਰਪੁਰ ਬ੍ਰਾਂਚ ਵੱਲੋਂ ਦੇਸ਼ ਭਗਤੀ ਪ੍ਰੋਗਰਾਮ

**ਜਲੰਧਰ (ਸ਼ੈਲੀ ਐਲਬਰਟ)** ਇਨੋਸੈਂਟ ਹਾਰਟਸ ਸਕੂਲ, ਨੂਰਪੁਰ ਬ੍ਰਾਂਚ ਨੇ ਬਹੁਤ ਧੂਮਧਾਮ ਨਾਲ ਇੱਕ ਸ਼ਾਨਦਾਰ ਦੇਸ਼ ਭਗਤੀ ਪ੍ਰੋਗਰਾਮ ਦਾ ਆਯੋਜਨ ਕੀਤਾ ਜਿਸ ਨਾਲ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਅਤੇ ਹੁਨਰ ਪ੍ਰਦਰਸ਼ਿਤ ਕਰਨ ਲਈ ਬਹੁਤ ਵਧੀਆ ਪਲੇਟਫਾਰਮ ਮਿਲਿਆ।ਦੇਸ਼ ਭਗਤੀ ਪ੍ਰੋਗਰਾਮ ਵਿੱਚ ਗ੍ਰੇਡ-2 ਅਤੇ ਤਿੰਨ ਦੇ ਵਿਦਿਆਰਥੀਆਂ ਦੁਆਰਾ ਸ਼ਾਨਦਾਰ ਨਾਚ ਪ੍ਰਦਰਸ਼ਨ ਕੀਤੇ ਗਏ। ਗ੍ਰੇਡ 2ਬੀ ਨੇ 'ਉਡਾਣ' ਪੇਸ਼ ਕੀਤਾ। ਇਸ ਤੋਂ ਬਾਅਦ ਗ੍ਰੇਡ ਤਿੰਨ-ਬੀ ਨੇ 'ਯੇ ਮੇਰਾ ਇੰਡੀਆ, ਆਈ ਲਵ ਮਾਈ ਇੰਡੀਆ' 'ਤੇ ਪ੍ਰਦਰਸ਼ਨ ਕੀਤਾ।ਗ੍ਰੇਡ ਤਿੰਨ-1 ਨੇ 'ਹਮ ਭਾਰਤ ਕੇ ਹੈ' ਪੇਸ਼ ਕੀਤਾ ਅਤੇ ਪ੍ਰੋਗਰਾਮ ਗ੍ਰੇਡ ਦੋ-1 ਨੇ 'ਭਾਰਤ ਪਿਆਰਾ ਦੇਸ਼ ਹਮਾਰਾ' 'ਤੇ ਮਨਮੋਹਕ ਨਾਚ ਨਾਲ ਸਮਾਪਤ ਹੋਇਆ। ਪ੍ਰਦਰਸ਼ਨਾਂ ਨੇ ਮਾਹੌਲ ਨੂੰ ਮਾਣ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਭਰ ਦਿੱਤਾ। ਇਸ ਮੌਕੇ ਐਂਟਰਪ੍ਰੈਨਿਓਰਸ਼ਿਪ ਕਲੱਬ ਦੇ ਤਹਿਤ ਮਾਰਕੀਟ ਡੇ ਵੀ ਕਰਵਾਇਆ ਗਿਆ ਐਂਟਰਪ੍ਰੈਨਿਓਰ ਕਲੱਬ ਦੇ ਵਿਦਿਆਰਥੀਆਂ ਨੇ ਬੁੱਕਮਾਰਕ, ਸੁਗੰਧਿਤ ਮੋਮਬੱਤੀਆਂ, ਘਰੇਲੂ ਪਿੰਨੀਆਂ, ਸੈਂਡਵਿਚ, ਦਹੀਂ ਵੜਾ, ਸਕ੍ਰੰਚੀ, ਫੇਸ ਮਾਸਕ ਅਤੇ ਊਨੀ ਫੁੱਲਾਂ ਵਰਗੇ ਹੱਥ ਨਾਲ ਬਣੇ ਉਤਪਾਦਾਂ ਦੀ ਵਿਸ਼ੇਸ਼ਤਾ ਵਾਲੇ ਆਕਰਸ਼ਕ ਸਟਾਲ ਲਗਾਏ। ਇਸ ਪ੍ਰੋਗਰਾਮ ਨੇ ਵਿਦਿਆਰਥੀਆਂ ਨੂੰ ਮਾਰਕੀਟਿੰਗ, ਲਾਗਤ, ਕੀਮਤ ਅਤੇ ਗਾਹਕ ਪ੍ਰਬੰਧਨ ਵਰਗੇ ਜ਼ਰੂਰੀ ਉੱਦਮੀ ਹੁਨਰਾਂ ਨੂੰ ਵਿਕਸਤ ਕਰਨ ਵਿੱਚ ਮਦਦ ਕੀਤੀ, ਜਿਸਨੇ ਕੈਂਪਸ ਨੂੰ ਵਿਚਾਰਾਂ, ਕਲਾਤਮਕਤਾ ਅਤੇ ਉੱਦਮ ਦੇ ਕੇਂਦਰ ਵਿੱਚ ਬਦਲ ਦਿੱਤਾ। ਇਸ ਨੂੰ ਅਧਿਆਪਕਾਂ ਦੇ ਨਾਲ-ਨਾਲ ਮਾਪਿਆਂ ਵੱਲੋਂ ਵੀ ਬਹੁਤ ਪ੍ਰਸ਼ੰਸਾ ਮਿਲੀ।




# ਗੋਡਿਆਂ ਦੇ ਇਲਾਜ ਲਈ ਡਿਉਰੇਨਿਯਮ-ਗੋਲਡ ਨੀ ਇੰਪਲਾਂਟ ਨਾਲ ਨਵੀਂ ਕ੍ਰਾਂਤੀ

**ਮੋਹਾਲੀ (ਗੁਰਜੀਤ ਬਿੱਲਾ)** ਸ਼ੈਲਬੀ ਹਸਪਤਾਲ ਮੋਹਾਲੀ ਨੇ ਅਮਰੀਕਾ ਦੇ ਪ੍ਰਸਿੱਧ ਆਰਥੋਪੀਡਿਕ ਸਰਜਨ ਡਾ. ਹਰਬਿੰਦਰ ਸਿੰਘ ਚੱਢਾ ਦੀ ਮੇਜ਼ਬਾਨੀ ਕੀਤੀ।ਡਾ. ਚੱਢਾ, ਜਿਨ੍ਹਾਂ ਨੂੰ ਜੁਆਇੰਟ ਰਿਪਲੇਸਮੈਂਟ ਅਤੇ ਐਡਲਟ ਰੀਕੰਸਟ੍ਰਕਸ਼ਨ ਵਿੱਚ 20 ਸਾਲ ਤੋਂ ਵੱਧ ਤਜਰਬਾ ਹੈ, ਇਸ ਵੇਲੇ ਕੈਲੀਫ਼ੋਰਨੀਆ ਦੇ ਸ਼ਾਰਪ ਚੂਲਾ ਵਿਸਟਾ ਹਸਪਤਾਲ ਵਿਚ ਚੀਫ਼ ਆਫ਼ ਸਰਜਰੀ ਵਜੋਂ ਸੇਵਾ ਨਿਭਾ ਰਹੇ ਹਨ।ਆਪਣੇ ਦੌਰੇ ਦੌਰਾਨ, ਉਨ੍ਹਾਂ ਨੇ ਆਰਥੋਪੀਡਿਕ ਮਾਹਿਰਾਂ ਨਾਲ ਮਾਡਰਨ ਗੋਡੇ ਬਦਲਣ ਦੀ ਤਕਨੀਕਾਂ 'ਤੇ ਵਿਸਥਾਰ ਨਾਲ ਗੱਲਬਾਤ ਕੀਤੀ। ਡਾ. ਚੱਢਾ ਨੇ ਟੋਟਲ ਨੀ ਰਿਪਲੇਸਮੈਂਟ ਵਿਚ ਹੋ ਰਹੇ ਨਵੇਂ ਵਿਕਾਸ, ਜਿਵੇਂ ਪ੍ਰਿਸੀਜ਼ਨ-ਗਾਈਡਡ ਤਕਨੀਕ ਅਤੇ ਉੱਚ ਗੁਣਵੱਤਾ ਵਾਲੇ ਇੰਪਲਾਂਟ, ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਅਧੁਨਿਕ ਇੰਪਲਾਂਟ ਸਮੱਗਰੀ, ਗੰਭੀਰ ਗੋਡੇ ਦਾ ਦਰਦ ਅਤੇ ਆਰਥਰਾਈਟਿਸ ਵਾਲੇ ਮਰੀਜ਼ਾਂ ਲਈ ਲੰਮੇ ਸਮੇਂ ਤੱਕ ਚੰਗੇ ਨਤੀਜੇ ਦੇ ਸਕਦੀ ਹੈ।ਪ੍ਰੋਗਰਾਮ ਦਾ ਮੁੱਖ ਕੇਂਦਰ ਭਾਰਤ ਵਿੱਚ 'ਡਿਉਰੇਨਿਯਮ-ਗੋਲਡ' ਨੀ ਇੰਪਲਾਂਟ ਤਕਨੀਕ ਨੂੰ ਰੂਬਰੂ ਕਰਨਾ ਸੀ। (ਟਾਈਟੇਨੀਅਮ-ਨਾਈਟ੍ਰਾਈਡ-ਨਾਓਬੀਅਮ) ਕੋਟਿੰਗ ਵਾਲੀ ਇਹ ਨਵੀਂ ਪੀੜ੍ਹੀ ਦੀ ਤਕਨੀਕ ਘਿਸਾਈ ਘਟਾਉਂਦੀ ਹੈ, ਟਿਕਾਊਪਨ ਵਧਾਉਂਦੀ ਹੈ ਅਤੇ ਜੋੜ ਦੀ ਸਹਿਜ ਚਲਣਸ਼ੀਲਤਾ ਵਿੱਚ ਮਦਦ ਕਰਦੀ ਹੈ।ਮਾਹਿਰਾਂ ਮੁਤਾਬਕ, ਇਸ ਕੋਟਿੰਗ ਨਾਲ ਬਾਇਓ-ਕੰਪੈਟਬਿਲਟੀ ਅਤੇ ਕਰਪਸ਼ਨ ਰੋਧ ਵੀ ਬਿਹਤਰ ਹੁੰਦਾ ਹੈ, ਜਿਸ ਨਾਲ ਲੰਮੇ ਸਮੇਂ 'ਚ ਵਧੀਆ ਨਤੀਜੇ ਮਿਲਦੇ ਹਨ।ਸ਼ੈਲਬੀ ਹਸਪਤਾਲ ਮੋਹਾਲੀ ਦੇ ਆਰਥੋਪੀਡਿਕਸ ਅਤੇ ਜੁਆਇੰਟ ਰਿਪਲੇਸਮੈਂਟ ਵਿਭਾਗ ਦੇ ਚੇਅਰਮੈਨ ਡਾ. ਪ੍ਰਦੀਪ ਅਗਰਵਾਲ ਨੇ ਕਿਹਾ ਕਿ ਅੰਤਰਰਾਸ਼ਟਰੀ ਮਾਹਿਰਾਂ ਨਾਲ ਵਿਚਾਰ-ਚਰਚਾ ਨਾਲ ਜੋਇੰਟ ਰਿਪਲੇਸਮੈਂਟ ਦਾ ਵਿਗਿਆਨ ਹੋਰ ਮਜ਼ਬੂਤ ਬਣਦਾ ਹੈ। ਉਨ੍ਹਾਂ ਮੁਤਾਬਕ, ਕੋਟਿੰਗ ਵਾਲੇ ਇਹ ਅਧੁਨਿਕ ਇੰਪਲਾਂਟ ਮਰੀਜ਼ਾਂ ਨੂੰ ਵਧੀਆ ਸੁਵਿਧਾ ਅਤੇ ਲੰਮਾ ਟਿਕਾਊ ਨਤੀਜਾ ਦਿੰਦੇ ਹਨ।ਡਾ. ਜੀ. ਐੱਸ. ਨੱਟ, ਡਾਇਰੈਕਟਰ, ਆਰਥੋਪੀਡਿਕਸ ਅਤੇ ਜੋਇੰਟ ਰਿਪਲੇਸਮੈਂਟ, ਨੇ ਕਿਹਾ ਕਿ ਡਿਉਰੇਨਿਯਮ-ਗੋਲਡ ਵਰਗੇ ਆਧੁਨਿਕ ਇੰਪਲਾਂਟ ਭਵਿੱਖ ਦੀ ਤਕਨੀਕ ਨੂੰ ਦਰਸਾਉਂਦੇ ਹਨ। ਇਹ ਵਧੇਰੇ ਟਿਕਾਊਪਨ ਅਤੇ ਬਿਹਤਰ ਵਿਆਰ ਰੇਜ਼ਿਸਟੈਂਸ ਮੁਹੱਈਆ ਕਰਦੇ ਹਨ, ਜਿਸ ਨਾਲ ਮਰੀਜ਼ ਤੇਜ਼ੀ ਨਾਲ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਵਾਪਸ ਆ ਸਕਦੇ ਹਨ।ਸ਼ੈਲਬੀ ਹਸਪਤਾਲ ਦੇ ਚੀਫ਼ ਐਡਮਿਨਿਸਟ੍ਰੇਟਿਵ ਅਫ਼ਸਰ ਗਲੇਡਵਿਨ ਸੰਦੀਪ ਨੇਈਅਰ ਨੇ ਕਿਹਾ ਕਿ ਹਸਪਤਾਲ ਖੇਤਰ ਵਿੱਚ ਸਭ ਤੋਂ ਉੱਨਤ ਆਰਥੋਪੀਡਿਕ ਤਕਨੀਕਾਂ ਮੁਹੱਈਆ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਹਸਪਤਾਲ ਦਾ ਧਿਆਨ ਸੁਰੱਖਿਅਤ ਪ੍ਰਕਿਰਿਆਵਾਂ, ਤੇਜ਼ ਰਿਕਵਰੀ ਅਤੇ ਵਧੀਆ ਫੰਕਸ਼ਨਲ ਨਤੀਜਿਆਂ ਤੇ ਹੈ। ਹਸਪਤਾਲ ਨੇ ਅਧੁਨਿਕ ਤਕਨੀਕਾਂ, ਅੰਤਰਰਾਸ਼ਟਰੀ ਤਜਰਬੇ ਅਤੇ ਮਰੀਜ਼ ਜਾਗਰੂਕਤਾ ਰਾਹੀਂ ਹੋਰ ਬਿਹਤਰ ਆਰਥੋਪੀਡਿਕ ਦੇਖਭਾਲ ਮੁਹੱਈਆ ਕਰਨ ਦਾ ਆਪਣੇ ਵਚਨ ਨੂੰ ਦੁਹਰਾਇਆ।




# ਕਿਸਾਨ ਆਗੂ ਤੇ ਸੀਨੀਅਰ ਐਡਵੋਕੇਟ ਰਾਜਿੰਦਰ ਰਾਣਾ ਦੀ ਭੈਣ ਦਾ ਦੇਹਾਂਤ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਹਲਕਾ ਸੁਲਤਾਨਪੁਰ ਲੋਧੀ ਦੇ ਉੱਘੇ ਸਮਾਜ ਸੇਵੀ ਅਤੇ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਕਪੂਰਥਲਾ ਦੇ ਕੋਆਰਡੀਨੇਟਰ ਅਤੇ ਬਾਰ ਐਸੋਸੀਏਸ਼ਨ ਸੁਲਤਾਨਪੁਰ ਲੋਧੀ ਦੇ ਸਾਬਕਾ ਪ੍ਰਧਾਨ ਸੀਨੀਅਰ ਐਡਵੋਕੇਟ ਰਾਜਿੰਦਰ ਸਿੰਘ ਰਾਣਾ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੀ ਭੈਣ ਸਤਿਕਾਰ ਯੋਗ ਬੀਬੀ ਕੁਲਵੰਤ ਕੌਰ ਪਤਨੀ ਸਵ. ਸੋਹਣ ਸਿੰਘ ਪਿੰਡ ਸੈਦਪੁਰ ਹਾਲ ਵਾਸੀ ਕਪੂਰਥਲਾ ਦਾ ਅਚਣਚੇਤ ਦਿਹਾਂਤ ਹੋ ਗਿਆ। ਕੁਲਵੰਤ ਕੌਰ ਦਾ ਅੰਤਿਮ ਸੰਸਕਾਰ 26 ਨਵੰਬਰ ਨੂੰ ਪਿੰਡ ਕਪੂਰਥਲਾ ਵਿਖੇ ਕੀਤਾ ਜਾਵੇਗਾ। ਇਸ ਮੌਕੇ ਪਦਮਸ਼੍ਰੀ ਸੰਤ ਬਲਵੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ ਵਾਤਾਵਰਨ ਪ੍ਰੇਮੀ, ਰਾਣਾ ਇੰਦਰ ਪ੍ਰਤਾਪ ਸਿੰਘ ਵਿਧਾਇਕ ਸੁਲਤਾਨਪੁਰ ਲੋਧੀ, ਨਵਤੇਜ ਸਿੰਘ ਚੀਮਾ ਸਾਬਕਾ ਵਿਧਾਇਕ, ਸੱਜਣ ਸਿੰਘ ਚੀਮਾ ਹਲਕਾ ਇੰਚਾਰਜ ਆਮ ਆਦਮੀ ਪਾਰਟੀ, ਇੰਜੀਨੀਅਰ ਸਵਰਨ ਸਿੰਘ, ਗੁਰਪ੍ਰੀਤ ਕੌਰ ਰੂਹੀ, ਜਰਨੈਲ ਸਿੰਘ ਡੋਗਰਾਂਵਾਲ, ਕੈਪਟਨ ਹਰਮਿੰਦਰ ਸਿੰਘ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ, ਸੁਖਦੇਵ ਸਿੰਘ ਨਾਨਕਪੁਰ ਸੀਨੀਅਰ ਆਗੂ ਅਕਾਲੀ ਦਲ, ਸੰਯੁਕਤ ਕਿਸਾਨ ਮੋਰਚੇ ਵੱਲੋਂ ਜੈਪਾਲ ਸਿੰਘ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ।



## ਅਰਵਿੰਦ ਨਗਰ ਵਿਕਾਸ ਕਮੇਟੀ ਕੋਟਕਪੂਰਾ ਦੀ ਮੀਟਿੰਗ




**ਕੋਟਕਪੂਰਾ (ਰਛਪਾਲ ਭੁੱਲਰ)**-ਸਥਾਨਕ ਬਠਿੰਡਾ ਰੋਡ ਤੇ ਸਥਿਤ ਪੁੱਡਾ ਤੋਂ ਮਾਨਤਾ ਪ੍ਰਾਪਤ ਕਲੋਨੀ ਅਰਵਿੰਦ ਨਗਰ ਦੇ ਵਸਨੀਕਾਂ ਵੱਲੋਂ ਨਵੀਂ ਬਣਾਈ ਗਈ ਅਰਵਿੰਦ ਨਗਰ ਵਿਕਾਸ ਕਮੇਟੀ (ਰਜਿ.) ਦੀ ਕਾਰਜਕਾਰਨੀ ਦੀ ਇੱਕ ਮੀਟਿੰਗ ਸੰਤੋਖ ਸਿੰਘ ਚਾਨਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ।ਵਿਕਾਸ ਕਮੇਟੀ ਦੇ ਚੇਅਰਮੈਨ ਓਮ ਪ੍ਰਕਾਸ਼ ਗੋਇਲ ਤੇ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਦੱਸਿਆ ਕਿ ਵਿਕਾਸ ਕਮੇਟੀ ਨੂੰ ਸੋਸਾਇਟੀ ਐਕਟ 1860 ਤਹਿਤ ਰਜਿਸਟਰਡ ਕਰਵਾ ਲਿਆ ਗਿਆ ਹੈ।ਮੀਟਿੰਗ ਦੌਰਾਨ ਅਰਵਿੰਦ ਨਗਰ ਵਿਕਾਸ ਕਮੇਟੀ ਦਾ ਬੈਂਕ ਖਾਤਾ ਖੁੱਲ੍ਹਵਾਉਣ ਦਾ ਨਿਰਣਾ ਲਿਆ ਗਿਆ ਤੇ ਬੈਂਕ ਖਾਤੇ ਨੂੰ ਅਪ੍ਰੇਟ ਕਰਨ ਲਈ ਪ੍ਰਧਾਨ, ਜਨਰਲ ਸਕੱਤਰ ਤੇ ਵਿੱਤ ਸਕੱਤਰ ਨੂੰ ਅਧਿਕਾਰਤ ਕੀਤਾ ਗਿਆ।ਇਸ ਮੀਟਿੰਗ ਵਿੱਚ ਅਰਵਿੰਦ ਨਗਰ ਦੀ ਦਿੱਖ ਨੂੰ ਹੋਰ ਸੰਵਾਰਨ ਲਈ ਵਿਕਾਸ ਕਮੇਟੀ ਦੇ ਅਹੁਦੇਦਾਰ ਨਾਜ਼ਰ ਸਿੰਘ ਸਿੱਧੂ ਮੁੱਖ ਸਰਪ੍ਰਸਤ, ਦਰਸ਼ਨ ਸਿੰਘ ਆਹੂਜਾ ਮੁੱਖ ਸਲਾਹਕਾਰ, ਅਜਮੇਰ ਸਿੰਘ ਬਰਾੜ ਸੀਨੀਅਰ ਮੀਤ ਪ੍ਰਧਾਨ, ਰਾਜਿੰਦਰ ਥਾਪਰ ਮੀਤ ਪ੍ਰਧਾਨ, ਸੁਖਰਾਜ ਸਿੰਘ ਚਾਨਾ ਜੁਆਇੰਟ ਸਕੱਤਰ, ਮਨਦੀਪ ਸਿੰਘ ਸਰਾਂ ਵਿੱਤ ਸਕੱਤਰ, ਲਖਵਿੰਦਰ ਸਿੰਘ ਸਿੱਧੂ ਆਰਗੇਨਾਈਜ਼ਰ ਸਕੱਤਰ, ਹਰਵਿੰਦਰ ਸਿੰਘ ਪੁਰਬਾ ਪ੍ਰੈੱਸ ਸਕੱਤਰ, ਨਵਦੀਪ ਸਿੰਘ ਚਾਨਾ ਤਕਨੀਕੀ ਸਲਾਹਕਾਰ, ਕਾਰਜਕਾਰਨੀ ਕਮੇਟੀ ਮੈਂਬਰ ਲਖਵਿੰਦਰ ਅਰੋੜਾ, ਅਸ਼ੋਕ ਦਾਬੜਾ, ਰਾਜਿੰਦਰ ਸਿੰਘ ਬਰਾੜ ਤੇ ਸਪੈਸ਼ਲ ਇਨਵਾਇਟੀ ਹਰਜਿੰਦਰ ਸਿੰਘ ਰਾਜੂ ਗਿੱਲ ਤੇ ਗੁਰਿੰਦਰ ਸਿੰਘ ਚਾਨਾ ਨੇ ਆਪਣੇ ਆਪਣੇ ਸੁਝਾਅ ਦਿੱਤੇ ਗਏ।ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਜਲਦੀ ਹੀ ਕਲੋਨੀ ਦੇ ਪ੍ਰਮੋਟਰ ਜਾਂ ਪ੍ਰਮੋਟਰ ਦੇ ਪ੍ਰਤੀਨਿਧ ਨਾਲ ਮੀਟਿੰਗ ਕਰਕੇ ਅਰਵਿੰਦ ਨਗਰ ਦੇ ਵਸਨੀਕਾਂ ਦੀ ਬਿਹਤਰੀ ਲਈ ਅਗਲੇ ਫੈਸਲੇ ਲਏ ਜਾਣਗੇ।ਇਹ ਮੀਟਿੰਗ ਨਿਸ਼ਚਿਤ ਕਰਵਾਉਣ ਲਈ ਅਰਵਿੰਦ ਨਗਰ ਵਿਕਾਸ ਕਮੇਟੀ ਦੇ ਜਨਰਲ ਸਕੱਤਰ ਪ੍ਰੇਮ ਚਾਵਲਾ ਦੀ ਡਿਊਟੀ ਲਗਾਈ ਗਈ।

## ਪੰਡੋਰੀ ਵਿਖੇ ਸਟੇਟ ਪੱਧਰੀ ਖੇਡਾਂ ਲਈ ਚੁਣੇ ਖਿਡਾਰੀਆਂ ਦਾ ਸਨਮਾਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਜ਼ਿਲ੍ਹਾ ਪੱਧਰ ਤੇ ਹੋਈਆਂ ਪ੍ਰਾਇਮਰੀ ਵਰਗ ਦੀਆਂ ਖੇਡਾਂ 'ਚ ਸਰਕਾਰੀ ਪ੍ਰਾਇਮਰੀ ਸਕੂਲ ਪੰਡੋਰੀ (ਬਰਨਾਲਾ) ਦੇ ਹੋਣਹਾਰ ਵਿਦਿਆਰਥੀਆਂ ਹੈਰੀਜੋਤ ਸਿੰਘ ਨੇ 400 ਮੀਟਰ ਦੌੜਾਂ ਅਤੇ ਸੁਖਪ੍ਰੀਤ ਸਿੰਘ ਦਿਹੜ ਵੱਲੋਂ ਲੰਬੀ ਛਾਲ ਤੇ ਰਿਲੇਅ ਦੌੜ 'ਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹੇ 'ਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਸਟੇਟ ਪੱਧਰੀ ਖੇਡਾਂ ਲਈ ਕੁਆਲੀਫਾਈ ਕੀਤਾ ਗਿਆ।ਹੁਣ ਇਹ ਖਿਡਾਰੀ ਅਗਲੇ ਮਹੀਨੇ ਹੋਣ ਜਾ ਰਹੀਆਂ 69 ਵੀਆਂ ਸਟੇਟ ਪੱਧਰੀ ਖੇਡਾਂ 'ਚ ਜ਼ਿਲ੍ਹਾ ਬਰਨਾਲਾ ਦੀ ਅਗਵਾਈ ਕਰਨਗੇ।ਇਸ ਮੌਕੇ ਸਮੂਹ ਸਕੂਲ ਸਟਾਫ ਵੱਲੋਂ ਜੇਤੂ ਖਿਡਾਰੀਆਂ ਦੀ ਇੱਕ-ਇੱਕ ਕਿੱਲੋ ਦੇਸੀ ਘਿਓ ਤੇ ਇੱਕ ਇੱਕ ਕਿੱਲੋ ਬਦਾਮਾਂ ਨਾਲ ਹੌਸਲਾ ਅਫ਼ਜ਼ਾਈ ਕੀਤੀ ਗਈ।ਇਸ ਮੌਕੇ ਕੈਪਟਨ ਜਤਿੰਦਰਪਾਲ ਸਿੰਘ ਸਰਪੰਚ, ਸਮੂਹ ਗ੍ਰਾਮ ਪੰਚਾਇਤ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਵਿਸ਼ੇਸ਼ ਤੌਰ ਨਗਦ ਰਾਸ਼ੀ ਦੇ ਕੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ, ਤਾਂ ਜੋ ਖਿਡਾਰੀ ਅਗਲੇ ਸਟੇਟ ਪੱਧਰੀ ਖੇਡਾਂ 'ਚ ਹੋਰ ਵੀ ਵਧੀਆ ਪ੍ਰਦਰਸ਼ਨ ਕਰਕੇ ਸਕੂਲ, ਮਾਤਾ ਪਿਤਾ ਦਾ ਨਾਮ ਰੌਸ਼ਨ ਕਰਨ।ਇਸ ਮੌਕੇ ਚੇਅਰਮੈਨ ਗੁਰਸੇਵਕ ਸਿੰਘ, ਮੁੱਖ ਅਧਿਆਪਕ ਸੁਰਜੀਤ ਸਿੰਘ, ਦਰਸ਼ਨ ਸਿੰਘ ਫ਼ੌਜੀ, ਸਪਿੰਦਰ ਸਿੰਘ ਫੌਜੀ, ਮਮਤਾ ਰਾਣੀ, ਗਗਨਦੀਪ ਕੌਰ, ਗੁਰਪਾਲ ਸਿੰਘ, ਕੁਲਦੀਪ ਸਿੰਘ, ਨਿਰਭੈ ਸਿੰਘ ਤੇ ਵਿਦਿਆਰਥੀਆਂ ਦੇ ਮਾਪੇ ਹਾਜ਼ਰ ਸਨ।

## ਲੋਕ ਸੇਵਾ ਸੁਸਾਇਟੀ ਤੇ ਲਾਇਨਜ਼ ਕਲੱਬ ਵੱਲੋਂ ਮੁਫ਼ਤ ਮੈਡੀਕਲ ਚੈੱਕਅਪ ਕੈਂਪ



**ਜਗਰਾਉਂ (ਅਮਿਤ ਖੰਨਾ)**-ਸਵਰਗਵਾਸੀ ਮਲਕੀਤ ਸਿੰਘ ਮੱਲ੍ਹੀ ਦੀ ਪੰਜਵੀਂ ਬਰਸੀ ਨੂੰ ਸਮਰਪਤ ਲੋਕ ਸੇਵਾ ਸੁਸਾਇਟੀ ਜਗਰਾਉਂ ਤੇ ਲਾਇਨਜ਼ ਕਲੱਬ ਜਗਰਾਉਂ ਮੁਥ ਵੱਲੋਂ ਸੀ ਐੱਮ ਸੀ ਹਸਪਤਾਲ ਦੇ ਸਹਿਯੋਗ ਨਾਲ ਹੱਡੀਆਂ ਤੇ ਜੋੜਾਂ, ਨੱਕ ਕੰਨ ਗਲਾ ਤੇ ਜਨਰਲ ਰੋਗਾਂ ਦਾ ਮੁਫ਼ਤ ਚੈੱਕਅਪ ਕੈਂਪ ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਜਗਰਾਉਂ ਵਿਖੇ ਲਗਾਇਆ ਗਿਆ।ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਸਰਪ੍ਰਸਤ ਰਾਜਿੰਦਰ ਜੈਨ, ਪ੍ਰਧਾਨ ਰਜਿੰਦਰ ਜੈਨ ਕਾਕਾ, ਸੈਕਟਰੀ ਡਾਕਟਰ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਲਗਾਏ ਕੈਂਪ ਦਾ ਉਦਘਾਟਨ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਸਤਿੰਦਰਪਾਲ ਸਿੰਘ ਕਾਕਾ ਗਰੇਵਾਲ ਨੇ ਕਰਦਿਆਂ ਮੱਲ੍ਹੀ ਪਰਵਾਰ ਵੱਲੋਂ ਆਪਣੇ ਬਜ਼ੁਰਗਾਂ ਦੀ ਬਰਸੀ ਮੌਕੇ ਜ਼ਰੂਰਤਮੰਦਾਂ ਦੀ ਸੇਵਾ ਲਈ ਲਗਾਏ ਪ੍ਰੋਜੈਕਟ ਦੀ ਸ਼ਲਾਘਾ ਕੀਤੀ।ਇਸ ਮੌਕੇ ਸੋਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਤੇ ਪ੍ਰਧਾਨ ਰਜਿੰਦਰ ਜੈਨ ਕਾਕਾ ਨੇ ਦੱਸਿਆ ਕਿ ਇਸ ਕੈਂਪ ਵਿੱਚ ਮੱਲ੍ਹੀ ਪਰਵਾਰ ਦੇ ਸਹਿਯੋਗ ਨਾਲ ਹੱਡੀਆਂ ਤੇ ਜੋੜਾਂ, ਨੱਕ ਕੰਨ ਗਲਾ ਤੇ ਜਨਰਲ ਰੋਗਾਂ ਦੇ ਨਾਲ ਪੀੜਤ 184 ਮਰੀਜ਼ਾਂ ਦਾ ਚੈੱਕਅਪ ਸੀ ਐੱਮ ਸੀ ਹਸਪਤਾਲ ਲੁਧਿਆਣਾ ਤੋਂ ਆਈ ਡਾਕਟਰਾਂ ਦੀ ਟੀਮ ਵੱਲੋਂ ਕੀਤਾ ਗਿਆ ਅਤੇ ਕੈਂਪ ਵਿੱਚ ਮੁਫ਼ਤ ਦਵਾਈਆਂ, ਸ਼ੂਗਰ ਟੈਸਟ ਮੁਫ਼ਤ ਕੀਤਾ ਗਿਆ।

## ਸ਼ਹੀਦੀ ਦਿਵਸ ਸੰਬੰਧੀ ਜ਼ਿਲ੍ਹਾ ਪੱਧਰੀ ਭਾਸ਼ਣ ਮੁਕਾਬਲਾ ਕਰਵਾਇਆ



**ਨਾਭਾ (ਵਰਿੰਦਰ ਵਰਮਾ)**-ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਨਾਭਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੇ ਸਬੰਧ ਵਿੱਚ ਜ਼ਿਲ੍ਹਾ ਪੱਧਰੀ ਭਾਸ਼ਣ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਜ਼ਿਲ੍ਹੇ ਭਰ ਦੇ ਬਲਾਕਾ ਵਿੱਚੋਂ ਇੱਕ-ਇੱਕ ਸਕੂਲ ਨੇ ਭਾਗ ਲਿਆ।ਇਸ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਜਪੁਰਾ ਦੀ ਸਿਮਰਨ ਕੌਰ ਨੇ ਪਹਿਲਾ, ਐੱਸਓਈ ਮਹਿੰਦਰਗੰਜ ਰਾਜਪੁਰਾ ਦੀ ਹਰਸ਼ਦੀਪ ਕੌਰ ਨੇ ਦੂਸਰਾ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਜੋਲਾ ਦੀ ਭਾਵਨਾ ਨੇ ਤੀਸਰਾ ਸਥਾਨ ਹਾਸਲ ਕੀਤਾ।ਇਸ ਮੁਕਾਬਲੇ ਵਿੱਚ ਕੁੱਲ 16 ਵਿਦਿਆਰਥੀਆਂ ਨੇ ਹਿੱਸਾ ਲਿਆ।ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਸ੍ਰੀ ਸੰਜੀਵ ਕੁਮਾਰ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ।ਇਸ ਪ੍ਰਤੀਯੋਗਤਾ ਦੀ ਪ੍ਰਧਾਨਗੀ ਪ੍ਰਿੰਸੀਪਲ ਡਾਇਟ ਸੰਦੀਪ ਨਾਗਰ ਨੇ ਕੀਤੀ।ਮੰਚ ਸੰਚਾਲਨ ਅਰਵਿੰਦਰ ਸਿੰਘ ਨੇ ਕੀਤਾ।ਇਸ ਮੌਕੇ ਅਵਿਨਾਸ਼ ਰਾਣਾ, ਹਰਪ੍ਰੀਤ ਕੌਰ ਸੰਧੂ, ਸੁਖਵਿੰਦਰਜੀਤ ਸਿੰਘ, ਰਵਿੰਦਰ ਕੁਮਾਰ ਵੱਲੋਂ ਜੱਜ ਦੀ ਭੂਮਿਕਾ ਨਿਭਾਈ ਗਈ।

## ਰੋਡ 'ਤੇ ਪ੍ਰੀਮਿਕਸ ਪਾਉਣ ਦੇ ਕੰਮ ਦਾ ਵਿਧਾਇਕ ਵੱਲੋਂ ਜਾਇਜ਼ਾ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਹਲਕਾ ਫਤਿਹਗੜ੍ਹ ਸਾਹਿਬ ਦੇ ਅਧੀਨ ਆਉਂਦੇ ਲਿੰਕਨ ਕਾਲਜ ਰੋਡ 'ਤੇ ਪ੍ਰੀਮਿਕਸ ਪਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ।ਵਿਧਾਇਕ ਲਖਬੀਰ ਸਿੰਘ ਰਾਏ ਕੰਮ ਦਾ ਜਾਇਜ਼ਾ ਲੈਣ ਲਈ ਪਹੁੰਚੇ।ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਲਕਾ ਫਤਿਹਗੜ੍ਹ ਸਾਹਿਬ ਦੀਆਂ 90 ਫੀਸਦੀ ਸੜਕਾਂ ਦਾ ਨਵੀਨੀਕਰਨ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਵੀਂ ਪੌਲਸੀ ਤਹਿਤ ਸੜਕ ਨੂੰ ਬਣਾਇਆ ਜਾ ਰਿਹਾ ਤੇ ਸੜਕ ਦੇ ਪੰਜ ਸਾਲ ਦਾ ਰੱਖ ਰਖਾਓ ਵੀ ਠੇਕੇਦਾਰ ਨੂੰ ਸੌਂਪਿਆ ਗਿਆ ਹੈ ਤਾਂ ਜੋ ਆਮ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਹੋਵੇ।ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਜਦੋਂ ਸੜਕ ਬਣੇਗੀ, ਉਦੋਂ ਮਟੀਰੀਅਲ ਦਾ ਧਿਆਨ ਜ਼ਰੂਰ ਰੱਖਿਆ ਜਾਵੇ।ਜੇਕਰ ਕੋਈ ਸ਼ਿਕਾਇਤ ਆਉਂਦੀ ਹੈ ਤਾਂ ਕੰਮ ਨੂੰ ਤੁਰੰਤ ਰੁਕਵਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਇਸ ਸੜਕ ਦਾ ਕੰਮ ਪਿਛਲੇ ਲੰਮੇ ਸਮੇਂ ਤੋਂ ਸੀਵਰੇਜ ਪਾਉਣ ਕਰਕੇ ਰੁਕਿਆ ਹੋਇਆ ਸੀ, ਪੰਜਾਬ ਸਰਕਾਰ ਦੇ ਯਤਨਾਂ ਸਦਕਾ ਇਸ ਨੂੰ ਸ਼ਹੀਦੀ ਜੋੜ ਮੇਲ ਤੋਂ ਪਹਿਲਾਂ ਪੂਰਾ ਕਰ ਦਿੱਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿਤਪਾਲ ਜੱਸੀ, ਕੌਂਸਲਰ ਦਵਿੰਦਰ ਕੌਰ, ਬਹਾਦਰ ਖਾਨ ਪੀਏ, ਸਾਬਕਾ ਸਰਪੰਚ ਅਮਰੀਕ ਸਿੰਘ ਬਾਲਪੁਰ, ਕੁਲਵਿੰਦਰ ਸਿੰਘ ਡੇਰਾ, ਸੁਖਵੀਰ ਸਿੰਘ ਆਦਿ ਹਾਜ਼ਰ ਸਨ।

## ਮਹਿਲ ਕਲਾਂ ਸੋਢੇ ਵਿਖੇ ਸਰਪੰਚ ਸ਼ੰਭੂ ਵੱਲੋਂ ਪਾਈਪ ਲਾਈਨ ਦਾ ਉਦਘਾਟਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਮਹਿਲ ਕਲਾਂ ਸੋਢੇ ਵਿਖੇ ਸਰਪੰਚ ਸਰਬਜੀਤ ਸਿੰਘ ਸ਼ੰਭੂ ਵੱਲੋਂ ਮੁਹਤਬਰਾਂ ਦੀ ਹਾਜ਼ਰੀ 'ਚ ਵਾਰਡ ਨੰਬਰ ਅੱਠ ਵਿਖੇ ਗੰਦੇ ਪਾਣੀ ਦੇ ਨਿਕਾਸ ਲਈ ਪਾਈਪ ਲਾਈਨ ਉਦਘਾਟਨ ਕੀਤਾ ਗਿਆ।ਇਸ ਮੌਕੇ ਸਰਪੰਚ ਸਰਬਜੀਤ ਸਿੰਘ ਸ਼ੰਭੂ ਨੇ ਕਿਹਾ ਕਿ ਇਸ ਪ੍ਰੋਜੈਕਟ ਨੂੰ ਮੁਕੰਮਲ ਕਰਨ ਲਈ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦਾ ਦਿਲੋਂ ਧੰਨਵਾਦ ਕਰਦੇ ਹਾਂ ਕਿ ਜਿਨ੍ਹਾਂ ਨੇ ਗੰਦੇ ਪਾਣੀ ਦੇ ਨਿਕਾਸ ਲਈ ਪਾਈਪ ਲਾਈਨ ਵਾਸਤੇ 6 ਲੱਖ ਰੁਪਏ ਗਰਾਂਟ ਜਾਰੀ ਕੀਤੀ।ਉਨ੍ਹਾਂ ਕਿਹਾ ਕਿ ਲੰਬੇ ਸਮੇਂ ਲਟਕਦੀ ਆ ਰਹੀ ਇਸ ਸਮੱਸਿਆ ਨਾਲ ਵਾਰਡ ਵਾਸੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ।ਉਸ ਮੁਸ਼ਕਲ ਨੂੰ ਹੱਲ ਕਰਨ ਲਈ ਵਾਰਡ ਨੰਬਰ ਅੱਠ ਤੋਂ ਕਲਾਲ ਮਾਜਰਾ ਰੋਡ ਤੇ ਢੱਕੀ ਵਾਲੇ ਛੱਪੜ ਤੱਕ ਪਾਈਪ ਲਾਈਨ ਪਾਈ ਗਈ ਹੈ, ਜਿਸ ਨਾਲ ਵਾਰਡ ਵਾਸੀਆਂ ਨੂੰ ਭਾਰੀ ਰਾਹਤ ਮਿਲੇਗੀ।ਇਸ ਮੌਕੇ ਵਾਰਡ ਵਾਸੀਆਂ ਵੱਲੋਂ ਸਰਪੰਚ ਸਰਬਜੀਤ ਸਿੰਘ ਸ਼ੰਭੂ, ਪੰਚਾਇਤ ਮੈਂਬਰਾਂ ਨੂੰ ਸਨਮਾਨਤ ਕਰਦਿਆਂ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਇਸ ਮੌਕੇ ਅਰਸ਼ਦੀਪ ਸਿੰਘ ਬਿੱਟੂ, ਅਰੁਣ ਕੁਮਾਰ ਅੱਪੂ ਬਾਂਸਲ, ਗੋਬਿੰਦਰ ਸਿੰਘ ਸਿੱਧੂ ਯੂ ਐੱਸ ਏ, ਮਾ: ਸੋਹਣ ਸਿੰਘ, ਬ੍ਰਹਮ ਕਿਸ਼ੋਰ ਦੱਤ, ਕੁਲਦੀਪ ਸਿੰਘ ਮਾਣਕ, ਲਵਪ੍ਰੀਤ ਸਿੰਘ ਨਿਹਲੂਵਾਲ, ਹਰਕੀਰਤ ਸਿੰਘ ਮਹਿਲ ਖੁਰਦ, ਸੁਰਿੰਦਰਪਾਲ ਕੌਰ ਪੰਚ, ਕੁਲਦੀਪ ਕੌਰ ਪੰਚ, ਕੁਲਵਿੰਦਰ ਕੌਰ ਪੰਚ ਆਦਿ ਹਾਜ਼ਰ ਸਨ।

# ਲੁੱਟ-ਖੋਹ ਕਰਨ ਵਾਲੀਆਂ 12 ਔਰਤਾਂ ਦਾ ਗਰੋਹ ਨਗਰ ਕੀਰਤਨ ਦੌਰਾਨ ਕਾਬੂ

### ਗ੍ਰਿਫ਼ਤਾਰ ਔਰਤਾਂ 'ਚੋਂ ਕਈਆਂ 'ਤੇ ਪਹਿਲਾਂ ਵੀ ਅਪਰਾਧਿਕ ਮਾਮਲੇ ਦਰਜ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਪੁਲਸ ਨੂੰ ਉਸ ਸਮੇਂ ਵੱਡੀ ਸਫ਼ਲਤਾ ਮਿਲੀ, ਜਦੋਂ ਕੱਲ੍ਹ ਨਗਰ ਕੀਰਤਨ ਦੌਰਾਨ ਲੁੱਟ, ਖੋਹ ਕਰਨ ਵਾਲੀਆਂ 12 ਔਰਤਾਂ ਨੂੰ ਪੁਲਸ ਮੁਲਾਜ਼ਮਾਂ ਨੇ ਮੁਸਤੈਦੀ ਵਰਤਦਿਆਂ ਕਾਬੂ ਕਰ ਲਿਆ ਤੇ ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਇਨ੍ਹਾਂ ਔਰਤਾਂ 'ਤੇ ਪਹਿਲਾਂ ਵੀ ਕਈ ਅਪਰਾਧਿਕ ਮਾਮਲੇ ਦਰਜ ਹਨ। ਪੁਲਸ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਿਕ ਮੁਲਜ਼ਮਾਂ ਦੀ ਪਹਿਚਾਣ ਸੀਮਾ ਰਾਣੀ ਵਾਸੀ ਪਿੰਡ ਢੇਰ ਮਾਜਰਾ, ਅਮਰਜੀਤ ਕੌਰ ਵਾਸੀ ਪਿੰਡ ਜੌਲੀਆਂ, ਬਿਮਲਾ ਕੌਰ, ਮਨਜਿੰਦਰ ਕੌਰ ਵਾਸੀ ਬਸਤੀ ਰਾਮ ਨਗਰ ਸੰਗਰੂਰ, ਲਵਪ੍ਰੀਤ ਕੌਰ, ਮੁਖਤਿਆਰੋ ਉਰਫ਼ ਹੁਸ਼ਿਆਰੋ ਉਰਫ਼ ਸੀਤੋ ਵਾਸੀ ਸਮੁੰਦਗੜ੍ਹ ਛੰਨਾ, ਰੇਖਾ ਵਾਸੀ ਪਿੰਡ ਮਾਜੀ, ਕੈਲੋ ਵਾਸੀ ਹੰਢਿਆਇਆ, ਪ੍ਰੀਤੋ ਉਰਫ਼ ਬੀਰੋ ਵਾਸੀ ਇੰਦਰਾ ਬਸਤੀ ਸੁਨਾਮ, ਸਰਬੋ ਉਰਫ਼ ਮੋਨੀ ਉਰਫ਼ ਸੋਨੀ ਵਾਸੀ ਬਰਨਾਲਾ, ਕ੍ਰਿਸ਼ਨਾ ਵਾਸੀ ਪਿੰਡ ਸ਼ੇਰ ਮਾਜਰਾ, ਜਰਨੈਲ ਕੌਰ ਵਾਸੀ ਬਾਗੜੀਆਂ ਵਜੋਂ ਹੋਈ ਹੈ। ਆੜ੍ਹਤ ਦਾ ਕੰਮ ਕਰਦੇ ਤੇਜਵਿੰਦਰ ਸਿੰਘ ਉਰਫ਼ ਡੀ. ਸੀ. ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਤ ਨਗਰ ਕੀਰਤਨ ਜੋ ਕਿ 22 ਨਵੰਬਰ ਨੂੰ ਮਾਛੀਵਾੜਾ ਦੇ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਤੋਂ ਅਗਲੇ ਪੜਾਅ ਲਈ ਰਵਾਨਾ ਹੋਇਆ ਤਾਂ ਅਨਾਜ ਮੰਡੀ ਦੇ ਬਾਹਰ ਪੁੱਜਾ ਤਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕਰਨ ਲਈ ਪਾਲਕੀ ਸਾਹਿਬ ਕੋਲ ਗਿਆ। ਪ੍ਰਸਾਦਿ ਲੈਣ ਉਪਰੰਤ ਜਦੋਂ ਉਹ ਪਿੱਛੇ ਆਇਆ ਤਾਂ ਉਸ ਨੇ ਆਪਣੀ ਜੇਬ ਨੂੰ ਹੱਥ ਮਾਰਿਆ ਤਾਂ ਦੇਖਿਆ ਕਿ ਉਸ 'ਚੋਂ ਪਰਸ ਗਾਇਬ ਸੀ। ਬਿਆਨਕਰਤਾ ਅਨੁਸਾਰ ਉਸ ਦੇ ਪਰਸ ਵਿੱਚ 16 ਹਜ਼ਾਰ ਰੁਪਏ ਨਕਦ, ਡਰਾਇਵਿੰਗ ਲਾਈਸੈਂਸ, ਅਸਲਾ ਲਾਇਸੈਂਸ ਸਮੇਤ ਹੋਰ ਜ਼ਰੂਰੀ ਦਸਤਾਵੇਜ਼ ਵੀ ਚੋਰੀ ਹੋ ਚੁੱਕੇ ਸਨ। ਇਸ ਤੋਂ ਇਲਾਵਾ ਨਾਲ ਹੀ ਖੜ੍ਹੇ ਆੜ੍ਹਤੀ ਸ਼ਸ਼ੀ ਭਾਟੀਆ ਨੇ ਦੱਸਿਆ ਕਿ ਉਸ ਦਾ ਪਰਸ ਵੀ ਚੋਰੀ ਹੋ ਚੁੱਕਾ ਹੈ, ਜਿਸ 'ਚ 11 ਹਜ਼ਾਰ ਰੁਪਏ ਨਕਦ ਤੇ ਜ਼ਰੂਰੀ ਦਸਤਾਵੇਜ਼ ਚੋਰੀ ਹੋ ਚੁੱਕੇ ਸਨ। ਮਾਛੀਵਾੜਾ ਸਾਹਿਬ ਦੀ ਇੱਕ ਮਹਿਲਾ ਭਿੰਦਰ ਕੌਰ ਪਤਨੀ ਮੁਕੰਦ ਸਿੰਘ ਨੇ ਦੱਸਿਆ ਕਿ ਨਗਰ ਕੀਰਤਨ ਦੌਰਾਨ ਉਸ ਦੇ ਖੱਬੇ ਹੱਥ 'ਚੋਂ ਕਰੀਬ 2 ਤੋਲੇ ਦੀ ਸੋਨੇ ਦੀ ਚੂੜੀ ਉਤਾਰ ਲਈ ਗਈ ਹੈ। ਮਾਛੀਵਾੜਾ ਪੁਲਸ ਵੱਲੋਂ ਇਨ੍ਹਾਂ ਦੇ ਬਿਆਨਾਂ ਦੇ ਅਧਾਰ 'ਤੇ ਪਰਚਾ ਦਰਜ ਕਰ ਤੁਰੰਤ ਨਗਰ ਕੀਰਤਨ ਵਿੱਚ ਸ਼ਾਮਲ ਸੰਗਤ ਨੂੰ ਨਿਸ਼ਾਨਾ ਬਣਾਉਣ ਵਾਲੇ ਗਰੋਹ ਦੀ ਤਲਾਸ਼ ਸ਼ੁਰੂ ਕੀਤੀ ਤਾਂ ਇਹ 12 ਔਰਤਾਂ ਦੇ ਗਰੋਹ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਥਾਣਾ ਮੁਖੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਔਰਤਾਂ ਨੂੰ ਅਦਾਲਤ ਵਿੱਚ ਪੇਸ਼ ਕਰਨ ਉਪਰੰਤ ਰਿਮਾਂਡ 'ਤੇ ਲਿਆਂਦਾ ਹੈ ਤੇ ਪੁੱਛਗਿੱਛ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੀਆਂ 12 ਔਰਤਾਂ ਦੇ ਗਰੋਹ 'ਚੋਂ ਕਈ ਔਰਤਾਂ ਅਜਿਹੀਆਂ ਹਨ, ਜਿਨ੍ਹਾਂ 'ਤੇ ਪਹਿਲਾਂ ਹੀ ਵੱਖ-ਵੱਖ ਥਾਣਿਆਂ 'ਚ ਅਪਰਾਧਿਕ ਮਾਮਲੇ ਦਰਜ ਹਨ। ਉਨ੍ਹਾਂ ਕਿਹਾ ਕਿ ਮਾਛੀਵਾੜਾ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਕਿ ਇਨ੍ਹਾਂ 'ਤੇ ਪਹਿਲਾਂ ਪੰਜਾਬ ਦੇ ਕਿਹੜੇ-ਕਿਹੜੇ ਥਾਣੇ ਵਿੱਚ ਕਿੰਨੇ ਅਪਰਾਧਿਕ ਮਾਮਲੇ ਦਰਜ ਹਨ। ਪੁਲਸ ਵੱਲੋਂ ਗ੍ਰਿਫ਼ਤਾਰ ਕੀਤੀਆਂ 12 ਔਰਤਾਂ 'ਚੋਂ ਤਿੰਨ ਔਰਤਾਂ ਅਜਿਹੀਆਂ ਹਨ, ਜਿਨ੍ਹਾਂ ਦੇ ਤਿੰਨ-ਤਿੰਨ ਨਾਮ ਸਾਹਮਣੇ ਆਏ ਹਨ। ਇਹ ਔਰਤਾਂ ਜਦੋਂ ਅਪਰਾਧਿਕ ਮਾਮਲਾ ਦਰਜ ਹੁੰਦਾ ਹੈ ਤਾਂ ਉਸ ਤੋਂ ਬਾਅਦ ਆਪਣਾ ਨਾਮ ਬਦਲ ਲੈਂਦੀਆਂ ਹਨ। ਇੱਥੋਂ ਤੱਕ ਆਪਣੀਆਂ ਪਤੀਆਂ ਦਾ ਨਾਮ ਵੀ ਬਦਲ ਲੈਂਦੀਆਂ ਹਨ ਤਾਂ ਜੋ ਪਿਛਲਾ ਕੋਈ ਅਪਰਾਧਿਕ ਰਿਕਾਰਡ ਨਾ ਮਿਲ ਸਕੇ। ਉਨ੍ਹਾਂ ਕਿਹਾ ਕਿ ਮਾਛੀਵਾੜਾ ਪੁਲਸ ਦੇ ਕਰਮਚਾਰੀਆਂ ਦੀ ਮੁਸਤੈਦੀ ਕਾਰਨ ਇਹ ਗਰੋਹ ਨੂੰ ਕਾਬੂ ਕਰ ਲਿਆ ਗਿਆ, ਨਹੀਂ ਤਾਂ ਇਨ੍ਹਾਂ ਨੇ ਨਗਰ ਕੀਰਤਨ ਵਿੱਚ ਸ਼ਾਮਲ ਸ਼ਰਧਾਲੂਆਂ ਨੂੰ ਆਪਣਾ ਨਿਸ਼ਾਨਾ ਬਣਾਉਣਾ ਸੀ।

## ਬੀ ਕੇ ਯੂ ਏਕਤਾ ਡਕੌਂਦਾ ਵੱਲੋਂ ਬਿਜਲੀ ਮਹਿਕਮੇ 'ਚ ਤੁਰੰਤ ਮੁਲਾਜ਼ਮ ਭਰਤੀ ਕਰਨ ਦੀ ਮੰਗ

**ਬੁਢਲਾਡਾ (ਅਸ਼ੋਕ ਲਾਕੜਾ)**

ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਨੇ ਬਲਾਕ ਬੁਢਲਾਡਾ ਵਿੱਚ ਕਿਸਾਨਾਂ ਨੂੰ ਖੇਤੀਬਾੜੀ ਮੋਟਰਾਂ ਲਈ ਬਿਜਲੀ ਸਪਲਾਈ ਵਿੱਚ ਆ ਰਹੀਆਂ ਭਾਰੀ ਦਿੱਕਤਾਂ ਦਾ ਗੰਭੀਰ ਨੋਟਿਸ ਲਿਆ ਹੈ।ਜਥੇਬੰਦੀ ਨੇ ਪੰਜਾਬ ਸਰਕਾਰ ਤੇ ਪਾਵਰਕੌਮ ਮੈਨੇਜਮੈਂਟ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਬਿਜਲੀ ਮਹਿਕਮੇ ਵਿੱਚ ਖਾਲੀ ਪਈਆਂ ਅਸਾਮੀਆਂ 'ਤੇ ਬਿਨਾਂ ਕਿਸੇ ਦੇਰੀ ਤੋਂ ਤੁਰੰਤ ਪੱਕੀ ਭਰਤੀ ਕੀਤੀ ਜਾਵੇ।

ਇੱਥੇ ਜਾਰੀ ਇੱਕ ਪ੍ਰੈੱਸ ਬਿਆਨ ਵਿੱਚ ਜਥੇਬੰਦੀ ਦੇ ਜ਼ਿਲ੍ਹਾ ਮੀਤ ਪ੍ਰਧਾਨ ਦਰਸਨ ਸਿੰਘ ਗੁਰਨੇ ਕਲਾਂ ਨੇ ਕਿਹਾ ਕਿ ਬਿਜਲੀ ਮਹਿਕਮੇ (ਪੀ.ਐੱਸ.ਪੀ.ਸੀ.ਐੱਲ.) ਵਿੱਚ ਫੀਲਡ ਸਟਾਫ ਖਾਸਕਰ ਲਾਈਨਮੈਨਾਂ ਤੇ ਸਹਾਇਕ ਲਾਈਨਮੈਨਾਂ ਦੀ ਬਹੁਤ ਵੱਡੀ ਪੱਧਰ 'ਤੇ ਘਾਟ ਹੈ।ਇਸ ਘਾਟ ਦਾ ਸਿੱਧਾ ਖਮਿਆਜ਼ਾ ਕਿਸਾਨਾਂ ਨੂੰ ਭੁਗਤਣਾ ਪੈ ਰਿਹਾ ਹੈ।ਉਨ੍ਹਾਂ ਦੱਸਿਆ ਕਿ ਜਦੋਂ ਵੀ ਖੇਤਾਂ ਵਿੱਚ ਜਾਂ ਟਰਾਂਸਫਾਰਮਰਾਂ ਵਿੱਚ ਕੋਈ ਤਕਨੀਕੀ ਨੁਕਸ (ਫਾਲਟ) ਪੈਂਦਾ ਹੈ, ਤਾਂ ਮੁਲਾਜ਼ਮਾਂ ਦੀ ਕਮੀ ਕਾਰਨ ਉਸ ਨੂੰ ਠੀਕ ਕਰਨ ਵਿੱਚ ਕਈ-ਕਈ ਦਿਨ ਲੱਗ ਜਾਂਦੇ ਹਨ। ?ਆਗੂਆਂ ਨੇ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਇੱਕ-ਇੱਕ ਮੁਲਾਜ਼ਮ ਸਿਰ ਕਈ ਪਿੰਡਾਂ ਤੇ ਸੈਂਕੜੇ ਮੋਟਰਾਂ ਦਾ ਕੰਮ ਹੈ, ਜਿਸ ਕਾਰਨ ਉਹ ਸਮੇਂ ਸਿਰ ਫਾਲਟ ਕੱਢਣ ਵਿੱਚ ਅਸਮਰੱਥ ਹਨ।ਨਤੀਜੇ ਵਜੋਂ, ਕਿਸਾਨਾਂ ਦੀਆਂ ਖੇਤੀਬਾੜੀ ਮੋਟਰਾਂ ਦੀ ਬਿਜਲੀ ਸਪਲਾਈ ਠੱਪ ਹੋ ਜਾਂਦੀ ਹੈ ਤੇ ਫਸਲਾਂ ਨੂੰ ਸਮੇਂ ਸਿਰ ਪਾਣੀ ਨਾ ਮਿਲਣ ਕਾਰਨ ਭਾਰੀ ਨੁਕਸਾਨ ਹੋ ਰਿਹਾ ਹੈ।ਹੁਣ ਜਦੋਂ ਕਣਕ ਦੀ ਬਿਜਾਈ ਤੇ ਸਿੰਚਾਈ ਦਾ ਅਹਿਮ ਸਮਾਂ ਚੱਲ ਰਿਹਾ ਹੈ, ਬਿਜਲੀ ਸਪਲਾਈ ਵਿੱਚ ਵਿਘਨ ਕਿਸਾਨਾਂ ਲਈ ਵੱਡੀ ਮੁਸੀਬਤ ਬਣਿਆ ਹੋਇਆ ਹੈ। ?ਜਥੇਬੰਦੀ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਬਿਜਲੀ ਮਹਿਕਮੇ ਵਿੱਚ ਲੋੜੀਂਦੇ ਫੀਲਡ ਸਟਾਫ ਦੀ ਭਰਤੀ ਦੀ ਪ੍ਰਕਿਰਿਆ ਤੁਰੰਤ ਸ਼ੁਰੂ ਨਾ ਕੀਤੀ ਤੇ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਨਾ ਬਣਾਈ, ਤਾਂ ਜਥੇਬੰਦੀ ਵੱਲੋਂ ਐਕਸੀਅਨ ਦਫਤਰ ਬੁਢਲਾਡਾ ਅੱਗੇ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ, ਜਿਸ ਦੀ ਸਮੁੱਚੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਪਾਵਰਕੌਮ ਦੀ ਹੋਵੇਗੀ।ਇਸ ਮੌਕੇ ਇਕਾਈ ਗੁਰਨੇ ਕਲਾਂ ਦੇ ਆਗੂ ਲਾਭ ਸਿੰਘ, ਦਰਸਨ ਸਿੰਘ ਪਲੇਰ, ਗੁਰਦਰਸ਼ਨ ਸਿੰਘ, ਮੰਗੂ ਸਿੰਘ, ਰਣਜੀਤ ਸਿੰਘ, ਬਾਬੂ ਸਿੰਘ, ਬਲਵੀਰ ਸਿੰਘ, ਹਰਜੀਤ ਸਿੰਘ ਆਦਿ ਆਗੂ ਹਾਜ਼ਰ ਸਨ।

## ਪੰਜਾਬ ਦੇ ਜਾਇਜ਼ ਅਧਿਕਾਰ ਖੋਹਣ ਦੀ ਸਾਜ਼ਿਸ਼ ਘੜ ਰਹੀ ਹੈ ਭਾਜਪਾ : ਨੂਰ ਔਲਖ

**ਧੂਰੀ (ਮੋਹਿਤ ਗਰਗ, ਮਨੋਹਰ ਸਿੰਘ ਸੱਗੂ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਦੇ ਯੂਥ ਵਿੰਗ ਦੇ ਸੂਬਾਈ ਆਗੂ ਪਰਮਿੰਦਰ ਸਿੰਘ ਨੂਰ ਔਲਖ ਨੇ ਕਿਹਾ ਕਿ ਕੇਂਦਰ ਵੱਲੋਂ ਲਿਆਂਦਾ ਜਾ ਰਿਹਾ 131ਵਾਂ ਸੰਵਿਧਾਨੀ ਸੋਧ ਬਿੱਲ ਸਿੱਧਾ-ਸਿੱਧਾ ਪੰਜਾਬ ਦੇ ਹੱਕਾਂ ਨੂੰ ਘੱਟ ਕਰਨ ਵਾਲਾ ਕਦਮ ਹੈ।ਉਨ੍ਹਾਂ ਦੱਸਿਆ ਕਿ 1966 ਵਿੱਚ ਪੰਜਾਬ ਦੀ ਨਵੀਂ ਰਚਨਾ ਸਮੇਂ ਚੰਡੀਗੜ੍ਹ ਨੂੰ ਰਾਜਧਾਨੀ ਬਣਾਇਆ ਗਿਆ ਸੀ ਤੇ ਲੰਬੇ ਸਮੇਂ ਤੱਕ ਪੰਜਾਬ ਦੇ ਰਾਜਪਾਲ ਇਸ ਸ਼ਹਿਰ ਦੇ ਪ੍ਰਸ਼ਾਸਕ ਵਜੋਂ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ ਹਨ।ਹੁਣ ਧਾਰਾ 240 ਅਧੀਨ ਚੰਡੀਗੜ੍ਹ ਨੂੰ ਪੂਰੀ ਤਰ੍ਹਾਂ ਕੇਂਦਰ ਅਧੀਨ ਲਿਆਂਦਾ ਜਾਣਾ ਨਾ ਸਿਰਫ਼ ਇਤਿਹਾਸ ਨਾਲ ਛੇੜਛਾੜ ਹੈ, ਸਗੋਂ ਸੰਘੀ ਢਾਂਚੇ ਤੇ ਪੰਜਾਬ ਦੇ ਨਿਆਇਕ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ।ਨੂਰ ਔਲਖ ਨੇ ਕਿਹਾ ਕਿ ਭਾਜਪਾ ਸਰਕਾਰ ਲਗਾਤਾਰ ਉਨ੍ਹਾਂ ਕਦਮਾਂ ਨੂੰ ਤਰਜੀਹ ਦੇ ਰਹੀ ਹੈ, ਜੋ ਪੰਜਾਬ ਦੇ ਸੰਵਿਧਾਨਕ ਹੱਕਾਂ ਨੂੰ ਕਮਜ਼ੋਰ ਕਰਦੇ ਹਨ।ਚੰਡੀਗੜ੍ਹ ਦੇ ਪ੍ਰਸ਼ਾਸਨ ਤੋਂ ਲੈ ਕੇ ਪੰਜਾਬ ਦੇ ਦਰਿਆਈ ਪਾਣੀਆਂ ਦੇ ਵੰਡ ਤੱਕ ਤੇ ਪੰਜਾਬ ਯੂਨੀਵਰਸਿਟੀ ਦੀ ਖੁਦਮੁਖਤਿਆਰੀ ਤੱਕ ਹਰ ਪੱਧਰ 'ਤੇ ਕੇਂਦਰ ਪੰਜਾਬ ਤੋਂ ਉਸ ਦੇ ਹੱਕ ਖਸੋਟਣ ਦੀ ਨੀਤੀ 'ਤੇ ਚੱਲ ਰਹੀ ਹੈ, ਜਿਸ ਨੂੰ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਆਮ ਆਦਮੀ ਪਾਰਟੀ ਦੇ ਨੌਜਵਾਨ ਆਗੂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇ ਕੇਂਦਰ ਆਪਣੀ ਹੰਕਾਰਪੂਰਨ ਨੀਤੀ ਤੋਂ ਵਾਪਸ ਨਹੀਂ ਮੁੜਦਾ ਤਾਂ ਪੰਜਾਬ ਦੀ ਜਨਤਾ ਜਮਹੂਰੀ ਢੰਗ ਨਾਲ ਵਿਰੋਧ ਕਰੇਗੀ ਤੇ ਹਰ ਪੱਧਰ 'ਤੇ ਆਪਣੇ ਹੱਕਾਂ ਦੀ ਰੱਖਿਆ ਕਰੇਗੀ।

## ਛੱਤਰਪਤੀ ਸਨਮਾਨ ਨਾਲ ਨਿਵਾਜ਼ੇ ਜਾਣਗੇ ਨਾਟਕਕਾਰ ਡਾ. ਸਾਹਿਬ ਸਿੰਘ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਪ੍ਰਸਿੱਧ ਨਾਟਕਕਾਰ, ਨਿਰਦੇਸ਼ਕ ਤੇ ਰੰਗਕਰਮੀ ਡਾ. ਸਾਹਿਬ ਸਿੰਘ ਨੂੰ ਸਾਹਿਤਕ, ਸੱਭਿਆਚਾਰਕ ਤੇ ਸਮਾਜਿਕ ਸਰੋਕਾਰਾਂ ਹਿਤ 'ਸੰਵਾਦ ਸਿਰਸਾ' ਵੱਲੋਂ 30 ਨਵੰਬਰ ਐਤਵਾਰ ਨੂੰ ਪੰਚਾਇਤ ਭਵਨ ਸਿਰਸਾ ਵਿਖੇ ਸ਼ਹੀਦ ਛੱਤਰਪਤੀ ਸਨਮਾਨ-2025 ਨਾਲ ਨਿਵਾਜ਼ਿਆ ਜਾਵੇਗਾ। 'ਸੰਵਾਦ ਸਿਰਸਾ' ਦੇ ਕਨਵੀਨਰ ਪਰਮਾਨੰਦ ਸ਼ਾਸਤਰੀ ਤੇ ਕੋ-ਕਨਵੀਨਰ ਡਾ. ਹਰਵਿੰਦਰ ਸਿੰਘ ਨੇ ਕਿਹਾ ਕਿ ਇਸ ਮੌਕੇ ਡਾ. ਸਾਹਿਬ ਸਿੰਘ ਵੱਲੋਂ ਸਮਾਜਕ ਸਰੋਕਾਰਾਂ ਨੂੰ ਪ੍ਰਣਾਇਆ ਨਾਟਕ 'ਧੰਨ ਲਿਖਾਰੀ ਨਾਨਕਾ' ਦਾ ਮੰਚਨ ਕੀਤਾ ਜਾਵੇਗਾ। ਸਮਾਗਮ ਦੌਰਾਨ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ 'ਨਾਇਕਾਂ ਦੀ ਤਲਾਸ਼ ਵਿੱਚ ਭਟਕਦਾ ਵਰਤਮਾਨ' ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕਰਨਗੇ। ਸਮਾਗਮ ਦੀ ਪ੍ਰਧਾਨਗੀ ਕਵੀ ਤੇ ਕਥਾਕਾਰ ਪ੍ਰੋ. ਹਰਭਗਵਾਨ ਚਾਵਲਾ ਕਰਨਗੇ। ਇਸ ਮੌਕੇ ਵੱਖ ਵੱਖ ਪ੍ਰਕਾਸ਼ਨਾਂ ਵੱਲੋਂ ਪੁਸਤਕ ਪ੍ਰਦਰਸ਼ਨੀਆਂ ਵੀ ਲਾਈਆਂ ਜਾਣਗੀਆਂ। ਪ੍ਰੋਗਰਾਮ ਸੰਯੋਜਕ ਪਰਮਾਨੰਦ ਸ਼ਾਸਤਰੀ, ਡਾ. ਹਰਵਿੰਦਰ, ਪ੍ਰੋ. ਚਾਵਲਾ, ਸੁਰਜੀਤ ਸਿਰੜੀ, ਸੁਰੇਸ਼ ਬਰਨਵਾਲ ਤੇ ਅਨੀਸ਼ ਕੁਮਾਰ ਨੇ ਸਿਰਸਾ ਜ਼ਿਲ੍ਹੇ ਦੇ ਸਮੂਹ ਨਿਵਾਸੀਆਂ ਨੂੰ ਪਰਵਾਰ ਸਮੇਤ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਹੈ।

## ਸੁਪਰੀਮ ਕੋਰਟ ਦੇ ਇਤਿਹਾਸਕ ਫੈਸਲੇ ਨੇ ਧਾਰਮਿਕ ਆਜ਼ਾਦੀ ਨੂੰ ਕੀਤਾ ਮਜ਼ਬੂਤ : ਐਡਵੋਕੇਟ ਸੈਮੂਅਲ ਮਸੀਹ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਭਾਰਤ ਦੀ ਸੁਪਰੀਮ ਕੋਰਟ ਵੱਲੋਂ 17 ਅਕਤੂਬਰ 2025 ਨੂੰ ਧਰਮ ਪਰਿਵਰਤਨ ਕਾਨੂੰਨਾਂ ਬਾਰੇ ਦਿੱਤੇ ਗਏ ਇਤਿਹਾਸਕ ਫ਼ੈਸਲੇ ਨੇ ਧਾਰਮਿਕ ਆਜ਼ਾਦੀ ਨੂੰ ਨਵੀਂ ਤਾਕਤ ਬਖ਼ਸ਼ੀ ਹੈ।ਇਸ ਫ਼ੈਸਲੇ ਤਹਿਤ ਕੋਰਟ ਨੇ ਉੱਤਰ ਪ੍ਰਦੇਸ਼ ਦੇ 'ਗੈਰ ਕਾਨੂੰਨੀ ਧਰਮ ਪਰਿਵਰਤਨ ਰੋਕੂ ਕਾਨੂੰਨ, 2021' ਹੇਠ ਦਰਜ ਕਈ ਐੱਫ ਆਈ ਆਰਜ਼ ਨੂੰ ਰੱਦ ਕਰਦਿਆਂ ਇਹ ਸਪੱਸ਼ਟ ਕੀਤਾ ਹੈ ਕਿ ਕਿਸੇ ਵੀ ਨਿਰਦੋਸ਼ ਵਿਅਕਤੀ ਨੂੰ ਤੰਗ ਕਰਨ ਲਈ ਕ੍ਰਿਮੀਨਲ ਕਾਨੂੰਨ ਦੀ ਦੁਰਵਰਤੋਂ ਨਹੀਂ ਕੀਤੀ ਜਾ ਸਕਦੀ।

ਇਸ ਅਹਿਮ ਫੈਸਲੇ ਤੇ ਇਸ ਦੇ ਕਾਨੂੰਨੀ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਅਗੱਪੇ ਭਵਨ ਵਿਖੇ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਐਡਵੋਕੇਟ ਸੈਮੂਅਲ ਮਸੀਹ ਵੱਲੋਂ ਮੁੱਖ ਕਾਨੂੰਨੀ ਮਾਰਗਦਰਸ਼ਨ ਪ੍ਰਦਾਨ ਕੀਤਾ ਗਿਆ। ਐਡਵੋਕੇਟ ਸੈਮੂਅਲ ਮਸੀਹ ਨੇ ਹਾਜ਼ਰ ਪਾਸਟਰ ਸਾਹਿਬਾਨ ਨੂੰ ਦੱਸਿਆ ਕਿ ਸੁਪਰੀਮ ਕੋਰਟ ਨੇ ਸਾਫ਼ ਕਿਹਾ ਹੈ ਕਿ ਜੇ ਧਰਮ ਪਰਿਵਰਤਨ ਸੁਇੱਛਾ ਤੇ ਨਿੱਜੀ ਵਿਸ਼ਵਾਸ ਦੇ ਅਧਾਰ 'ਤੇ ਹੋਵੇ, ਤਾਂ ਇਹ ਕਾਨੂੰਨੀ ਤੌਰ 'ਤੇ ਸੁਰੱਖਿਅਤ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੰਵਿਧਾਨ ਦੇ ਆਰਟੀਕਲ 25 ਤਹਿਤ ਹਰ ਨਾਗਰਿਕ ਨੂੰ ਧਰਮ ਦੀ ਆਜ਼ਾਦੀ ਪ੍ਰਾਪਤ ਹੈ ਤੇ ਇਸ ਨਿੱਜੀ ਹੱਕ ਦੀ ਵਰਤੋਂ ਕਰਨ 'ਤੇ ਕੋਈ ਵੀ ਪੁਲਸ ਜਾਂ ਕ੍ਰਿਮੀਨਲ ਕਾਰਵਾਈ ਬਣਦੀ ਨਹੀਂ।ਉਨ੍ਹਾਂ ਨੇ ਦੱਸਿਆ ਕਿ ਕੋਰਟ ਨੇ ਮੰਨਿਆ ਕਿ ਕਈ ਐੱਫ ਆਈ ਆਰਜ਼ ਠੋਸ ਸਬੂਤਾਂ ਤੋਂ ਬਿਨਾਂ ਤੇ ਗਲਤ ਇਰਾਦਿਆਂ ਨਾਲ ਦਰਜ ਕੀਤੀਆਂ ਗਈਆਂ ਸਨ, ਜੋ ਕਾਨੂੰਨ ਦੀ ਦੁਰਵਰਤੋਂ ਨੂੰ ਦਰਸਾਉਂਦੀਆਂ ਹਨ।ਇਹ ਫ਼ੈਸਲਾ ਉਨ੍ਹਾਂ ਬੇਗੁਨਾਹ ਲੋਕਾਂ ਲਈ ਵੱਡੀ ਰਾਹਤ ਹੈ, ਜਿਨ੍ਹਾਂ ਨੂੰ ਝੂਠੇ ਪਰਚਿਆਂ ਰਾਹੀਂ ਨਿਸ਼ਾਨਾ ਬਣਾਇਆ ਜਾਂਦਾ ਸੀ ਤੇ ਹੁਣ ਅਜਿਹੇ ਪਰਚੇ ਰੱਦ ਕਰਵਾਉਣ ਦਾ ਰਾਹ ਸਾਫ਼ ਹੋ ਗਿਆ ਹੈ।ਮੀਟਿੰਗ ਵਿੱਚ ਪਾਸਟਰ ਬਾਬੂ ਸੈਮੂਅਲ, ਪਾਸਟਰ ਮਦਨ ਲਾਲ, ਪਾਸਟਰ ਸ਼ਕਤੀ, ਪਾਸਟਰ ਡੈਨੀਅਲ, ਪਾਸਟਰ ਹਿਜ਼ਿਕਲ, ਪਾਸਟਰ ਮੰਗਤ ਰਾਏ ਤੇ ਪਾਸਟਰ ਸੁਨੀਲ ਸਮੇਤ ਕਈ ਹੋਰ ਪਾਸਟਰ ਸਾਹਿਬਾਨ ਹਾਜ਼ਰ ਸਨ।

## ਪ੍ਰਿੰਸੀਪਲ ਰਿਫ਼ਤ ਵਹਾਬ ਨੈਸ਼ਨਲ ਐਵਾਰਡ ਨਾਲ ਸਨਮਾਨਤ




**ਮਾਲੇਰਕੋਟਲਾ (ਅਸਗਰ ਪਰਿਹਾਰ)**-ਇਸਲਾਮਿਕ ਸੈਂਟਰ ਆਫ਼ ਇੰਡੀਆ ਲਖਨਊ ਦੇ ਸਹਿਯੋਗ ਨਾਲ ਦੋ ਰੋਜ਼ਾ ਏ.ਐੱਮ.ਪੀ (ਐਸੋਸੀਏਸ਼ਨ ਆਫ਼ ਮੁਸਲਿਮ ਪ੍ਰੋਫੈਸ਼ਨਲਜ਼) ਨੈਸ਼ਨਲ ਐੱਨ.ਜੀ.ਓ ਕਾਨਫਰੰਸ ਦਾ ਆਯੋਜਨ ਕੀਤਾ ਗਿਆ, ਜਿਸ 'ਚ ਦੇਸ਼ ਭਰ ਵਿੱਚੋਂ ਸਿੱਖਿਆ, ਸਮਾਜ ਸੇਵੀ ਸੰਸਥਾਵਾਂ ਤੇ ਟਰੱਸਟ ਦੇ ਪ੍ਰਤੀਨਿਧੀਆਂ ਵੱਲੋਂ ਸ਼ਿਰਕਤ ਕੀਤੀ ਗਈ।ਇਸ ਦੋ ਰੋਜ਼ਾ ਕਾਨਫਰੰਸ ਵਿੱਚ ਦੇਸ਼ ਦੇ 130 ਜ਼ਿਲ੍ਹਿਆਂ ਤੋਂ 1000 ਤੋਂ ਵੱਧ ਮਸ਼ਹੂਰ ਬੁੱਧੀਜੀਵੀਆਂ, ਵਾਇਸ ਚਾਂਸਲਰ ਤੇ ਸਿੱਖਿਆ ਦੇ ਖੇਤਰ ਦੇ ਮਾਹਰਾਂ, ਐੱਨ.ਜੀ.ਓ. ਦੇ ਪ੍ਰਬੰਧਕਾਂ ਵੱਲੋਂ ਮੁਸਲਿਮ ਭਾਰਤੀ ਵਿਦਿਆਰਥੀ ਤੇ ਮਹਿਲਾਵਾਂ ਦੀ ਸਿੱਖਿਆ, ਸਿਹਤ ਤੇ ਰੋਜ਼ਗਾਰ ਦੇ ਖੇਤਰ ਵਿੱਚ ਪੇਸ਼ ਆਉਂਦੀਆਂ ਮੁਸ਼ਕਲਾਂ ਅਤੇ ਉਨ੍ਹਾਂ ਦੇ ਸਮਾਧਾਨ ਉੱਪਰ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਰਾਜ ਮੰਤਰੀ ਦਾਨਿਸ਼ ਆਜ਼ਾਦ ਅੰਸਾਰੀ (ਘੱਟ ਗਿਣਤੀ ਕਲਿਆਣ ਅਤੇ ਵਕਫ) ਨੇ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਖਾਸ ਤੌਰ 'ਤੇ ਸ਼ਿਰਕਤ ਕੀਤੀ ਤੇ ਐੱਨ.ਜੀ.ਓਜ਼ ਦੀ ਸਰਕਾਰੀ ਵਿਭਾਗਾਂ ਨਾਲ ਸਹਿਯੋਗ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ।ਇਸ ਮੌਕੇ ਸਿੱਖਿਆ ਦੇ ਖੇਤਰ ਵਿੱਚ ਉਪਲੱਬਧੀਆਂ ਪ੍ਰਾਪਤ ਕਰਨ ਵਾਲੇ ਅਧਿਆਪਕਾਂ, ਸਿੱਖਿਅਕ ਸੰਸਥਾਵਾਂ, ਐੱਨ.ਜੀ.ਓਜ਼ ਤੇ ਪ੍ਰਿੰਸੀਪਲ ਨੂੰ ਸਨਮਾਨਤ ਕੀਤਾ ਗਿਆ।ਅਪਣਾ ਸਨਮਾਨਤ ਪੱਤਰ ਪ੍ਰਾਪਤ ਕਰਨ ਲਈ ਪ੍ਰਿੰਸੀਪਲ ਸ੍ਰੀਮਤੀ ਰਿਫ਼ਤ ਵਹਾਬ ਨੇ ਏ.ਐੱਮ.ਪੀ. ਦੁਆਰਾ ਆਯੋਜਿਤ ਇਸ ਕਾਨਫਰੰਸ ਵਿੱਚ ਹਿੱਸਾ ਲਿਆ।ਮੈਡਮ ਰਿਫ਼ਤ ਵਹਾਬ ਨੇ ਕਿਹਾ ਕਿ ਕਾਨਫਰੰਸ ਵਿੱਚ ਸ਼ਿਰਕਤ ਕਰਕੇ ਸਨਮਾਨ ਪ੍ਰਾਪਤੀ ਦੇ ਨਾਲ ਨਾਲ ਉਨ੍ਹਾਂ ਨੂੰ ਦੇਸ਼ ਭਰ ਤੋਂ ਆਏ ਬੁੱਧੀਜੀਵੀਆਂ ਨੂੰ ਮਿਲਣ ਅਤੇ ਉਨ੍ਹਾਂ ਦੇ ਵਿਚਾਰ ਸੁਣਨ ਦਾ ਮੌਕਾ ਮਿਲਿਆ ਅਤੇ ਇਸ ਪ੍ਰੋਗਰਾਮ ਦਾ ਹਿੱਸਾ ਬਣ ਕੇ ਉਹ ਅਪਣੇ ਆਪ 'ਤੇ ਮਾਣ ਮਹਿਸੂਸ ਕਰਦੇ ਹਨ। ਜ਼ਿਕਰਯੋਗ ਹੈ ਕਿ ਪੰਜਾਬ ਸਟੇਟ ਵਿੱਚੋਂ ਮੈਡਮ ਰਿਫ਼ਤ ਵਹਾਬ ਇੱਕਲੇ ਪ੍ਰਿੰਸੀਪਲ ਹਨ, ਜਿਨ੍ਹਾਂ ਨੂੰ ਇਸ ਐਵਾਰਡ ਲਈ ਚੁਣਿਆ ਗਿਆ।

## 350 ਸਾਲਾ ਸ਼ਹੀਦੀ ਦਿਹਾੜੇ ਸੰਬੰਧੀ ਧਾਰਮਿਕ ਸਮਾਗਮ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਦੇ ਮੇਨ ਬਜ਼ਾਰ ਵਿੱਚ ਸਥਿਤ ਗੁਰਦੁਆਰਾ ਸਿੰਘ ਸਭਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਸਮਾਗਮ ਆਰੰਭ ਹੋ ਗਏ ਹਨ। ਪ੍ਰਬੰਧਕ ਕਮੇਟੀ ਤੇ ਸੰਗਤਾਂ ਵੱਲੋਂ ਐਤਵਾਰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ।

ਇਸ ਮੌਕੇ ਸ਼ਹੀਦ ਭਗਤ ਸਿੰਘ ਸਕੂਲ ਮਾਛੀਵਾੜਾ ਦੇ ਬੱਚਿਆਂ ਵੱਲੋਂ ਸ਼ਮੂਲੀਅਤ ਕੀਤੀ ਗਈ ਤੇ ਉਨ੍ਹਾਂ ਨੇ ਧਾਰਮਿਕ ਸ਼ਬਦ ਗਾਇਨ ਕੀਤੇ। ਪ੍ਰਬੰਧਕਾਂ ਵੱਲੋਂ ਬੱਚਿਆਂ ਦਾ ਸਨਮਾਨ ਵੀ ਕੀਤਾ ਗਿਆ। ਪ੍ਰਬੰਧਕਾਂ ਵੱਲੋਂ 25 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਰਾਗੀ ਸਿੰਘਾਂ ਵੱਲੋਂ ਕੀਰਤਨ ਕੀਤਾ ਜਾਵੇਗਾ। ਸੰਗਤ ਲਈ ਅਤੁੱਟ ਲੰਗਰ ਵਰਤਾਇਆ ਜਾਵੇਗਾ।

## ਰੋਟਰੀ ਕਲੱਬ ਵੱਲੋਂ ਕੁਲਚੇ-ਛੋਲਿਆਂ ਦਾ ਲੰਗਰ, ਸਰਬੱਤ ਦੇ ਭਲੇ ਲਈ ਕੀਤੀ ਅਰਦਾਸ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਰੋਟਰੀ ਕਲੱਬ ਬਾਘਾ ਪੁਰਾਣਾ ਵੱਲੋਂ ਪ੍ਰਧਾਨ ਪਵਨ ਗੁਪਤਾ ਦੀ ਅਗਵਾਈ ਹੇਠ 350 ਸਾਲਾ ਸ਼ਹੀਦੀ ਦਿਵਸ ਸਮਾਗਮ ਦੇ ਮੱਦੇਨਜ਼ਰ ਰੱਖਦਿਆਂ ਸਮਾਜਿਕ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹੋਏ ਕੁਲਚੇ-ਛੋਲਿਆਂ ਦਾ ਲੰਗਰ ਲਗਾਇਆ ਗਿਆ।ਇਸ ਸਮਾਗਮ ਦਾ ਮੁੱਖ ਉਦੇਸ਼ ਸ਼ਰਧਾਲੂਆਂ ਦੀ ਸੇਵਾ ਕਰਨਾ, ਸਮਾਜ ਵਿੱਚ ਭਾਈਚਾਰੇ ਦੀ ਭਾਵਨਾ ਨੂੰ ਵਧਾਉਣਾ ਤੇ ਸਰਬੱਤ ਦੀ ਭਲਾਈ ਲਈ ਸ਼ੁੱਭ-ਕਾਮਨਾਵਾਂ ਭੇਟ ਕਰਨਾ ਸੀ।ਲੰਗਰ ਸਮਾਗਮ ਵਿੱਚ ਵੱਡੀ ਗਿਣਤੀ 'ਚ ਲੋਕਾਂ ਨੇ ਭਾਗ ਲਿਆ ਤੇ ਗੁਰਬਾਣੀ ਦੇ ਪਵਿੱਤਰ ਵਿਚਾਰਾਂ ਨੂੰ ਸਿਰ ਨਿਵਾਇਆ।ਪ੍ਰਧਾਨ ਪਵਨ ਗੁਪਤਾ ਨੇ ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ 350 ਸਾਲਾ ਗੁਰਪੁਰਬ ਸਾਡੇ ਲਈ ਆਤਮਕ ਸ਼ਾਂਤੀ, ਸੇਵਾ ਤੇ ਸਚਿਆਰਤਾ ਦਾ ਪ੍ਰਤੀਕ ਹੈ।ਉਨ੍ਹਾਂ ਕਿਹਾ ਕਿ ਸੇਵਾ ਧਰਮ ਸਾਡੀ ਸੰਸਕਾਰਿਕ ਵਿਰਾਸਤ ਦਾ ਅਹਿਮ ਹਿੱਸਾ ਹੈ ਤੇ ਰੋਟਰੀ ਕਲੱਬ ਹਮੇਸ਼ਾ ਸਮਾਜਿਕ ਤੇ ਧਾਰਮਿਕ ਸਮਾਗਮਾਂ ਦੇ ਮੌਕੇ ਸੇਵਾ ਦੇ ਕੰਮਾਂ ਵਿੱਚ ਅਗਵਾਈ ਕਰਦਾ ਆਇਆ ਹੈ।ਉਨ੍ਹਾਂ ਕਿਹਾ ਕਿ ਕੁਲਚੇ-ਛੋਲਿਆਂ ਦਾ ਲੰਗਰ ਲਗਾ ਕੇ ਕਲੱਬ ਨੇ ਇਕ ਨਿਮਰ ਯੋਗਦਾਨ ਪੇਸ਼ ਕੀਤਾ ਹੈ, ਜਿਸ ਨਾਲ ਸ਼ਰਧਾਲੂਆਂ ਨੂੰ ਸੁਵਿਧਾ ਪ੍ਰਾਪਤ ਹੋਈ।ਸੈਕਟਰੀ ਮਨੀਸ਼ ਗੁਪਤਾ ਨੇ ਦੱਸਿਆ ਕਿ ਇਹ ਲੰਗਰ ਸਮਾਜ ਵਿੱਚ ਨਿਸ਼ਕਾਮ ਸੇਵਾ ਦੀ ਭਾਵਨਾ ਨੂੰ ਵਧਾਉਣ ਲਈ ਲਗਾਇਆ ਗਿਆ ਸੀ।ਉਨ੍ਹਾਂ ਕਿਹਾ ਕਿ ਲੰਗਰ ਦੀ ਤਿਆਰੀ ਤੋਂ ਲੈ ਕੇ ਵੰਡ ਤੱਕ ਸਾਰੇ ਮੈਂਬਰਾਂ ਨੇ ਬਰਾਬਰ ਭਾਗੀਦਾਰੀ ਕੀਤੀ, ਜੋ ਰੋਟਰੀ ਕਲੱਬ ਦੇ ਅੰਦਰ ਮਜ਼ਬੂਤ ਏਕਤਾ ਤੇ ਭਾਈਚਾਰੇ ਦੀ ਗਵਾਹੀ ਦਿੰਦਾ ਹੈ।ਕੈਸ਼ੀਅਰ ਪਿਆਰੇ ਲਾਲ ਗੋਇਲ ਨੇ ਕਿਹਾ ਕਿ ਕਲੱਬ ਦੇ ਮੈਂਬਰ ਹਮੇਸ਼ਾ ਲੋਕ ਭਲਾਈ ਕਾਰਜਾਂ ਲਈ ਤਿਆਰ ਰਹਿੰਦੇ ਹਨ ਤੇ ਇਸ ਤਰ੍ਹਾਂ ਦੇ ਸਮਾਗਮਾਂ ਨਾਲ ਸਮਾਜ ਵਿੱਚ ਇਕ ਸੁਹਾਵਣਾ ਸੰਦੇਸ਼ ਜਾਂਦਾ ਹੈ।ਪ੍ਰੋਜੈਕਟ ਚੇਅਰਮੈਨ ਮਨੀਸ਼ ਗਰਗ ਟੀਨੀ ਨੇ ਕਿਹਾ ਕਿ 350 ਸਾਲਾ ਅਵਸਰ ਬਹੁਤ ਹੀ ਮਹੱਤਵਪੂਰਨ ਧਾਰਮਿਕ ਮੌਕਾ ਹੈ ਤੇ ਰੋਟਰੀ ਕਲੱਬ ਵੱਲੋਂ ਕੀਤੀ ਇਹ ਸੇਵਾ ਇੱਕ ਨਿਮਰ ਭੇਟ ਹੈ।ਉਨ੍ਹਾਂ ਕਿਹਾ ਕਿ ਕਲੱਬ ਅੱਗੇ ਵੀ ਇਸੇ ਤਰ੍ਹਾਂ ਸਮਾਜਿਕ ਤੇ ਧਾਰਮਿਕ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਂਦਾ ਰਹੇਗਾ।ਇਸ ਮੌਕੇ ਰੋਟਰੀ ਕਲੱਬ ਦੇ ਸਮੂਹ ਮੈਂਬਰ ਹਾਜ਼ਰ ਸਨ, ਜਿਨ੍ਹਾਂ ਦੀ ਸਾਂਝੀ ਮਿਹਨਤ ਤੇ ਸਮਰਪਣ ਨਾਲ ਇਹ ਲੰਗਰ ਸਫਲਤਾਪੂਰਵਕ ਲਗਾਇਆ ਗਿਆ।ਅੰਤ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਕਰਦੇ ਹੋਏ ਸਭ ਨੇ ਸ਼ਾਂਤੀ, ਸਮਰੱਥਾ ਤੇ ਸਦਭਾਵਨਾ ਦੀ ਕਾਮਨਾ ਕੀਤੀ।

ਇਸ ਮੌਕੇ ਬਲਵਿੰਦਰ ਗਰਗ, ਰਾਜੀਵ ਰਿੰਕੂ, ਰਣਦੀਪ ਕੁਮਾਰ ਗਰਗ ਕਾਲਾ, ਐਡਵੋਕੇਟ ਅਮਿਤ ਅਗਰਵਾਲ, ਰਾਕੇਸ਼ ਕੁਮਾਰ ਗਰਗ, ਰਾਕੇਸ਼ ਕੁਮਾਰ, ਰਜੇਸ਼ ਬੱਬਰ, ਸੋਨਾ ਅਰੋੜਾ, ਵਿਮਲ ਗਰਗ ਵਿੱਕੀ, ਰਜਿੰਦਰ ਕੁਮਾਰ ਠੇਕੇਦਾਰ, ਰਕੇਸ਼ ਕੁਮਾਰ ਕਟਾਰੀਆ, ਦੀਪਕ ਕੁਮਾਰ, ਵਿਜੇ ਅੰਮ੍ਰਿਤਪਾਲ ਆਦਿ ਹਾਜ਼ਰ ਸਨ।

## ਵਿਸ਼ੇਸ਼ ਅਧਿਆਪਕ ਯੂਨੀਅਨ ਵੱਲੋਂ ਪਹਿਲੀ ਨੂੰ ਗੁਪਤ ਐਕਸ਼ਨ



**ਨਿਹਾਲ ਸਿੰਘ ਵਾਲਾ (ਲਖਵੀ ਕੁਮਾਰ)**-ਵਿਸ਼ੇਸ਼ ਅਧਿਆਪਕ ਯੂਨੀਅਨ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਸਰਕਾਰ ਤੇ ਅਫਸਰਸ਼ਾਹੀ ਵੱਲੋਂ ਵਿਸ਼ੇਸ਼ ਅਧਿਆਪਕਾਂ ਉੱਤੇ ਲਾਗੂ ਹੋ ਰਹੀਆਂ ਮਾਰੂ ਨੀਤੀਆਂ ਨੂੰ ਚੱਲਦੇ ਹੋਏ ਯੂਨੀਅਨ ਵੱਲੋਂ ਅੱਗੇ ਦੀ ਰਣਨੀਤੀ ਬਣਾਈ ਗਈ। ਸਰਕਾਰ ਤੇ ਡਿਪਾਰਟਮੈਂਟ ਨਾਲ ਬਹੁਤ ਸਾਰੀਆਂ ਮੀਟਿੰਗਾਂ ਰੈਗੂਲਰ ਨੂੰ ਲੈ ਕੇ ਕੀਤੀਆਂ ਗਈਆਂ ਤੇ ਵਾਰ-ਵਾਰ ਸਰਕਾਰਾਂ ਅਤੇ ਡਿਪਾਰਟਮੈਂਟ ਨੂੰ ਇਹ ਗੱਲ ਤੇ ਪੁਖਤਾ ਸਬੂਤ ਦਿੱਤੇ ਗਏ ਕਿ ਸਾਨੂੰ ਵੀ 8886 ਦੀ ਤਰਜ਼ 'ਤੇ ਸਮੱਗਰ ਸਿੱਖਿਆ ਅਭਿਆਨ ਵਿੱਚ ਬਾਕੀ ਕੱਚੇ ਕਰਦੇ ਮੁਲਾਜ਼ਮਾਂ ਦੀ ਤਰ੍ਹਾਂ ਰੈਗੂਲਰ ਕੀਤਾ ਜਾਵੇ, ਪਰ ਸਰਕਾਰ ਨੇ ਰੈਗੂਲਰ ਕਰਨਾ ਤਾਂ ਦੂਰ ਅਜੇ ਤੱਕ ਰੈਗੂਲਰ ਕਰਨ ਦਾ ਹੁੰਗਾਰਾ ਤੱਕ ਵੀ ਵਿਸ਼ੇਸ਼ ਅਧਿਆਪਕਾਂ ਨੂੰ ਨਹੀਂ ਭਰਿਆ ਤੇ 20-20 ਸਾਲ ਤੋਂ ਕੰਮ ਕਰਦੇ ਵਿਸ਼ੇਸ਼ ਅਧਿਆਪਕਾਂ ਉੱਤੇ ਵੱਖ-ਵੱਖ ਤਰ੍ਹਾਂ ਦੀਆਂ ਸ਼ਰਤਾਂ ਲਗਾ ਕੇ ਮਾਰੂ ਨੀਤੀਆਂ ਦੇ ਨਾਲ ਸ਼ਰੇਆਮ ਧੱਕਾ ਕੀਤਾ ਜਾ ਰਿਹਾ ਹੈ।ਮੀਡੀਆ ਨਾਲ ਗੱਲਬਾਤ ਕਰਦੇ ਹੋਏ ਵਿਸ਼ੇਸ਼ ਅਧਿਆਪਕਾਂ ਦੇ ਨੁਮਾਇੰਦੇ ਵਰਿੰਦਰ ਵੱਧਰਾ ਨੇ ਦੱਸਿਆ ਕਿ ਸਰਕਾਰ ਨਾਲ ਅਸੀਂ ਬਹੁਤ ਮੀਟਿੰਗਾਂ ਕਰ ਚੁੱਕੇ ਹਾਂ ਤੇ ਸਰਕਾਰ ਹਰ ਵਾਰ ਮੀਟਿੰਗਾਂ ਦੇ ਕੇ ਮੀਟਿੰਗਾਂ ਅੱਗੇ ਦੀ ਅੱਗੇ ਕਰਦੀ ਜਾ ਰਹੀ ਹੈ, ਪਰ ਹੁਣ ਸਾਡੇ ਵੱਲੋਂ ਆਉਣ ਵਾਲੇ ਸਮੇਂ ਵਿੱਚ ਦਸੰਬਰ ਨੂੰ ਸਰਕਾਰ ਖ਼ਿਲਾਫ਼ ਗੁਪਤ ਐਕਸ਼ਨ ਕੀਤੇ ਜਾ ਰਹੇ ਹਨ, ਜਿਸ ਦੀ ਸਿੱਧੀ ਜ਼ਿੰਮੇਵਾਰੀ ਸਰਕਾਰ ਤੇ ਡਿਪਾਰਟਮੈਂਟ ਦੀ ਹੋਵੇਗੀ ਅਤੇ ਇਹ ਐਕਸ਼ਨ ਉਦੋਂ ਤੱਕ ਜਾਰੀ ਰਹਿਣਗੇ, ਜਦੋਂ ਤੱਕ 20-20 ਸਾਲਾਂ ਤੋਂ ਕੰਮ ਕਰਦੇ ਵਿਸ਼ੇਸ਼ ਅਧਿਆਪਕਾਂ ਨੂੰ ਬਾਕੀ ਸਮੱਗਰ ਸਿੱਖਿਆ ਅਭਿਆਨ ਦੇ ਮੁਲਾਜ਼ਮਾਂ ਦੀ ਤਰ੍ਹਾਂ ਰੈਗੂਲਰ ਨਹੀਂ ਕਰ ਦਿੱਤਾ ਜਾਂਦਾ।ਇਸ ਮੀਟਿੰਗ ਵਿੱਚ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਨਿਹਾਲ ਸਿੰਘ ਵਾਲਾ, ਮੀਤ ਪ੍ਰਧਾਨ ਸਤਵਿੰਦਰ ਸਿੰਘ ਭਲੂਰ, ਜਨਰਲ ਸਕੱਤਰ ਸੁਲੱਖਣ ਸਿੰਘ ਸੈਦੋਕੇ, ਚਰਨਜੀਤ ਕੌਰ, ਅਮਨਦੀਪ ਕੌਰ, ਅਮਨਜੀਤ ਕੌਰ, ਰਵਿੰਦਰ ਕੌਰ, ਗਗਨਦੀਪ ਕੌਰ, ਨੀਨਾ ਗੋਇਲ, ਦੁਪਿਕਾ, ਗੁਰਬਿੰਦਰ ਕੌਰ, ਸੁਨੈਣਾ, ਨਵਨੀਤ ਕੁਮਾਰੀ, ਵੀਰਪਾਲ ਕੌਰ, ਸੋਨਪ੍ਰੀਤ ਸਿੰਘ ਆਦਿ ਯੂਨੀਅਨ ਦੇ ਆਹੁਦੇਦਾਰ ਹਾਜ਼ਰ ਸਨ।

## ਚੰਡੀਗੜ੍ਹ ਨੂੰ ਆਰਟੀਕਲ 240 ਹੇਠ ਲਿਆਉਣ ਦੀ ਕੋਸ਼ਿਸ਼ ਪੰਜਾਬ ਦੇ ਅਧਿਕਾਰਾਂ 'ਤੇ ਹਮਲਾ : ਲਾਲ ਸਿੰਘ/ਗੌਰਵ ਸੰਧੂ



**ਲੁਧਿਆਣਾ/ਸਨੌਰ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਵਿੱਤ, ਯੋਜਨਾ ਤੇ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਮੰਤਰੀ ਲਾਲ ਸਿੰਘ ਤੇ ਆਲ ਇੰਡੀਆ ਕਿਸਾਨ ਸੈੱਲ ਦੇ ਜਨਰਲ ਸੱਕਤਰ ਗੁਰਵਿੰਦਰ ਸਿੰਘ ਗੌਰਵ ਸੰਧੂ ਨੇ ਕੇਂਦਰ ਵੱਲੋਂ ਸੰਵਿਧਾਨ ਦੇ 131ਵੇਂ ਤਰਮੀਮ ਬਿੱਲ ਰਾਹੀਂ ਚੰਡੀਗੜ੍ਹ ਨੂੰ ਆਰਟੀਕਲ 240 ਹੇਠ ਲਿਆਉਣ ਦੀ ਕੋਸ਼ਿਸ਼ ਨੂੰ ਪੰਜਾਬ ਦੇ ਇਤਿਹਾਸ, ਸੰਘੀ ਢਾਂਚੇ ਤੇ ਜਾਇਜ਼ ਹੱਕਾਂ 'ਤੇ ਸਿੱਧਾ ਹਮਲਾ ਕਰਾਰ ਦਿੱਤਾ ਹੈ।ਉਨ੍ਹਾਂ ਕਿਹਾ ਕਿ 1966 ਵਿੱਚ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਵਜੋਂ ਬਣਾਇਆ ਗਿਆ ਸੀ ਤੇ ਕਈ ਸਾਲਾਂ ਤੱਕ ਪੰਜਾਬ ਦੇ ਗਵਰਨਰ ਨੇ ਇਸ ਦੇ ਐਡਮਿਨਿਸਟ੍ਰੇਟਰ ਵਜੋਂ ਕੰਮ ਕੀਤਾ ਹੈ।ਇਸ ਪਿੱਠ ਭੂਮੀ ਵਿੱਚ ਕੇਂਦਰ ਦੀ ਇਹ ਤਾਜ਼ਾ ਕੋਸ਼ਿਸ਼ ਚੰਡੀਗੜ੍ਹ ਨੂੰ ਪੰਜਾਬ ਤੋਂ ਵੱਖ ਦਿਖਾਉਣ ਦੀ ਨੀਤੀ ਦਾ ਹਿੱਸਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਰਾਜਨੀਤਕ ਮਨਸੂਬਿਆਂ ਨਾਲ ਭਰਪੂਰ 131ਵਾਂ ਤਰਮੀਮ ਬਿੱਲ ਲਿਆ ਕੇ ਚੰਡੀਗੜ੍ਹ ਨੂੰ ਹੋਰ ਯੂਨੀਅਨ ਟੇਰੀਟਰੀਜ਼ ਵਾਂਗ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਕਿ ਪੰਜਾਬ ਦੇ ਹਿੱਤਾਂ ਵਿਰੁੱਧ ਇੱਕ ਹੋਰ ਜਾਣ-ਬੁੱਝ ਕੇ ਕੀਤਾ ਕਦਮ ਹੈ।ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਹਮੇਸ਼ਾ ਪੰਜਾਬ ਦੇ ਹਿੱਤਾਂ 'ਤੇ ਡਾਕਾ ਮਾਰਿਆ ਹੈ ਤੇ ਪੰਜਾਬ ਨਾਲ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਜਾਰੀ ਕਰਨ ਸਮੇਂ ਹਮੇਸ਼ਾ ਵਿਕਤਰਾ ਕੀਤਾ ਜਾਂਦਾ ਰਿਹਾ ਹੈ। ਇਸ ਮੌਕੇ ਕਾਂਗਰਸੀ ਆਗੂ ਦੀਦਾਰ ਸਿੰਘ ਦੌਣਕਲਾਂ ਤੇ ਹੋਰ ਆਗੂ ਹਾਜ਼ਰ ਸਨ।

## ਨੌਂ ਲੇਖਕਾਂ ਦਾ ਕਾਵਿ ਸੰਗ੍ਰਹਿ 'ਪਾਣੀ' ਲੋਕ ਅਰਪਣ



**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ/ਅਸ਼ੋਕ ਲਾਕੜਾ)**-ਨੌਂ ਲੇਖਕਾਂ ਦਾ ਸਾਂਝਾ ਕਾਵਿ ਸੰਗ੍ਰਹਿ 'ਪਾਣੀ', ਜਿਸ ਨੂੰ ਪੰਜਾਬੀ ਸਾਹਿਤ ਕਲਾ ਮੰਚ ਦੇ ਪ੍ਰਧਾਨ ਅਮਨਦੀਪ ਸ਼ਰਮਾ ਨੇ ਸੰਪਾਦਿਤ ਕੀਤਾ ਹੈ, ਅੱਜ ਸਰਕਾਰੀ ਪ੍ਰਾਇਮਰੀ ਸਕੂਲ ਅਹਿਮਦਪੁਰ ਦੇ ਵਿਹੜੇ ਲੋਕ ਅਰਪਣ ਕੀਤਾ ਗਿਆ।ਕਾਵਿ ਸੰਗ੍ਰਹਿ ਦੇ ਸੰਪਾਦਕ ਸ਼ਰਮਾ ਨੇ ਦੱਸਿਆ ਕਿ ਨਵੇਂ ਉੱਭਰ ਰਹੇ ਕਵੀਆਂ ਦੀਆਂ ਕਵਿਤਾਵਾਂ ਨੂੰ ਸੰਕਲਿਤ ਕਰਕੇ ਇਹ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਕਰਵਾਇਆ ਗਿਆ ਹੈ ਤਾਂ ਕਿ ਬੱਚਿਆਂ 'ਚ ਪੜ੍ਹਨ ਦੀ ਚਿਣਗ ਪੈਦਾ ਹੋ ਸਕੇ।ਉਨ੍ਹਾਂ ਇਸ ਕਾਵਿ ਸੰਗ੍ਰਹਿ 'ਤੇ ਗੱਲਬਾਤ ਕਰਦਿਆਂ ਆਪਣੀ ਕਵਿਤਾ ਪਾਣੀ ਨੂੰ ਪੜ੍ਹਦਿਆਂ ਕਿਹਾ ਕਿ ਇਹ ਕਵਿਤਾ ਹੜ੍ਹਾਂ ਕਾਰਨ ਪੰਜਾਬ ਵਿੱਚ ਆਈ ਤਬਾਹੀ ਨੂੰ ਬਿਆਨ ਕਰਦੀ ਬਹੁਤ ਕੁੱਝ ਕਹਿੰਦੀ ਅੱਗੇ ਵੱਲ ਵਧਦੀ ਹੈ।ਇਸ ਕਾਵਿ ਸੰਗ੍ਰਹਿ ਵਿੱਚ ਗੁਲਜ਼ਾਰ ਡੋਗਰਾ, ਪੂਜਾ ਪੁੰਡਰਕ, ਪ੍ਰਵੀਨ ਬਲਿਆਲ, ਜਤਿੰਦਰ ਸਿੰਘ, ਖੁਸ਼ਨਸੀਬ, ਬਲਕਰਨ, ਅਮਨਦੀਪ ਸ਼ਰਮਾ ਦੀਆਂ ਕਵਿਤਾਵਾਂ ਨੂੰ ਲੈ ਕੇ ਪ੍ਰਕਾਸ਼ਿਤ ਕੀਤਾ ਗਿਆ ਹੈ।ਇਸ ਮੌਕੇ ਲੇਖਕ ਤੇ ਪੱਤਰਕਾਰ ਆਤਮਾ ਸਿੰਘ ਪਮਾਰ ਤੇ ਲਖਵੀਰ ਸਿੰਘ ਨੇ ਕਿਹਾ ਕਿ ਅਜੋਕੇ ਸਮੇਂ 'ਚ ਬੱਚਿਆਂ ਨੂੰ ਸਾਹਿਤ ਤੇ ਅਖ਼ਬਾਰਾਂ ਪੜ੍ਹਨ ਨਾਲ ਜੋੜਨਾ ਅਤੇ ਪ੍ਰੇਰਿਤ ਕਰਨਾ ਬਹੁਤ ਜ਼ਰੂਰੀ ਹੈ।ਇਸ ਮੌਕੇ ਸੁਖ ਅਚਾਨਕ ਨੇ ਆਪਣੇ ਲਿਖੇ ਗੀਤਾਂ ਰਾਹੀਂ ਵੀ ਸਰੋਤਿਆਂ ਦਾ ਖ਼ੂਬ ਮਨੋਰੰਜਨ ਕੀਤਾ।

## ਅਮਲਾ ਸਿੰਘ ਵਾਲਾ 'ਚ ਯੋਗਾ ਕਲਾਸਾਂ ਸ਼ੁਰੂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੀ ਸੀ ਐੱਮ ਦੀ ਯੋਗਸ਼ਾਲਾ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ 'ਚ ਵਿਸ਼ੇਸ਼ ਯੋਗਦਾਨ ਪਾ ਰਹੀ ਹੈ।ਵੱਖ ਵੱਖ ਪਿੰਡਾਂ ਤੇ ਸ਼ਹਿਰਾਂ ਵਿੱਚ ਸੀ ਐੱਸ ਦੀ ਯੋਗਸ਼ਾਲਾ ਤਹਿਤ ਵੱਖ-ਵੱਖ ਥਾਵਾਂ ਉੱਪਰ ਮੁਫਤ ਯੋਗਾ ਕਲਾਸਾਂ ਚਲਾਈਆਂ ਜਾ ਰਹੀਆਂ ਹਨ।ਜ਼ਿਲ੍ਹਾ ਬਰਨਾਲਾ ਸੁਪਰਵਾਈਜ਼ਰ ਰਛਪਿੰਦਰ ਕੌਰ ਬਰਾੜ ਤੇ ਯੋਗਾ ਟਰੇਨਰ ਵੀਰਵੰਤ ਕੌਰ ਸੰਘੇੜਾ ਨੇ ਦੱਸਿਆ ਕਿ ਪਿੰਡ ਅਮਲਾ ਸਿੰਘ ਵਾਲਾ ਵਿੱਚ ਯੋਗਾ ਦੀਆਂ ਕਲਾਸਾਂ ਚੱਲ ਰਹੀਆਂ ਹਨ।ਉਨ੍ਹਾਂ ਕਿਹਾ ਕਿ ਯੋਗਾ ਕਰਨ ਨਾਲ ਕਈ ਤਰ੍ਹਾਂ ਦੀਆਂ ਸਰੀਰਕ ਤੇ ਮਾਨਸਿਕ ਸਮੱਸਿਆਵਾਂ ਦੂਰ ਹੋ ਰਹੀਆਂ ਹਨ। ਉਨ੍ਹਾਂ ਸਮੂਹ ਲੋਕਾਂ ਨੂੰ ਯੋਗਾ ਦੀਆਂ ਕਲਾਸਾਂ ਦਾ ਲਾਭ ਉਠਾਉਣ ਦੀ ਅਪੀਲ ਕੀਤੀ।

## ਵਿਧਾਇਕ ਕਾਕਾ ਬਰਾੜ ਨੂੰ ਦੁਕਾਨਦਾਰਾਂ ਕੀਤਾ ਸਨਮਾਨਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਥਾਨਕ ਮਲੋਟ ਰੋਡ ਸਥਿਤ ਸਮੂਹ ਮਾਰਕਿਟ ਵੱਲੋਂ ਗੁਰੂ ਗ੍ਰੰਥ ਸਾਹਿਬ ਸਾਹਿਬ ਜੀ ਦੇ 556ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਮੌਕੇ ਕੀਰਤਨੀ ਜੱਥੇ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ।ਇਸ ਦੌਰਾਨ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਏ।ਇਸ ਮੌਕੇ ਸੰਗਤਾਂ ਲਈ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ।ਇਸ ਮੌਕੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਕਿਹਾ ਕਿ ਗੁਰੂ ਜੀ ਦੀਆਂ ਸਿੱਖਿਆਵਾਂ ਅੱਜ ਵੀ ਸਾਡੇ ਲਈ ਪ੍ਰੇਰਨਾ ਸਰੋਤ ਹਨ।ਉਨ੍ਹਾਂ ਕਿਹਾ ਕਿ ਸਾਨੂੰ ਲੋੜ ਹੈ ਕਿ ਅਸੀਂ ਉਨ੍ਹਾਂ ਦੇ ਦੱਸੇ ਮਾਰਗ 'ਤੇ ਚੱਲ ਕੇ ਸਮਾਜ ਨੂੰ ਇੱਕ ਬਿਹਤਰ ਦਿਸ਼ਾ ਦੇਈਏ।ਉਨ੍ਹਾਂ ਦੁਕਾਨਦਾਰਾਂ ਨੂੰ ਇਸ ਸ਼ਾਨਦਾਰ ਆਯੋਜਨ ਲਈ ਵਧਾਈ ਦਿੱਤੀ ਤੇ ਕਿਹਾ ਕਿ ਇਹੋ ਜਿਹੇ ਸਮਾਗਮ ਸਮਾਜ ਵਿੱਚ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦੇ ਹਨ।ਇਸ ਮੌਕੇ ਦੁਕਾਨਦਾਰਾਂ ਨੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਤੇ ਹੋਰ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਸਿਰੋਪਾ ਭੇਟ ਕੀਤਾ।ਇਸ ਮੌਕੇ ਸਮੂਹ ਸੰਗਤ ਹਾਜ਼ਰ ਸੀ।

## ਨਗਰ 'ਚ ਸੁੱਖ-ਸ਼ਾਂਤੀ ਲਈ ਸੁਖਮਨੀ ਸਾਹਿਬ ਦੇ ਜਾਪ ਕਰਵਾਏ



**ਸ਼ੇਰਪੁਰ (ਰਵੀ ਟਿੱਬਾ)**-ਕਸਬਾ ਸ਼ੇਰਪੁਰ ਦੇ ਵਿੱਚ ਪਿਛਲੇ ਅਕਤੂਬਰ ਮਹੀਨੇ ਦੌਰਾਨ ਡੇਂਗੂ ਤੇ ਸੈੱਲ ਘਟਣ ਕਾਰਨ ਕਾਫੀ ਲੋਕਾਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ। ਇਨ੍ਹਾਂ ਹੋਈਆਂ ਅਚਾਨਕ ਮੌਤਾਂ ਨਾਲ ਕਸਬੇ ਅੰਦਰ ਤੇ ਪੱਤੀ ਖਲੀਲ ਵਿੱਚ ਵਸਦੇ ਲੋਕਾਂ ਦੇ ਮਨਾਂ ਵਿੱਚ ਭਾਰੀ ਸਹਿਮ ਪਾਇਆ ਜਾ ਰਿਹਾ ਸੀ। ਇਸ ਕੁਦਰਤੀ ਕਰੋਪੀ ਨੂੰ ਰੋਕਣ ਲਈ ਅੱਜ ਗੁਰੂ ਰਵਿਦਾਸ ਚੌਕ ਸ਼ੇਰਪੁਰ ਤੇ ਪੱਤੀ ਖਲੀਲ ਦੇ ਨੌਜਵਾਨਾਂ ਵੱਲੋਂ ਸਮੂਹਕ ਤੌਰ 'ਤੇ ਆਪਣੇ ਨਗਰ ਤੇ ਅਗਵਾੜ ਦੀ ਚੜ੍ਹਦੀ ਕਲਾ ਲਈ ਸੁਖਮਣੀ ਸਾਹਿਬ ਦੇ ਜਾਪ ਕਰਵਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਸੈਕਟਰੀ ਹਰਵਿੰਦਰ ਸਿੰਘ ਸਰਾਂ ਨੇ ਕਿਹਾ ਕਿ ਸਤਿਗੁਰੂ ਕਿਰਪਾ ਕਰਨ ਜੋ ਭਿਆਨਕ ਸਮਾਂ ਬਤੀਤ ਹੋਇਆ ਹੈ, ਆਉਣ ਵਾਲਾ ਸਮਾਂ ਸਾਡੇ ਨਗਰ ਤੇ ਮੁਹੱਲੇ ਅਗਵਾੜਾ ਲਈ ਸੁੱਖ ਸ਼ਾਂਤੀ ਵਾਲਾ ਹੋਵੇ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਜੋ ਅਚਾਨਕ ਮੌਤਾਂ ਕਾਰਨ ਨੌਜਵਾਨ ਤੇ ਬਜ਼ੁਰਗ ਸਾਨੂੰ ਛੱਡ ਕੇ ਚਲੇ ਗਏ ਹਨ, ਉਨ੍ਹਾਂ ਦੀ ਘਾਟ ਹਮੇਸ਼ਾ ਰੜਕਦੀ ਰਹੇਗੀ। ਇਸ ਮੌਕੇ ਆਈਆਂ ਹੋਈਆਂ ਸੰਗਤਾਂ ਦਾ ਉਨ੍ਹਾਂ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਿਸਤਰੀ ਨਾਹਰ ਸਿੰਘ ਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧੰਨਵਾਦ ਕੀਤਾ। ਸੰਗਤਾਂ ਦੇ ਲਈ ਨੌਜਵਾਨਾਂ ਵੱਲੋਂ ਚਾਹ ਦਾ ਲੰਗਰ ਅਟੁੱਟ ਵਰਤਾਇਆ ਗਿਆ। ਇਸ ਮੌਕੇ ਨੌਜਵਾਨ ਆਗੂ ਗੁਰਦੀਪ ਸਿੰਘ, ਅਮਰਜੀਤ ਸਿੰਘ ਜੱਸੀ, ਅਮਰੀਕ ਸਿੰਘ, ਹਰਵਿੰਦਰ ਸਿੰਘ ਮਿੱਠੂ, ਰਮਦਾਸ ਸਿੰਘ ਬਿੱਟੂ, ਬੁੱਧ ਸਿੰਘ, ਸੂਬੇਦਾਰ ਜਰਨੈਲ ਸਿੰਘ, ਬਲਬੀਰ ਸਿੰਘ ਚੀਨਾ, ਜਗਸੀਰ ਸਿੰਘ, ਹਰਭਜਨ ਸਿੰਘ ਆਦਿ ਹਾਜ਼ਰ ਸਨ।

# ਕਿਸਾਨ ਭਲਕੇ ਚੰਡੀਗੜ੍ਹ ਰੈਲੀ 'ਚ ਵਹੀਰਾਂ ਘੱਤ ਕੇ ਪਹੁੰਚਣਗੇ:ਸੰਯੁਕਤ ਕਿਸਾਨ ਮੋਰਚਾ

ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਇਤਿਹਾਸਿਕ ਜੇਤੂ ਕਿਸਾਨ ਅੰਦੋਲਨ ਦੀ ਪੰਜਵੀਂ ਵਰ੍ਹੇਗੰਢ ਉੱਤੇ ਸੰਯੁਕਤ ਕਿਸਾਨ ਮੋਰਚਾ ਵੱਲੋਂ ਸਾਰੇ ਦੇਸ਼ ਵਿੱਚ ਵਿਸ਼ਾਲ ਰੋਸ ਪ੍ਰਦਰਸ਼ਨ ਕੀਤੇ ਜਾਣ ਅਤੇ ਪੰਜਾਬ ਵੱਲੋਂ 26 ਨਵੰਬਰ ਨੂੰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਖੇ ਵੱਡੀ ਕਿਸਾਨ, ਮਜ਼ਦੂਰ ਰੈਲੀ ਕੀਤੀ ਜਾਵੇਗੀ।ਇਸਦੀ ਤਿਆਰੀ ਸਬੰਧੀ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਦੀ ਮੀਟਿੰਗ ਨਛੱਤਰ ਸਿੰਘ ਮੁਗਲ ਚੱਕ ਕਨਵੀਨਰ ਐਸਕੇਐਮ ਜ਼ਿਲ੍ਹਾ ਤਰਨ ਤਾਰਨ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਤਰਸੇਮ ਸਿੰਘ ਲੁਹਾਰ ਅਤੇ ਮਨਜੀਤ ਸਿੰਘ ਬੱਗੂ ਨੇ ਦੱਸਿਆ ਕਿ ਤਰਨ ਤਾਰਨ ਜ਼ਿਲ੍ਹੇ ਵਿੱਚੋਂ ਜਥੇਬੰਦੀ ਦੇ ਲੱਗੇ ਕੋਟੇ ਅਨੁਸਾਰ ਕਿਸਾਨ ਜੋਸ਼ ਖਰੋਸ਼ ਨਾਲ ਪਹੁੰਚਣਗੇ। ਉਨ੍ਹਾਂ ਪੰਜਾਬ ਸਰਕਾਰ ਤੇ ਖਾਸਕਰ ਕੇਂਦਰ ਸਰਕਾਰ ਦੀਆਂ ਕਿਸਾਨ ਮਜ਼ਦੂਰ ਮਾਰੂ ਨੀਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਕਿਸਾਨ ਅੰਦੋਲਨ ਮੌਕੇ ਤਿੰਨ ਲੋਕ ਦੋਖੀ ਕਾਨੂੰਨ ਵਾਪਸ ਲੈਣ ਸਮੇਂ ਵਾਅਦਾ ਕੀਤਾ ਸੀ ਕਿ ਸਾਰੀਆ ਫਸਲਾਂ ਤੇ ਐੱਮਐੱਸਪੀ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਦਿੱਤੀ ਜਾਵੇਗੀ।ਪਰ ਮਾਮਲਾ ਜਿਉਂ ਦਾ ਤਿਉਂ ਪਿਆ ਹੈ।ਉਲਟਾ ਕੇਂਦਰ ਸਰਕਾਰ ਪੰਜਾਬ ਯੂਨੀਵਰਸਿਟੀ ਨੂੰ ਕਬਜ਼ੇ ਵਿੱਚ ਲੈਣ ਅਤੇ ਪੰਜਾਬ ਸੂਬੇ ਦੀ ਰਾਜਧਾਨੀ ਚੰਡੀਗੜ੍ਹ ਨੂੰ ਵੀ ਪੰਜਾਬ ਹਵਾਲੇ ਕਰਨ ਦੀ ਬਜਾਏ ਪੂਰੀ ਤਰ੍ਹਾਂ ਕਬਜ਼ੇ ਵਿੱਚ ਕੀਤਾ ਜਾ ਰਿਹਾ ਹੈ। ਪੰਜਾਬ ਦੇ ਪਾਣੀਆਂ ਤੇ ਡਾਕਾ ਮਾਰਿਆ ਜਾ ਰਿਹਾ ਹੈ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੌਜੂਦਾ ਭਾਜਪਾ ਸਰਕਾਰ ਕਾਂਗਰਸ ਸਰਕਾਰਾਂ ਨਾਲੋਂ ਵੀ ਕਿਤੇ ਵੱਧ ਪੰਜਾਬ ਦੁਸ਼ਮਣ ਸਾਬਤ ਹੋ ਰਹੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਦਲਜੀਤ ਸਿੰਘ ਦਿਆਲਪੁਰਾ, ਬਲਵੀਰ ਸਿੰਘ ਝਾਮਕਾ, ਦਲਵਿੰਦਰ ਸਿੰਘ ਪੰਨੂ, ਗੁਰਸਾਹਿਬ ਸਿੰਘ ਡੱਲ, ਦਿਲਬਾਗ ਸਿੰਘ ਲੱਖੋਵਾਲ, ਗੁਰਚਰਨ ਸਿੰਘ ਸਭਰਾ, ਪੂਰਨ ਸਿੰਘ ਮਾੜੀਮੇਘਾ, ਗੁਰਬਚਨ ਸਿੰਘ ਘੜਕਾ, ਹਰਜੀਤ ਸਿੰਘ ਰਵੀ, ਤਰਸੇਮ ਸਿੰਘ ਕਲਸੀ, ਸਤਪਾਲ ਸਿੰਘ ਨੱਥੋਕੇ, ਦਇਆ ਸਿੰਘ ਅਲਾਦੀਨਪੁਰ, ਸੁਖਦੇਵ ਸਿੰਘ ਤੁੜ, ਭੁਪਿੰਦਰ ਸਿੰਘ ਪੰਡੋਰੀ ਤਖਤਮਲ , ਅੰਮ੍ਰਿਤ ਪਾਲ ਸਿੰਘ ਜੋੜਾ, ਮਨਿੰਦਰ ਸਿੰਘ ਲਾਲੀ, ਇੰਦਰਜੀਤ ਸਿੰਘ ਮਰਾਹਾਣਾ, ਦਵਿੰਦਰ ਸੋਹਲ, ਰਣਜੀਤ ਸਿੰਘ ਬਹਾਦਰ ਨਗਰ ਅਤੇ ਸੁਖਦੇਵ ਸਿੰਘ ਮਾਨੋਚਾਹਲ ਹਾਜ਼ਰ ਸਨ।



# ਧੂਲਕਾ ਕਤਲ ਕਾਂਡ 'ਚ ਲੋੜੀਂਦਾ ਮੁਲਜ਼ਮ ਮੁਕਾਬਲੇ ਦੌਰਾਨ ਢੇਰ

ਅੰਮ੍ਰਿਤਸਰ, ਬਿਆਸ (ਮਨੋਜ ਕੁਮਾਰ, ਪਰਮਜੀਤ ਸਿੰਘ ਰੱਖੜਾ): ਅੰਮ੍ਰਿਤਸਰ ਦਿਹਾਤੀ ਪੁਲਸ ਨੇ ਸੋਮਵਾਰ ਨੂੰ ਇਕ ਵੱਡੀ ਸਫਲਤਾ ਹਾਸਲ ਕਰਦਿਆਂ ਪਿੰਡ ਧੂਲਕਾ ਵਿਚ ਹੋਏ ਕਤਲ ਮਾਮਲੇ ਦੇ ਲੋੜੀਂਦੇ ਮੁਲਜ਼ਮ ਨੂੰ ਮੁਕਾਬਲੇ ਦੌਰਾਨ ਢੇਰ ਕਰ ਦਿੱਤਾ। ਇਹ ਕਾਰਵਾਈ ਅੰਮ੍ਰਿਤਸਰ ਦਿਹਾਤੀ ਪੁਲਸ ਦੇ ਐੱਸਐੱਸਪੀ ਸੁਹੇਲ ਮੀਰ ਦੀ ਅਗਵਾਈ ਹੇਠ ਕੀਤੀ ਗਈ। ਇਸ ਆਪਰੇਸ਼ਨ ਵਿਚ ਐੱਸਪੀ (ਡੀ) ਅਦਿੱਤਿਆ ਵਾਰੀਅਰ, ਡੀਐੱਸਪੀ ਅਜਨਾਲਾ ਗੁਰਵਿੰਦਰ ਸਿੰਘ, ਡੀਐੱਸਪੀ (ਡੀ) ਗੁਰਿੰਦਰ ਸਿੰਘ, ਡੀਐੱਸਪੀ ਬਾਬਾ ਬਕਾਲਾ ਅਰੁਣ ਸ਼ਰਮਾ ਤੇ ਥਾਣਾ ਅਜਨਾਲਾ ਦੀ ਟੀਮ ਜਿਸਦੀ ਅਗਵਾਈ ਐੱਸਆਈ ਹਰਚੰਦ ਸਿੰਘ ਕਰ ਰਹੇ ਸਨ, ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਢੇਰ ਹੋਏ ਮੁਲਜ਼ਮ ਦੀ ਪਛਾਣ ਰਾਜਾ ਸਿੰਘ ਉਰਫ਼ ਬਿੱਲਾ ਵਾਸੀ ਚੀਮਾ ਕਲਾਂ, ਜ਼ਿਲ੍ਹਾ ਤਰਨ ਤਾਰਨ ਵਜੋਂ ਹੋਈ। ਜ਼ਿਕਰਯੋਗ ਹੈ ਕਿ ਬੀਤੀ 16 ਨਵੰਬਰ ਨੂੰ ਪਿੰਡ ਧੂਲਕਾ ਵਿਚ ਦੋ ਨਾ-ਮਲੂਮ ਸ਼ੂਟਰਾਂ ਨੇ ਦੁਕਾਨ ਵਿਚ ਦਾਖ਼ਲ ਹੋ ਕੇ ਮਨਜੀਤ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਸਬੰਧੀ ਮੁਕੱਦਮਾ ਥਾਣਾ ਖਲਚੀਆਂ ਵਿਚ ਦਰਜ ਕੀਤਾ ਗਿਆ ਸੀ। ਅੰਮ੍ਰਿਤਸਰ ਦਿਹਾਤੀ ਪੁਲਸ ਵੱਲੋਂ ਜਾਰੀ ਪ੍ਰੈੱਸ ਰਿਲੀਜ਼ ਅਨੁਸਾਰ ਗੁਪਤ ਸੂਚਨਾ ਮਿਲੀ ਕਿ ਰਾਜਾ ਸਿੰਘ ਉਰਫ਼ ਬਿੱਲਾ ਇਲਾਕੇ ਵਿਚ ਕਿਸੇ ਨਵੀਂ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿਚ ਘੁੰਮ ਰਿਹਾ ਹੈ। ਇਸ ਦੀ ਜਾਣਕਾਰੀ ਤੁਰੰਤ ਨਾਕਾ ਤੇ ਗਸ਼ਤ ਪਾਰਟੀਆਂ ਨੂੰ ਦਿੱਤੀ ਗਈ। ਇਸ 'ਤੇ ਥਾਣਾ ਬਿਆਸ ਦੀ ਗਸ਼ਤ ਟੀਮ ਜਿਸਦੀ ਅਗਵਾਈ ਐੱਸਆਈ ਨਰੇਸ਼ ਕੁਮਾਰ ਕਰ ਰਹੇ ਸਨ, ਵੱਲੋਂ ਪੁੱਲ ਸੂਆ ਟੌਂਗ ਨਜ਼ਦੀਕ ਨਾਕਾਬੰਦੀ ਕੀਤੀ ਗਈ। ਮੁਲਜ਼ਮ ਨੇ ਪੁਲਸ ਨੂੰ ਦੇਖ ਕੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਮੋਟਰਸਾਈਕਲ ਸਲਿੱਪ ਹੋਣ ਕਾਰਨ ਉਹ ਡਿੱਗ ਪਿਆ। ਇਸ ਦੌਰਾਨ ਉਸ ਨੇ ਪੁਲਸ 'ਤੇ ਫਾਇਰਿੰਗ ਕਰ ਦਿੱਤੀ, ਜਿਸ ਨਾਲ ਏਐੱਸਆਈ ਸ਼ੰਕਰ ਸਿੰਘ ਬਾਂਹ 'ਚ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਿਆ। ਪੁਲਸ ਵੱਲੋਂ ਆਪਣੀ ਸੁਰੱਖਿਆ ਵਿਚ ਕੀਤੀ ਗਈ ਜਵਾਬੀ ਫਾਇਰਿੰਗ ਦੌਰਾਨ ਮੁਲਜ਼ਮ ਜ਼ਖਮੀ ਹੋ ਗਿਆ, ਜਿਸ ਨੂੰ ਤੁਰੰਤ ਹਸਪਤਾਲ ਭੇਜਿਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਫਾਇਰਿੰਗ ਤੇ ਪੁਲਸ ਪਾਰਟੀ 'ਤੇ ਹਮਲੇ ਸਬੰਧੀ ਵੱਖਰਾ ਮਾਮਲਾ ਦਰਜ ਕੀਤਾ ਜਾ ਰਿਹਾ ਹੈ। ਜ਼ਖਮੀ ਏਐੱਸਆਈ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ।



# ਬਿਜਲੀ ਬਿੱਲ-2025 ਵਿਰੁੱਧ ਲੋਕਾਂ 'ਚ ਡਾਢਾ ਰੋਸ: ਡਾ. ਅਜਨਾਲਾ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਆਮ ਲੋਕਾਂ ਦੇ ਘਰਾਂ ਚ ਹਨੇਰਾ ਲਿਆਉਣ ਵਾਲਾ ਬਿਜਲੀ ਬਿੱਲ-2025 ਵਿਰੁੱਧ ਡਾਢਾ ਗੁੱਸਾ ਪਾਇਆ ਜਾ ਰਿਹਾ ਹੈ। ਇਸ ਕਾਲੇ ਕਾਨੂੰਨ ਨੂੰ ਵਾਪਿਸ ਕਰਵਾਉਣ ਲਈ ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਿਲ ਸਮੂਹ ਕਿਸਾਨ ਜਥੇਬੰਦੀਆਂ ਐੱਡੀ ਚੋਟੀ ਦਾ ਜ਼ੋਰ ਲਾ ਰਹੀਆਂ ਹਨ ਅਤੇ ਸਾਰੇ ਪੰਜਾਬ ਵਿੱਚ ਲੱਖਾਂ ਲੋਕ ਇਸ ਬਿੱਲ ਨੂੰ ਰੱਦ ਕਰਾਉਣ ਦੀ ਖ਼ਾਤਰ ਚੰਡੀਗੜ੍ਹ ਦੇ ਸੈਕਟਰ-34ਵਿੱਚ 26 ਨਵੰਬਰ ਨੂੰ ਪਹੁੰਚ ਰਹੇ ਹਨ ਜਿੱਥੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਉਤੇ ਵੱਧ ਤੋਂ ਵੱਧ ਦਬਾਅ ਪਾਇਆ ਜਾਵੇਗਾ ਕਿ ਇਹ ਕਾਲਾ ਬਿੱਲ ਵਾਪਿਸ ਲਿਆ ਜਾਵੇ। ਚਮਿਆਰੀ ਪਿੰਡ ਵਿੱਚ ਡਾ. ਬੀ. ਕੁਦਰਤੀ ਖੇਤੀ ਫਾਰਮ ਤੇ ਪਹੁੰਚੇ ਕਿਸਾਨਾਂ ਨੂੰ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਤੇ ਐੱਸਕੇਐੱਮ ਦੇ ਪ੍ਰਮੁੱਖ ਆਗੂ ਡਾ. ਸਤਨਾਮ ਸਿੰਘ ਅਜਨਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਕਾਲਾ ਬਿਜਲੀ ਬਿੱਲ ਲਾਗੂ ਹੋਣ ਨਾਲ ਗਰੀਬਾਂ, ਕਿਸਾਨਾਂ ਤੇ ਛੋਟੇ ਕਾਰਖਾਨੇਦਾਰਾਂ ਨੂੰ ਮਿਲਦੀ ਹਰ ਪ੍ਰਕਾਰ ਦੀ ਸਬਸਿਡੀ ਖਤਮ ਹੋ ਜਾਵੇਗੀ ਅਤੇ ਇੱਥੋਂ ਤੱਕ ਕਿ ਕਰਾਸ ਸਬਸਿਡੀ ਵੀ ਜਾਂਦੀ ਰਹਿਗੀ!

ਡਾ. ਅਜਨਾਲਾ ਨੇ ਅੱਗੇ ਦੱਸਿਆ ਕਿ ਇਹ ਬਿੱਲ ਵਿਚ ਇਹ ਵੀ ਸ਼ਾਮਿਲ ਹੈ ਕਿ ਗਰੀਬ ਤੋਂ ਗਰੀਬ ਤੇ ਅਮੀਰ ਤੋਂ ਅਮੀਰ ਦੇ ਘਰੇਲੂ ਬਿੱਲ ਬਰਾਬਰ ਹੋਣਗੇ ਜਦੋਂ ਕਿ 1948 ਬਿਜਲੀ ਬਿੱਲ ਵਿਚ ਇਹ ਅਵਸਥਾ ਸੀ ਕਿ ਗਰੀਬਾਂ ਨੂੰ ਸਸਤੀ ਤੋਂ ਸਸਤੀ ਦਰ ਤੇ ਬਿਜਲੀ ਦਿੱਤੀ ਜਾਵੇਗੀ ਇੱਥੇ ਪਹੁੰਚੇ ਕਿਸਾਨਾਂ ਨੇ ਕਿਹਾ ਕਿ ਸਾਡੇ ਹਰੇਕ ਪਿੰਡ ਵਿੱਚੋਂ ਕਿਸਾਨ ਟਰੈਕਟਰ ਟਰਾਲੀਆਂ ਤੇ ਹੋਰ ਵਾਹਨਾਂ ਰਾਹੀਂ ਵਹੀਰਾਂ ਘੱਤ ਕੇ 26 ਨਵੰਬਰ ਨੂੰ ਚੰਡੀਗੜ੍ਹ ਵਿਖੇ ਪਹੁੰਚਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਵੜੈਚ, ਸੁਰਜੀਤ ਸਿੰਘ ਭੂਰੇ ਗਿੱਲ, ਮਹਿਲ ਸਿੰਘ ਵੜੈਚ, ਲਖਬੀਰ ਸਿੰਘ ਤੇੜਾਂ ਰਾਜਪੂਤਾਂ, ਗਾਇਕ ਗੁਰਪਾਲ ਗਿੱਲ ਸੈਦਪੁਰ ਆਦਿ ਸ਼ਾਮਿਲ ਸਨ



# ਸ਼ੈਰੀ ਕਲਸੀ ਨੇ ਪਿੰਡ ਤੱਤਲੇ ਵਿਖੇ ਲਿੰਕ ਸੜਕ, ਫਿਰਨੀ ਤੇ ਸੜਕ ਬਣਾਉਣ ਦਾ ਨੀਂਹ ਪੱਥਰ ਰੱਖਿਆ

ਬਟਾਲਾ, ਨਵੰਬਰ (ਡਾ. ਮਲਵਿੰਦਰ ਸਿੰਘ)-ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਚਹੁੰਪੱਖੀ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਜਿਸਦੇ ਚੱਲਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਬਟਾਲਾ ਹਲਕੇ ਅੰਦਰ ਲੋਕਾਂ ਦੀਆਂ ਦਹਾਕਿਆਂ ਪੁਰਾਣੀਆਂ ਮੰਗਾਂ ਪੂਰੀ ਕਰਦਿਆਂ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਵਿਧਾਇਕ ਸ਼ੈਰੀ ਕਲਸੀ ਵੱਲੋਂ ਪਿੰਡ ਤੱਤਲੇ ਵਿਖੇ ਲਿੰਕ ਸੜਕ ਫਿਰਨੀ ਅਤੇ ਇੰਟਰਨਲ ਸੜਕ ਬਣਾਉਣ ਦਾ ਨੀਂਹ ਪੱਥਰ ਰੱਖਿਆ ਗਿਆ।ਇਸ ਮੌਕੇ ਪਿੰਡਾਂ ਦੇ ਪੰਚ-ਸਰਪੰਚ, ਸ਼ਹਿਰ ਵਾਸੀ ਅਤੇ ਮੋਹਤਬਰ ਸਖਸ਼ੀਅਤਾਂ ਮੌਜੂਦ ਸਨ।ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਬਟਾਲਾ ਵਿਧਾਨ ਸਭਾ ਹਲਕੇ ਨੂੰ ਵਿਕਾਸ ਪੱਖੋਂ ਮੋਹਰੀ ਹਲਕਾ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਉਹ ਇਸ ਕੰਮ ਲਈ ਦਿਨ ਰਾਤ ਲੱਗੇ ਹੋਏ ਹਨ।

ਉਨ੍ਹਾਂ ਨੇ ਕਿਹਾ ਕਿ ਹਲਕੇ ਅੰਦਰ ਸਾਫ ਸੁਥਰੀਆਂ ਲਿੰਕ ਸੜਕਾਂ ਦਾ ਜਾਲ ਵਿਛਾਉਣ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ, ਜੋ ਆਉਂਦੇ ਕੁਝ ਦਿਨਾਂ ਅੰਦਰ ਮੁਕੰਮਲ ਹੋ ਕੇ ਹਲਕੇ ਦੇ ਲੋਕਾਂ ਨੂੰ ਆਵਾਜਾਈ ਲਈ ਬਿਹਤਰ ਸਹੂਲਤਾਂ ਪ੍ਰਦਾਨ ਕਰਨਗੀਆਂ।ਉਨ੍ਹਾਂ ਕਿਹਾ ਕਿ ਪਿੰਡਾਂ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾ ਰਹੀ ਹੈ ਅਤੇ ਨਵੀਆਂ ਚੁਣੀਆਂ ਪੰਚਾਇਤਾਂ ਰਾਹੀਂ ਪਿੰਡਾਂ ਵਿੱਚ ਪਾਰਦਰਸ਼ੀ ਢੰਗ ਨਾਲ ਕੰਮ ਕਰਵਾਏ ਜਾ ਰਹੇ ਹਨ।ਪਿੰਡਾਂ ਵਿੱਚ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਮੰਤਵ ਨਾਲ ਖੇਡ ਮੈਦਾਨ ਬਣਾਏ ਗਏ ਹਨ।ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ ਪਾਏ ਗਏ ਹਨ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਸੁਣ ਕੇ ਨਿਪਟਾਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੁਹਰਾਇਆ ਕਿ ਹਲਕੇ ਦੇ ਵਿਕਾਸ ਕਾਰਜਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।



# 350 ਸਾਲਾ ਸ਼ਹੀਦੀ ਸ਼ਤਾਬਦੀ ਵੱਡੇ ਪੱਧਰ 'ਤੇ ਮਨਾਏ ਜਾਣਾ ਸ਼ਲਾਘਾਯੋਗ ਉਪਰਾਲਾ : ਖਾਲਸਾ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸਿੱਖਾਂ ਦੇ ਨੌਵੇਂ ਗੁਰੂ ਹਿੰਦ ਦੀ ਚਾਦਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਪੰਜਾਬ ਸਰਕਾਰ ਦੇ ਵੱਲੋਂ ਸ਼੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਮਨਾਈ ਜਾ ਰਹੀ ਹੈ ਜਿਸ ਦੇ ਸਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭ ਹੋ ਚੁੱਕੇ ਹਨ।ਸਰਬ ਧਰਮ ਸੰਮੇਲਨ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਉਚੇਚੇ ਤੌਰ 'ਤੇ ਪਹੁੰਚੇ ਜਿਨ੍ਹਾਂ ਨੇ ਪੰਜਾਬ ਸਰਕਾਰ ਦੁਆਰਾ ਇਹ ਸ਼ਹੀਦੀ ਸ਼ਤਾਬਦੀ ਵੱਡੇ ਪੱਧਰ ਤੇ ਮਨਾਏ ਜਾਣ ਅਤੇ ਸ਼੍ਰੀਨਗਰ ਤੋਂ ਮਹਾਨ ਨਗਰ ਕੀਰਤਨ ਦੀ ਅਰੰਭਤਾ ਕਰਕੇ ਜੋ ਸਵਾਗਤੀ ਪ੍ਰੋਗਰਾਮ ਉਲੀਕੇ ਗਏ ਸਨ, ਨੂੰ ਇਕ ਸ਼ਲਾਘਾਯੋਗ ਉਪਰਾਲਾ ਦੱਸਿਆ।ਉਨ੍ਹਾਂ ਕਿਹਾ ਕਿ ਸਰਕਾਰ ਨੇ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਦੇਸ਼ ਦੇ ਹਰ ਕੋਨੇ ਤੱਕ ਪਹੁੰਚਾਉਣ ਦਾ ਯਤਨ ਕੀਤਾ ਹੈ, ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਸ ਮਹਾਨ ਕੁਰਬਾਨੀ ਤੋਂ ਪ੍ਰੇਰਨਾ ਤੇ ਸੇਧ ਲੈ ਸਕਣ।

ਇਸ ਦੌਰਾਨ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਅਰਵਿੰਦ ਕੇਜਰੀਵਾਲ, ਮੈਡਮ ਸੁਨੀਤਾ ਕੇਜਰੀਵਾਲ, ਮਾਤਾ ਹਰਪਾਲ ਕੌਰ, ਡਾ. ਗੁਰਪ੍ਰੀਤ ਕੌਰ ਤੇ ਮੁਨੀਸ਼ ਸਿਸੋਦੀਆ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ।

ਬਾਬਾ ਹਰਨਾਮ ਸਿੰਘ ਖਾਲਸਾ ਨੇ ਆਖਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪੂਰੀ ਦੁਨੀਆਂ ਵਿਚ ਹਿੰਦ ਦੀ ਚਾਦਰ ਦੇ ਨਾਂ ਨਾਲ ਜਾਣੇ ਜਾਂਦੇ ਹਨ, ਜਿਨ੍ਹਾਂ ਨੇ ਸਿੱਖ ਧਰਮ ਦੇ ਆਦਰਸ਼ਾਂ, ਸੱਚ, ਨਿਆਂ, ਧਰਮ ਅਤੇ ਮਨੁੱਖੀ ਹੱਕਾਂ ਦੀ ਰੱਖਿਆ ਲਈ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਅਨੋਖੀ ਤੇ ਲਾਸਾਨੀ ਕੁਰਬਾਨੀ ਦਿੱਤੀ।ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਗੁਰੂ ਸਾਹਿਬ ਦਾ ਬਲੀਦਾਨ ਸਾਨੂੰ ਅੱਤਿਆਚਾਰ ਦੇ ਖ਼ਿਲਾਫ਼ ਤੇ ਮਨੁੱਖੀ ਅਧਿਕਾਰਾਂ ਦੇ ਹੱਕ ਵਿੱਚ ਡਟ ਕੇ ਖੜ੍ਹਨ ਦਾ ਸੰਦੇਸ਼ ਦਿੰਦਾ ਹੈ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਅਨਿੰਨ ਸਿੱਖਾਂ ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਨੂੰ ਵੀ ਭੁੱਲਿਆ ਨਹੀਂ ਜਾ ਸਕਦਾ, ਇਨ੍ਹਾਂ ਸਿਦਕੀ ਸਿੱਖਾਂ ਨੇ ਜਬਰ ਅਤੇ ਧਰਮ-ਪਰਿਵਰਤਨ ਦੇ ਖ਼ਿਲਾਫ ਕਿਸੇ ਇਕ ਧਰਮ ਲਈ ਨਹੀਂ, ਸਗੋਂ ਪੂਰੀ ਮਨੁੱਖਤਾ ਲਈ ਸ਼ਹਾਦਤ ਦਿੱਤੀ ਹੈ।



# ਆਰ. ਡੀ. ਖੋਸਲਾ ਸਕੂਲ 'ਚ 350ਵੇਂ ਸ਼ਹੀਦੀ ਦਿਹਾੜੇ 'ਤੇ ਅਕੀਦਤ ਦੇ ਫੁੱਲ ਭੇਟ

ਬਟਾਲਾ (ਡਾ. ਮਲਵਿੰਦਰ ਸਿੰਘ)-ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀਦਾਸ ਜੀ, ਭਾਈ ਸਤੀਦਾਸ ਜੀ ਅਤੇ ਭਾਈ ਦਿਆਲਾ ਜੀ ਦਾ ਸ਼ਹੀਦੀ ਦਿਹਾੜਾ ਆਰ. ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਵਿਖੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ।ਸਵੇਰ ਦੀ ਸਭਾ ਦੌਰਾਨ ਵਿਦਿਆਰਥੀਆਂ ਨੇ ਸ਼ਬਦ ਗਾਇਨ ਕੀਤਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ ਸਬੰਧਤ ਭਾਸ਼ਣ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ ।

ਇਸ ਤੋਂ ਬਾਅਦ ਸਕੂਲ ਦੇ ਵਿਹੜੇ ਵਿੱਚ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ।ਪਾਠ ਦੀ ਸਮਾਪਤੀ ਤੋਂ ਬਾਅਦ ਸ਼ਬਦ ਕੀਰਤਨ ਕੀਤਾ ਗਿਆ, ਜਿਸ ਨੂੰ ਸਾਰੇ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰ ਸਟਾਫ਼ ਮੈਂਬਰਾਂ ਨੇ ਬੜੀ ਸ਼ਰਧਾ ਅਤੇ ਸਮਰਪਣ ਭਾਵਨਾ ਨਾਲ ਸੁਣਿਆ।ਇਸ ਮੌਕੇ ਸਕੂਲ ਵਿੱਚ ਲੰਗਰ ਦਾ ਪ੍ਰਬੰਧ ਕੀਤਾ ਗਿਆ ਜਿਸ ਵਿੱਚ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਲੰਗਰ ਵਰਤਾਇਆ ਗਿਆ।

ਸਕੂਲ ਦੀ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਗੁਰੂ ਤੇਗ ਬਹਾਦਰ ਸਾਹਿਬ ਬਾਰੇ ਕਿਹਾ ਕਿ ਸਾਨੂੰ ਗੁਰੂ ਜੀ ਦੁਆਰਾ ਦਰਸਾਏ ਮਾਰਗ ਤੇ ਚੱਲਣਾ ਚਾਹੀਦਾ ਹੈ ਅਤੇ ਆਪਸੀ ਭਾਈਚਾਰੇ ਅਤੇ ਸੱਚ ਲਈ ਖੜੇ ਰਹਿਣਾ ਚਾਹੀਦਾ ਹੈ।ਗੁਰੂ ਜੀ ਦੀ ਸ਼ਹਾਦਤ ਆਜ਼ਾਦੀ, ਮਨੁੱਖਤਾ ਅਤੇ ਨੈਤਿਕਤਾ ਦੀ ਇੱਕ ਸ਼ਾਨਦਾਰ ਉਦਾਹਰਣ ਹੈ।ਉਨ੍ਹਾਂ ਦੀ ਸ਼ਹਾਦਤ ਸਾਨੂੰ ਹੱਕ ਤੇ ਸੱਚ ਲਈ ਲੜਨ ਦੀ ਪ੍ਰੇਰਨਾ ਦਿੰਦੀ ਹੈ ।ਉਨ੍ਹਾਂ ਦੁਆਰਾ ਦਿਖਾਇਆ ਗਿਆ ਮਾਰਗ ਸਾਨੂੰ ਹਮੇਸ਼ਾ ਹਿੰਮਤ ਤੇ ਸੱਚਾਈ ਦੇ ਰਸਤੇ 'ਤੇ ਚੱਲਣ ਲਈ ਪ੍ਰੇਰਿਤ ਕਰਦਾ ਹੈ।ਇਸ ਮੌਕੇ ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੈ ਖੋਸਲਾ, ਪ੍ਰਿੰਸੀਪਲ ਡਾ. ਬਿੰਦੂ ਭੱਲਾ, ਪ੍ਰਬੰਧਕ ਕਮੇਟੀ ਮੈਂਬਰ ਭੁਪਿੰਦਰ ਸਿੰਘ, ਵਰਿੰਦਰ ਕਾਂਸਰਾ, ਕਮਲ ਅਰੋੜਾ, ਮੋਨਿਕਾ ਖੋਸਲਾ ਅਤੇ ਮਨੀਸ਼ਾ ਖੋਸਲਾ ਮੌਜੂਦ ਸਨ।




# ਸ੍ਰੀ ਗੁਰੂ ਤੇਗ ਬਹਾਦਰ ਸਕੂਲ ਝਬਾਲ ਵਿਖੇ 350ਵੇਂ ਸ਼ਹੀਦੀ ਗੁਰਪੁਰਬ ਮੌਕੇ ਸ਼ਹਾਦਤ ਨੂੰ ਨਮਨ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਇਲਾਕੇ ਦੀ ਨਾਮਵਰ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਝਬਾਲ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ਼ਹੀਦ ਸਿੰਘ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦਾ 350ਵਾਂ ਸ਼ਹੀਦੀ ਗੁਰਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿਦਿਆਰਥੀਆਂ ਨੇ ਸ਼ਬਦ ਗਾਇਨ ਰਾਹੀਂ ਕੀਤੀ।ਇਸ ਸਮੇਂ ਵਿਦਿਆਰਥੀਆਂ ਵੱਲੋਂ ਗੁਰੂ ਜੀ ਦੇ ਜੀਵਨ ਨਾਲ ਸੰਬੰਧਤ ਕਵਿਤਾਵਾਂ, ਕਵੀਸ਼ਰੀ, ਧਾਰਮਿਕ ਲੈਕਚਰ ਪੇਸ਼ ਕੀਤੇ ਗਏ।ਵਿਦਿਅਰਥੀਆਂ ਅਤੇ ਸਟਾਫ ਵਲੋਂ ਰਲ ਕੇ ਪਾਠ ਕੀਤਾ ਗਿਆ ।ਵਿਦਿਅਰਥੀਆਂ ਵੱਲੋਂ ਵਿਰਾਗਮਈ ਕੀਰਤਨ ਕੀਤਾ ਗਿਆ ।ਇਸ ਤੋਂ ਪਹਿਲਾਂ ਵਿਦਿਅਰਥੀਆਂ ਵੱਲੋਂ ਸੁੰਦਰ ਗੁਰਬਾਣੀ ਲਿਖਵਾਈ, ਗੁਰੂ ਜੀ ਦੇ ਜੀਵਨ ਅਤੇ ਗੁਰਬਾਣੀ ਨਾਲ ਸੰਬਧਤ ਕੁਇਜ਼ ਮੁਕਾਬਲੇ ਅਤੇ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਗਏ।ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਸਕੂਲ ਐਮ. ਡੀ. ਸ: ਪਰਮਜੀਤ ਸਿੰਘ ਸੋਹਲ ਨੇ ਗੁਰੂ ਜੀ ਦੀ ਜੀਵਨੀ ਅਤੇ ਲਾਸਾਨੀ ਸ਼ਹਾਦਤ ਬਾਰੇ ਚਾਨਣਾ ਪਾਇਆ ।ਸਟੇਜ ਸੰਚਾਲਨ ਦੀ ਭੂਮਿਕਾ ਮੈਡਮ ਗੁਰਿੰਦਰ ਕੌਰ ਅਤੇ ਰਾਜਬੀਰ ਕੌਰ ਨੇ ਬਾਖੂਬੀ ਨਿਭਾਈ।ਇਸ ਸਮੇਂ ਪ੍ਰਿੰਸੀਪਲ ਮੈਡਮ ਵਰਿੰਦਰ ਕੌਰ, ਮੈਨੇਜਿੰਗ ਕਮੇਟੀ ਸਕੱਤਰ ਹਰਜਿੰਦਰਪਾਲ ਸਿੰਘ, ਮੈਨੇਜਰ ਸਿਮਰਤਪਾਲ ਸਿੰਘ, ਕਲਰਕ ਬਲਵਿੰਦਰ ਸਿੰਘ, ਵਿਜੈ ਕੁਮਾਰ, ਹਰੀਸ਼ ਕੁਮਾਰ, ਮਨਦੀਪ ਕੌਰ, ਮਨਬੀਰ ਕੌਰ, ਕਰਮਜੀਤ ਕੌਰ, ਨਵਦੀਪ ਕੌਰ, ਸੁਖਵਿੰਦਰ ਕੌਰ, ਗੁਰਜੀਤ ਕੌਰ, ਕਮਲੇਸ਼ ਰਾਣੀ, ਜਤਿੰਦਰਪਾਲ ਕੌਰ, ਕੁਲਵੰਤ ਕੌਰ ਆਦਿ ਸ਼ਾਮਲ ਸਨ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ



ਸ਼ਾਹਕੋਟ(ਗਿਆਨ ਸੈਦਪੁਰੀ)-ਸੰਤ ਅਵਤਾਰ ਸਿੰਘ ਮੈਮੋਰੀਅਲ ਸਕੂਲ/ਕਾਲਜ ਸੀਚੇਵਾਲ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਗਿਆ।ਇਸ ਸਮਗਮ ਵਿੱਚ ਸੁਰਜੀਤ ਸਿੰਘ ਸੰਟੀ, ਸਰਪੰਚ ਜੋਗਾ ਸਿੰਘ ਚੱਕ ਚੇਲਾ ਅਤੇ ਸਰਪੰਚ ਬੂਟਾ ਸਿੰਘ ਸੀਚੇਵਾਲ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

ਸਮਾਗਮ ਦੀ ਸ਼ੁਰੂਆਤ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਹਰਿਜੱਸ ਕੀਰਤਨ ਕੀਤਾ। ਉਸ ਉਪਰੰਤ ਵਿਦਿਆਰਥੀਆਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਦੇ ਜੀਵਨ ਅਤੇ ਉਹਨਾ ਦੀ ਲਾਸਾਨੀ ਸ਼ਹਾਦਤ ਸਬੰਧੀ ਕਵਿਤਾਵਾਂ ਅਤੇ ਭਾਸਣ ਦੀ ਪੇਸ਼ਕਾਰੀ ਕੀਤੀ ਗਈ । ਇਸ ਮੌਕੇ ਕੁਇਜ਼ ਮੁਕਾਬਲਾ ਅਤੇ ਲੇਖ ਮੁਕਾਬਲਾ ਵੀ ਕਰਵਾਇਆ ਗਿਆ। ਕਾਲਜ ਦੇ ਪ੍ਰਿੰਸੀਪਲ ਕੁਲਵਿੰਦਰ ਸਿੰਘ , ਸਕੂਲ ਦੇ ਪ੍ਰਿੰਸੀਪਲ ਰਜਵੰਤ ਕੌਰ ਅਤੇ ਪ੍ਰਿੰਸੀਪਲ ਸਤਪਾਲ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਿਖਿਆਵਾਂ ਤੇ ਚੱਲਣ ਦੀ ਪ੍ਰੇਰਣਾ ਦਿੱਤੀ ।

# ਰਮਨ ਬਹਿਲ ਵੱਲੋਂ ਪੰਚਾਂ-ਸਰਪੰਚਾਂ ਅਤੇ ਪੰਚਾਇਤ ਸੈਕਟਰੀ ਨਾਲ ਮੀਟਿੰਗ

*** ਕਿਹਾ-ਹਲਕੇ ਦੇ ਸਰਬਪੱਖੀ ਵਿਕਾਸ ਕਾਰਜਾਂ 'ਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ**



ਗੁਰਦਾਸਪੁਰ, (ਦਿਨੇਸ਼ ਕੁਮਾਰ)- ਰਮਨ ਬਹਿਲ ਹਲਕਾ ਇੰਚਾਰਜ ਗੁਰਦਾਸਪੁਰ ਵੱਲੋਂ 26 ਪਿੰਡਾਂ ਦੇ ਪੰਚਾਂ, ਸਰਪੰਚਾਂ ਅਤੇ ਪੰਚਾਇਤ ਸੈਕਟਰੀ ਨਾਲ ਮੀਟਿੰਗ ਕੀਤੀ ਅਤੇ ਵਿਕਾਸ ਕਾਰਜਾਂ ਵਿੱਚ ਹੋਰ ਤੇਜ਼ੀ ਲਿਆਉਣ ਲਈ ਅਤੇ ਗੁਣਵੱਤਾ ਦਾ ਖਾਸ ਧਿਆਨ ਰੱਖਣ ਲਈ ਦਿਸ਼ਾ ਨਿਰਦੇਸ਼ ਦਿੱਤੇ।ਮੀਟਿੰਗ ਦੌਰਾਨ ਰਮਨ ਬਹਿਲ ਵੱਲੋਂ ਪਿੰਡਾਂ ਦੇ ਵਿਕਾਸ ਲਈ ਕਰਵਾਏ ਜਾ ਰਹੇ ਵੱਖ-ਵੱਖ ਵਿਕਾਸ ਕੰਮਾਂ ਸਬੰਧੀ ਵਿਸਥਾਰਪੂਰਵਕ ਜਾਇਜ਼ਾ ਲਿਆ ਗਿਆ ਤੇ ਵਿਕਾਸ ਕਾਰਜਾਂ ਨੂੰ ਸੁਚਾਰੂ ਢੰਗ ਕਰਨ ਲਈ ਦਿਸ਼ਾ-ਨਿਰਦੇਸ਼ ਦਿੱਤੇ।ਮੀਟਿੰਗ ਦੌਰਾਨ ਉਨ੍ਹਾਂ ਨੇ ਹਦਾਇਤ ਕੀਤੀ ਕਿ ਚੱਲ ਰਹੇ ਵਿਕਾਸ ਕਾਰਜਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਇਆ ਜਾਵੇ।ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਵੱਖ-ਵੱਖ ਸਕੀਮਾਂ ਨੂੰ ਹਰ ਵਿਅਕਤੀ ਤੱਕ ਪੁੱਜਦਾ ਕਰਨ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਪਿੰਡਾਂ ਅੰਦਰ ਲੋਕਹਿੱਤ ਵਿੱਚ ਵੱਧ ਤੋਂ ਵੱਧ ਵਿਕਾਸ ਕਾਰਜ ਕਰਵਾਏ ਜਾ ਸਕਣ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਵਿਕਾਸ ਕਾਰਜਾਂ ਲਈ ਲਗਾਤਾਰ ਫ਼ੰਡ ਜਾਰੀ ਕੀਤੇ ਜਾ ਰਹੇ ਹਨ ਤੇ ਪਿੰਡਾਂ ਵਿੱਚ ਸਰਬਪੱਖੀ ਵਿਕਾਸ ਕਾਰਜਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।

ਇਸ ਮੌਕੇ ਪਿੰਡਾਂ ਦੇ ਪੰਚਾਂ-ਸਰਪੰਚਾਂ ਵੱਲੋਂ ਆਪਣੀਆਂ ਮੁਸ਼ਕਿਲਾਂ ਬਾਰੇ ਵੀ ਦੱਸਿਆ ਗਿਆ, ਜਿਨ੍ਹਾਂ ਨੂੰ ਸ਼੍ਰੀ ਬਹਿਲ ਵੱਲੋਂ ਸਬੰਧਤ ਅਧਿਕਾਰੀਆਂ ਰਾਹੀਂ ਹੱਲ ਕਰਵਾਇਆ ਗਿਆ।

# ਕੋਟ ਮਹਿਤਾਬ 'ਚ ਮੁਫਤ ਮੈਡੀਕਲ ਕੈਂਪ ਲੱਗਾ

ਬਿਆਸ (ਪਰਮਜੀਤ ਸਿੰਘ ਰੱਖੜਾ)-ਰਵਿੰਦਰ ਸਿੰਘ ਭੁੱਲਰ ਕੈਨੇਡਾ ਵਾਲਿਆਂ ਦੇ ਸਮੂਹ ਪਰਿਵਾਰ ਅਤੇ ਸਰਬੱਤ ਦਾ ਭਲਾ ਟੀਮ ਵੱਲੋਂ ਪਿੰਡ ਕੋਟ ਮਹਿਤਾਬ (ਅੰਮ੍ਰਿਤਸਰ) ਵਿੱਚ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿਚ ਨੱਕ, ਕੰਨ, ਗਲਾ, ਦੰਦਾਂ ਅਤੇ ਅੱਖਾਂ ਦੇ ਮਾਹਿਰ ਡਾਕਟਰ ਪ੍ਰਤੀਕ ਗੁਪਤਾ ਅਤੇ ਡਾਕਟਰ ਜੇ. ਕੇ. ਗੁਪਤਾ ਕਪੂਰਥਲਾ ਵਾਲਿਆਂ ਚੈਕਅੱਪ ਕਰ ਕੇ ਮੁਫ਼ਤ ਦਵਾਈਆਂ ਦਿੱਤੀਆਂ।

ਇਸ ਮੌਕੇ ਪਿੰਡ ਕੋਟ ਮਹਿਤਾਬ ਦੇ ਸਰਪੰਚ ਸ਼ਰਨ ਪੱਡਾ, ਡਾ. ਬਲਵਿੰਦਰ ਸਿੰਘ ਵਜ਼ੀਰ ਭੁੱਲਰ, ਕੁਲਵਿੰਦਰ ਸਿੰਘ ਮਾਨਾਂ ਤਲਵੰਡੀ, ਸ਼ਬੇਗ ਸਿੰਘ, ਮਨਜੋਤ ਪੱਡਾ ਮੈਂਬਰ ਪੰਚਾਇਤ, ਮਾਸਟਰ ਮਨਜੀਤ ਪੱਡਾ, ਮਲੂਕ ਸਿੰਘ, ਗੁਰਪ੍ਰਕਾਸ਼ ਪੱਡਾ, ਰਘਬੀਰ ਸਿੰਘ, ਪਰਮਜੀਤ ਸਿੰਘ ਅਤੇ ਪਿੰਡ ਦੇ ਮੋਹਤਬਰ ਹਾਜ਼ਰ ਸਨ!


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 15.12.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ ਬੇਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਪੈਕੇਟ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਪੈਕੇਟ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 21.11.2025 | 01.12.2025 | 15.12.2025 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ, ਮਿਤੀ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | 181-2025-26-ADEN-LDH | ਸਾਹਨੇਵਾਲ-ਜਲੰਧਰ ਸੈਕਸ਼ਨ ਉਤੇ ਬੀਐਚ-01, ਬੀਟੀਟੀਐਨ ਅਤੇ ਐਮਏਯੂਐਲ ਦਾ ਆਈਬੀਐਚ ਤੋਂ ਆਈਬੀਐਸ ਵਿਚ ਟਰਾਂਸਫਰ ਅਤੇ ਫਿਰੋਜਪੁਰ ਡਵੀਜਨ ਤੇ 5 ਮਨੁੱਖ ਯੁਕਤ ਲੇਵਲ ਕ੍ਰਾਸਿੰਗ ਗੇਟਾਂ ਦੇ ਇੰਟਰਲਾਕਿੰਗ ਦੇ ਸਬੰਧ ਵਿਚ ਟਾਈਪ ਪਲਾਨ ਨੰਬਰ ਐਚ ਕਯੂ/01/02-2017/ ਆਰ-1 ਦੇ ਅਨੁਸਾਰ ਸੀ-86 ਸਾਹਨੇਵਾਲ-ਜਲੰਧਰ ਅਤੇ ਸੀ-16 ਜਲੰਧਰ ਕੈਂਟ-ਪਠਾਨਕੋਟ ਸੈਕਸ਼ਨ ਦੇ ਇੰਟਰਲਾਕਿੰਗ ਦੇ ਲਈ ਸਿਵਿਲ ਕੰਮ। | | | |
| | ਵਿਗਿਆਪਨ ਮੁਲ (ਰੂ.) | ਬਿਆਨਾ ਰਾਸ਼ੀ (ਰੂ.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ | |
| | 29,76,507.04/- | 59,500.00/- | 60 ਦਿਨ | 06 ਮਹੀਨੇ | |
| ਵਿਸ਼ੇਸ਼ ਤਕਨੀਕੀ ਮਾਨਦੰਡ : "ਕੋਈ ਕੰਮ ਨਹੀਂ।" | | | | | |
| 2 | 182-2025-26-ADEN-LDH | ਸਹਾਇਕ ਮੰਡਲ ਇੰਜੀਨੀਅਰ/ਲੁਧਿਆਣਾ ਦੇ ਤਹਿਤ ਅਨੁਭਾਗ ਵਿਚ ਕਾਲੋਨੀ ਨੰਬਰ 1 ਤੋਂ 13 ਤਕ ਸੜਕ ਦੀ ਸਤਹਾ ਅਤੇ ਰਸਤਿਆਂ ਵਿਚ ਸੁਧਾਰ ਕੰਮ। | | | |
| | ਵਿਗਿਆਪਨ ਮੁਲ (ਰੂ.) | ਬਿਆਨਾ ਰਾਸ਼ੀ (ਰੂ.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ | |
| | 3,65,93,544.54/- | 3,33,000.00/- | 60 ਦਿਨ | 08 ਮਹੀਨੇ | |
| ਵਿਸ਼ੇਸ਼ ਤਕਨੀਕੀ ਮਾਨਦੰਡ: "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। | | | | | |
| 3 | 183-2025-26-ADEN-LDH | ਸਹਾਇਕ ਮੰਡਲ ਇੰਜੀਨੀਅਰ/ਲੁਧਿਆਣਾ ਦੇ ਤਹਿਤ ਸੀਨੀਅਰ ਅਨੁਭਾਗੀ ਇੰਜੀਨੀਅਰ/ਵਰਕਸ/ਲੁਧਿਆਣਾ ਦੇ ਅਨੁਭਾਗ ਵਿਚ ਕਾਲੋਨੀ ਨੰਬਰ 1 ਤੋਂ 13 ਲੁਧਿਆਣਾ ਵਿਚ ਸਟਾਫ ਕਵਾਟਰਾਂ ਦੇ ਅੰਦਰੂਨੀ ਅਤੇ ਬਾਹਰੀ ਹਿਸੇ ਦੀ ਬਾਹਰੀ ਪਲਾਸਟਰਿੰਗ, ਸਫੇਦੀ, ਫਿਨਿਸ਼ਿੰਗ ਅਤੇ ਪੇਂਟਿੰਗ ਦੀ ਮੁਰੰਮਤ। | | | |
| | ਵਿਗਿਆਪਨ ਮੁਲ (ਰੂ.) | ਬਿਆਨਾ ਰਾਸ਼ੀ (ਰੂ.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ | |
| | 59,99,846.56/- | 1,20,000.00/- | 60 ਦਿਨ | 06 ਮਹੀਨੇ | |
| ਸਮਾਨ ਨੇਚਰ ਦਾ ਕੰਮ : "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। | | | | | |
| 4 | 184-2025-26-ADEN-JRC | ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਕੈਂਟ ਦੇ ਤਹਿਤ ਜਲੰਧਰ ਸ਼ਹਿਰ ਵਿਚ ਕਾਲੋਨੀ ਨੰਬਰ 1, 2 ਅਤੇ 3 (ਪੜਾਅ-2) ਵਿਚ ਸਟਾਫ ਕਵਾਟਰਾਂ ਅਤੇ ਸੇਵਾ ਭਵਨਾਂ ਦੀਆਂ ਚੋਂਦੀਆਂ ਛੱਤਾਂ ਦੀ ਮੁਰੰਮਤ। | | | |
| | ਵਿਗਿਆਪਨ ਮੁਲ (ਰੂ.) | ਬਿਆਨਾ ਰਾਸ਼ੀ (ਰੂ.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ | |
| | 97,54,291.77/- | 1,95,100.00/- | 60 ਦਿਨ | 06 ਮਹੀਨੇ | |
| ਸਮਾਨ ਨੇਚਰ ਦਾ ਕੰਮ : "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। | | | | | |
| 5 | 185-2025-26-SrDEN-I-FZR | ਸੀਨੀਅਰ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਅਧਿਕਾਰ ਖੇਤਰ ਵਿਚ ਟੀਐਫਆਰ 106.507 ਕਿਲੋਮੀਟਰ (60 ਕਿਗ੍ਰਾ) ਅਤੇ 11.581 ਕਿਲੋਮੀਟਰ (52 ਕਿਗ੍ਰਾ) ਦੇ ਸਬੰਧ ਵਿਚ ਸਾਹਨੇਵਾਲ-ਜਲੰਧਰ ਸਿਟੀ ਸੈਕਸ਼ਨ ਤੇ ਵਖ-ਵਖ ਥਾਵਾਂ ਤੇ ਜਲੰਘਰ ਕੈਂਟ-ਹੁਸ਼ਿਆਰਪੁਰ ਤਕ 0.495 ਕਿਲੋਮੀਟਰ ਅਤੇ ਅਪ ਲਾਈਨ ਤੇ 5.752 ਕਿਲੋਮੀਟਰ ਅਤੇ ਡਾਊਨ ਲਾਈਨ ਤੇ 21.424 ਕਿਲੋਮੀਟਰ ਅਤੇ ਮੌਜੂਦਾ 52 ਕਿਗ੍ਰਾ/ 60 ਕਿਗ੍ਰਾ ਪੀਐਸਸੀ ਸਲੀਪਰਾਂ ਦੇ ਫਿਟਿੰਗ ਨਵੀਨੀਕਰਨ (103.463 ਕਿਲੋਮੀਟਰ) ਦੇ ਮਾਧਿਅਮ ਨਾਲ ਕਿਲੋਮੀਟਰ 0.00 ਤੋਂ 21.36 (ਯੂਪੀ), ਕਿਲੋਮੀਟ੍ਰ 0.00 ਤੋਂ 16.20 (ਡਾਊਨ), ਸੂਚਿਪਿੰਡ-ਪਠਾਨਕੋਟ ਕੈਂਟ, 0.00 ਤੋਂ 0.269 (ਐਸਐਲ), ਕਿਲੋਮੀਟਰ 0.00 ਤੋਂ 1.779 (ਡਾਊਨ) ਜਲੰਧਰ ਕੈਂਟ- ਸੂਚਿਪਿੰਡ, ਕਿਲੋਮੀਟਰ 0.00 ਤੋਂ 13.563 ਤੀਜੀ ਲਾਈਨ ਸਾਹਨੇਵਾਲ-ਲੁਧਿਆਣਾ, ਫਗਵਾੜਾ-ਨਵਾਂਸ਼ਹਿਰ ਦੋਆਬਾ-ਜੈਜੋਂ ਦੋਆਬਾ ਸੈਕਸ਼ਨ ਉਤੇ 0.00 ਤੋਂ 13.486, ਨਵਾਂਸ਼ਹਿਰ ਦੋਆਬਾ-ਰਾਹੋਂ 0.00 ਤੋਂ 7.15, ਨਿਊ ਮੋਰਿੰਡਾ-ਸਾਹਨੇਵਾਲ 0.00 ਤੋਂ 0.800, ਲੁਧਿਆਣਾ-ਧੂਰੀ 0.00 ਤਕ ਕੰਮ। | | | |
| | ਵਿਗਿਆਪਨ ਮੁਲ (ਰੂ.) | ਬਿਆਨਾ ਰਾਸ਼ੀ (ਰੂ.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ | |
| | 2,59,95,904.34/- | 2,80,000.00/- | 60 ਦਿਨ | 10 ਮਹੀਨੇ | |
| ਸਮਾਨ ਨੇਚਰ ਦਾ ਕੰਮ : "ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ/ਟ੍ਰੈਕ ਦੀ ਸਕ੍ਰੀਨਿੰਗ ਕਰਨਾ/ਟ੍ਰੈਕ ਰਖਰਖਾਅ ਮਸ਼ੀਨ ਜਿਵੇਂ ਟੈਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ਰੇਗੂਲੇਟਿੰਗ ਮਸ਼ੀਨ ਅਤੇ ਟੀਟੀਆਰ ਦੇ ਲਈ ਪੂਰਵ ਅਤੇ ਬਾਅਦ ਵਿਚ ਕੰਮ ਸ਼ਾਮਲ ਹਨ, ਟੀ-28 ਦੁਆਰਾ।" | | | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ. : 181,182,183-2025-26-ADEN-LDH & 184-2025-26-ADEN-JRC & 185-2025-26-SRDEN-I-FZR ਤਾਰੀਕ: 24.11.2025 3648/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ 'ਚ 350 ਸਾਲਾ ਸ਼ਹੀਦੀ ਸ਼ਤਾਬਦੀ 'ਤੇ ਪ੍ਰੋਗਰਾਮ

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਵਿਖੇ ਬੜੇ ਹੀ ਸ਼ਰਧਾ ਭਾਵਨਾ ਅਤੇ ਸਤਿਕਾਰ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਸ਼ਤਾਬਦੀ ਪੁਰਬ ਮਨਾਇਆ ਗਿਆ ਜਿਸ ਦਾ ਮਕਸਦ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹੀਦੀ ਤੋਂ ਜਾਣੂ ਕਰਵਾਉਣਾ ਸੀ।

ਇਸ ਮੌਕੇ ਗੁਰੂ ਅਮਰਦਾਸ ਆਦਰਸ਼ ਇੰਸਟੀਟਿਊਟ ਵਿੱਚ ਇੱਕ ਖਾਸ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਸ਼ਬਦ ਗਾਇਨ ਮੁਕਾਬਲੇ ਕਰਵਾਏ ਗਏ।ਇਸ ਖਾਸ ਮੌਕੇ ਉਤੇ ਵਿਦਿਆਰਥੀਆਂ ਵੱਲੋਂ ਗੁਰੂ ਜੀ ਦੀ ਸ਼ਹਾਦਤ ਨਾਲ ਸੰਬੰਧਿਤ ਕਵਿਤਾਵਾਂ ਪੇਸ਼ ਕੀਤੀਆਂ ਗਈਆਂ।

ਸਕੂਲ ਦੇ ਅਧਿਆਪਕ ਇੰਦਰਪਾਲ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨਾਲ ਸੰਬੰਧਿਤ ਪੀ.ਪੀ.ਟੀ. ਦਿਖਾ ਕੇ ਉਹਨਾਂ ਕੋਲੋਂ ਪ੍ਰਸ਼ਨ ਪੁੱਛੇ ਗਏ। ਜਿਸ ਵਿੱਚ ਸਭ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਇਸ ਮੌਕੇ 'ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਪ੍ਰੇਰਨਾ ਲੈ ਜੀਵਨ ਬਸਰ ਕਰਨ ਲਈ ਭਾਸ਼ਣ ਪੇਸ਼ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸੰਸਥਾ ਦੇ ਪ੍ਰੈਜ਼ੀਡੈਂਟ ਬਲਜੀਤ ਕੌਰ ਰੰਧਾਵਾ ਅਤੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਨੇ ਵਿਦਿਆਰਥੀਆਂ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਮੁੱਖ ਰੱਖਦਿਆਂ ਬਿਨਾਂ ਕਿਸੇ ਜਾਤ-ਪਾਤ ਦੇ ਵਿਤਕਰੇ ਤੋਂ ਦੂਜਿਆਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿਣ ਦੀ ਪ੍ਰੇਰਨਾ ਦਿੱਤੀ।




# ਭਗਤਾਂਵਾਲਾ ਡੰਪ ਸਾਈਟ 'ਤੇ ਚੱਲ ਰਹੇ ਕੰਮ ਦਾ ਅਡੀਸ਼ਨਲ ਕਮਿਸ਼ਨਰ ਨੇ ਕੀਤਾ ਨਿਰੀਖਣ

ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ)-ਮਿਊਂਸੀਪਲ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਡੀਸ਼ਨਲ ਕਮਿਸ਼ਨਰ ਸੁਰਿੰਦਰ ਸਿੰਘ ਨੇ ਭਗਤਾਂਵਾਲਾ ਡੰਪ ਸਾਈਟ 'ਤੇ ਚੱਲ ਰਹੇ ਬਾਇਓ-ਰਿਮੀਡਿਏਸ਼ਨ ਕੰਮ ਦੀ ਸਮੀਖਿਆ ਕੀਤੀ।ਇਸ ਦੌਰਾਨ ਉਨ੍ਹਾਂ ਨਾਲ ਐੱਮਓਐੱਚ ਡਾ. ਕਿਰਨ ਅਤੇ ਮਿਊਂਸਪਲ ਕਾਰਪੋਰੇਸ਼ਨ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਜਾਂਚ ਦੌਰਾਨ ਅਡੀਸ਼ਨਲ ਕਮਿਸ਼ਨਰ ਨੇ ਰੋਜ਼ਾਨਾ ਪ੍ਰੋਸੈਸਿੰਗ ਅੰਕੜਿਆਂ ਅਤੇ ਕੂੜੇ ਦੇ ਨਿਪਟਾਰੇ ਦੀ ਕੁੱਲ ਤਰੱਕੀ ਦਾ ਜਾਇਜ਼ਾ ਲਿਆ।ਸਾਈਟ ਦੇ ਅੰਕੜਿਆਂ ਅਨੁਸਾਰ 31-10-2025 ਤੱਕ ਕੁੱਲ 29,445 ਮੈਟ੍ਰਿਕ ਟਨ ਲੈਗੇਸੀ ਵੇਸਟ ਦਾ ਪ੍ਰੋਸੈਸ ਹੋ ਚੁੱਕਾ ਸੀ, ਜਦਕਿ 1 ਨਵੰਬਰ ਤੋਂ 23 ਨਵੰਬਰ 2025 ਤੱਕ ਵਾਧੂ 38,576 ਮੈਟ੍ਰਿਕ ਟਨ ਕੂੜੇ ਦਾ ਨਿਪਟਾਰਾ ਹੋਇਆ, ਜਿਸ ਨਾਲ ਕੁੱਲ ਪ੍ਰੋਸੈਸਿੰਗ ਵੱਧ ਕੇ 68,021 ਮੈਟ੍ਰਿਕ ਟਨ ਹੋ ਗਈ ਹੈ।ਨਵੰਬਰ ਮਹੀਨੇ ਦੌਰਾਨ ਰੋਜ਼ਾਨਾ ਕਚਰਾ ਨਿਪਟਾਰਾ ਔਸਤਨ ਲਗਭਗ 1,677 ਮੈਟ੍ਰਿਕ ਟਨ ਰਿਹਾ, ਜੋ ਸੰਚਾਲਕੀ ਕੁਸ਼ਲਤਾ ਵਿੱਚ ਸੁਧਾਰ ਨੂੰ ਦਰਸਾਉਂਦਾ ਹੈ।

ਅਡੀਸ਼ਨਲ ਕਮਿਸ਼ਨਰ ਨੇ ਕਾਰਜਕਾਰੀ ਕੰਪਨੀ ਨੂੰ ਹਦਾਇਤਾਂ ਦਿੱਤੀਆਂ ਕਿ ਬਾਇਓ-ਰਿਮੀਡਿਏਸ਼ਨ ਕੰਮ ਹੋਰ ਤੇਜ਼ ਕੀਤਾ ਜਾਵੇ, ਪ੍ਰਯਾਪਤ ਮਸ਼ੀਨਰੀ ਅਤੇ ਮੈਨਪਾਵਰ ਤਾਇਨਾਤ ਕੀਤੀ ਜਾਵੇ, ਕੰਮ ਬਿਨਾਂ ਰੁਕਾਵਟ ਜਾਰੀ ਰੱਖਿਆ ਜਾਵੇ ਅਤੇ ਸਾਈਟ ਤੇ ਸਫਾਈ ਅਤੇ ਸੁਰੱਖਿਆ ਮਾਪਦੰਡਾਂ ਦੀ ਪਾਲਨਾ ਯਕੀਨੀ ਬਣਾਈ ਜਾਵੇ।ਉਨ੍ਹਾਂ ਨੇ ਪ੍ਰੋਜੈਕਟ ਨੂੰ ਸਮੇਂ ਸਿਰ ਪੂਰਾ ਕਰਨ 'ਤੇ ਜ਼ੋਰ ਦਿੱਤਾ ਤਾਂ ਜੋ ਆਸ-ਪਾਸ ਦੇ ਇਲਾਕਿਆਂ ਨੂੰ ਲੰਬੇ ਸਮੇਂ ਲਈ ਵਾਤਾਵਰਣਕ ਰਾਹਤ ਮਿਲ ਸਕੇ।ਮਿਊਂਸੀਪਲ ਕਾਰਪੋਰੇਸ਼ਨ ਅੰਮ੍ਰਿਤਸਰ ਵਿਗਿਆਨਕ ਪ੍ਰਕਿਰਿਆ ਅਤੇ ਨਿਰੰਤਰ ਨਿਗਰਾਨੀ ਰਾਹੀਂ ਭਗਤਾਂ ਵਾਲਾ ਸਾਈਟ ਨੂੰ ਮੁੜ ਬਹਾਲ ਕਰਨ ਅਤੇ ਟਿਕਾਊ ਕੂੜਾ ਪ੍ਰਬੰਧਨ ਲਈ ਵਚਨਬੱਧ ਹੈ।



# ਸੇਂਟ ਕਬੀਰ ਸਕੂਲ ਸੁਲਤਾਨਪੁਰ 'ਚ 'ਮੈਗਾ ਕੁਇਜ਼' ਮੁਕਾਬਲੇ ਕਰਵਾਏ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ (ਗੁਰਦਾਸਪੁਰ) ਵਿੱਚ ਵਿਦਿਆਰਥੀਆਂ ਦੇ ਗਿਆਨ ਕੌਂਸਲ ਨੂੰ ਪਰਖਣ ਲਈ ਇੰਟਰ ਹਾਊਸ 'ਮੈਗਾ ਕੁਇਜ਼' ਮੁਕਾਬਲੇ ਕਰਵਾਏ। ਇਸ ਸਬੰਧੀ ਸਕੂਲ ਦੇ ਪ੍ਰਿੰਸੀਪਲ ਐੱਸ. ਬੀ. ਨਾਯਰ ਅਤੇ ਪ੍ਰਬੰਧਕ ਨਵਦੀਪ ਕੌਰ ਤੇ ਕੁਲਦੀਪ ਕੌਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਮੁਕਾਬਲਿਆਂ ਵਿੱਚ ਸਕੂਲ ਦੇ ਚਾਰ ਹਾਊਸਾਂ (ਐਮਰਲਡ, ਰੂਬੀ, ਸਫਾਇਰ ਅਤੇ ਐਂਬਰ ਹਾਊਸ) ਦੇ ਵਿਦਿਆਰਥੀਆਂ ਨੇ ਹਿੱਸੇਦਾਰੀ ਲਈ। ਇਸ ਮੁਕਾਬਲੇ ਦੌਰਾਨ ਸਕੂਲੀ ਅਧਿਆਪਕ ਸੁਨੀਤ ਠਾਕੁਰ ਅਤੇ ਰਜਨੀ ਸ਼ਰਮਾ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਸਬੰਧੀ ਪ੍ਰਸ਼ਨ ਪੁੱਛੇ। ਜਿਸ ਵਿੱਚ ਖੇਡ ਜਗਤ, ਪੰਜਾਬ ਦਾ ਮੰਤਰੀ ਮੰਡਲ, ਪੰਜਾਬੀ ਨਾਇਕ ਤੋਂ ਇਲਾਵਾ ਆਡੀਓ ਤੇ ਵੀਡੀਓ ਰਾਊਂਡ ਆਦਿ ਸ਼ਾਮਿਲ ਸਨ। ਵਿਦਿਆਰਥੀਆਂ ਨੇ ਬਹੁਤ ਹੀ ਉਤਸੁਕਤਾ ਅਤੇ ਸੰਜੀਦਗੀ ਨਾਲ ਮੁਕਾਬਲੇ ਵਿੱਚ ਭਾਗੀਦਾਰੀ ਲਈ ਅਤੇ ਪ੍ਰਸ਼ਨਾਂ ਦੇ ਜਵਾਬ ਦਿੱਤੇ। ਭਾਗੀਦਾਰ ਵਿਦਿਆਰਥੀਆਂ ਤੋਂ ਇਲਾਵਾ ਬਾਕੀ ਵਿਦਿਆਰਥੀਆਂ ਨੂੰ ਵੀ ਪ੍ਰਸ਼ਨਾਂ ਦੇ ਸਹੀ ਉੱਤਰ ਦੇਣ 'ਤੇ ਚਾਕਲੇਟਾਂ ਤੇ ਪੈੱਨ ਹੌਂਸਲਾ ਅਫਜਾਈ ਵਜੋਂ ਦਿੱਤੇ ਗਏ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਐਸ.ਬੀ.ਨਾਯਰ ਦੁਆਰਾ ਜੇਤੂ ਹਾਊਸ ਨੂੰ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ- ਨਾਲ ਬਾਕੀ ਸਾਰੇ ਵਿਦਿਆਰਥੀਆਂ ਨੂੰ ਵੀ ਪੜ੍ਹਾਈ ਦੇ ਨਾਲ -ਨਾਲ ਹਰ ਤਰ੍ਹਾਂ ਦੇ ਰਾਜਨੀਤਿਕ,ਸਮਾਜਿਕ, ਰਾਸ਼ਟਰੀ ਤੇ ਅੰਤਰਰਾਸ਼ਟਰੀ ਗਿਆਨ ਵਿੱਚ ਆਪਣੀ ਭੂਮਿਕਾ ਬਣਾਈ ਰੱਖਣ ਦੀ ਗੁਜ਼ਾਰਿਸ ਵੀ ਕੀਤੀ ਤਾਂ ਕਿ ਹਰ ਵਿਦਿਆਰਥੀ ਆਪਣੇ ਗਿਆਨ ਨਾਲ ਮਨ ਚਾਹਿਆ ਭਵਿੱਖ ਪਾ ਸਕੇ।

ਵਿਦਿਆਰਥੀਆਂ ਨੂੰ ਲਾਈਬ੍ਰੇਰੀ ਵਿੱਚ ਜਾ ਕੇ ਕਿਤਾਬਾਂ ਪੜਨ ਦਾ ਪ੍ਰਣ ਵੀ ਕਰਵਾਇਆ ਗਿਆ। ਸਮੁੱਚੇ ਰੂਪ ਵਿੱਚ ਇਹ ਪ੍ਰਸ਼ਨ-ਉੱਤਰ ਮੁਕਾਬਲਾ ਵਿਦਿਆਰਥੀਆਂ ਦੇ ਬੌਧਿਕ ਵਿਕਾਸ ਲਈ ਕਾਮਯਾਬ ਰਿਹਾ। ਇਸ ਮੌਕੇ ਸਕੂਲ ਦੇ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।




# ਪ੍ਰਭੂ ਯਿਸੂ ਮਸੀਹ ਦੇ ਜਨਮ ਦਿਹਾੜੇ ਨੂੰ ਸਮਰਪਤ ਵਿਸ਼ਾਲ ਸ਼ੋਭਾ ਯਾਤਰਾ 17 ਦਸੰਬਰ ਨੂੰ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਰਹੱਦੀ ਇਲਾਕਾ ਡੇਰਾ ਬਾਬਾ ਨਾਨਕ ਨਜ਼ਦੀਕ ਚਰਚ ਦਾ ਫਾਇਰ ਆਫ ਹੋਲੀ ਸਪਿਰਟ ਚਰਚ ਕਾਹਲਾਂ-ਵਾਲੀ ਦੇ ਪਾਸਟਰ ਕਰਨੂਲੀਅਸ ਵਿੱਕੀ ਦੀ ਅਗਵਾਈ ਹੇਠ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ।ਮੀਟਿੰਗ 'ਚ ਪ੍ਰਭੂ ਯਿਸੂ ਮਸੀਹ ਦੇ ਜਨਮ ਦਿਹਾੜੇ ਨੂੰ ਸਮਰਪਿਤ ਪ੍ਰਬੰਧਕਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਜਾਣਕਾਰੀ ਸਾਂਝੀ ਕਰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 17 ਦਸੰਬਰ ਦਿਨ ਬੁੱਧਵਾਰ ਨੂੰ ਇੱਕ ਵਿਸ਼ਾਲ ਸ਼ੋਭਾ ਯਾਤਰਾ ਦਾ ਆਗਾਜ਼ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਸ਼ੋਭਾ ਦਾ ਆਗਾਜ਼ ਸਵੇਰੇ ਕਰੀਬ 9 ਵਜੇ ਕੀਤਾ ਜਾਵੇਗਾ।ਇਹ ਸ਼ੋਭਾ ਯਾਤਰਾ ਸਾਰੇ ਧਰਮਾਂ ਲਈ ਇਕ ਪਿਆਰ ਭਰਿਆ ਸੁਨੇਹਾ ਹੋਵੇਗੀ। ਸ਼ੋਭਾ ਯਾਤਰਾ ਸ਼ਾਂਤੀ ਦਾ ਮਾਰਚ ਹੋਵੇਗਾ।ਉਨ੍ਹਾਂ ਕਿਹਾ ਕਿ ਵਿਸ਼ਾਲ ਸ਼ੋਭਾ ਯਾਤਰਾ ਚਰਚ ਕਾਹਲਾਂਵਾਲੀ ਤੋਂ ਸ਼ੁਰੂ ਹੋ ਕੇ ਪਿੰਡ ਜੌੜੀਆਂ, ਡੇਰਾ ਬਾਬਾ ਨਾਨਕ ਤੋਂ ਹੁੰਦੀ ਹੋਈ ਸ਼ਾਮ ਚਰਚ ਕਾਹਲਾਂਵਾਲੀ ਵਿਖੇ ਸਮਾਪਤੀ ਹੋਵੇਗੀ।ਇਸ ਮੌਕੇ ਸਮੂੰਹ ਪ੍ਰਬੰਧਕਾਂ ਵੱਲੋਂ ਇਲਾਕਾ ਨਿਵਾਸੀਆਂ ਨੂੰ ਇਸ ਸ਼ੋਭਾ ਯਾਤਰਾ 'ਚ ਸ਼ਾਮਿਲ ਹੋਣ ਨਾਲ-ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ।ਇਸ ਮੌਕੇ ਪਾਸਟਰ ਮੈਥੀਓ ਡਿੰਪਲ, ਪ੍ਰਧਾਨ ਬਾਊ ਮਾਰਕ, ਚੇਅਰਮੈਨ ਇਲਿਆਸ ਮਸੀਹ ਸਿੱਧੂ, ਸਰਪੰਚ ਨੱਥਾ ਮਸੀਹ, ਠੇਕੇਦਾਰ ਵਾਰਿਸ ਮਸੀਹ, ਪ੍ਰਧਾਨ ਜਗੀਰ ਮਸੀਹ ਪੱਖੋਕੇ, ਡਾ. ਅਸ਼ੋਕ ਮਸੀਹ ਪੱਖੋਕੇ, ਡਾ. ਜੀਵਨ ਮਸੀਹ ਪੱਖੋਕੇ, ਡਾ. ਮਦਨ ਮਸੀਹ ਪੱਖੋਕੇ, ਸਾਬੀ ਮਸੀਹ ਪੱਖੋਕੇ, ਇਲੈਵਨ ਮਸੀਹ ਪੱਖੋਕੇ, ਪ੍ਰਧਾਨ ਵਿਲੀਅਮ ਜੱਟਾਂ, ਕਾਮਰੇਡ ਅਸ਼ੋਕ, ਭਾਈ ਤਰਸੇਮ ਮਸੀਹ ਪੱਡਾ, ਭਾਈ ਕਸ਼ਮੀਰ ਮਸੀਹ, ਫੌਜੀ ਫ਼ਜ਼ਲ ਮਸੀਹ ਆਦਿ ਹਾਜ਼ਰ ਸਨ।



# ਯੁਵਾ ਵੈਸ਼ਨੋ ਦਲ ਨੇ ਮਾਤਾ ਦੀ ਚੌਕੀ ਕਰਵਾਈ



ਛੇਹਰਟਾ, (ਮਨੋਜ ਕੁਮਾਰ)-ਯੁਵਾ ਵੈਸ਼ਨੋ ਦਲ ਵੱਲੋਂ ਮੇਨ ਬਾਜ਼ਾਰ ਗੁਰੂ ਨਾਨਕ ਨਗਰ ਮਜੀਠਾ ਰੋਡ ਵਿਚ ਮਾਤਾ ਜੀ ਦੀ ਪਹਿਲੀ ਚੌਂਕੀ ਬੜੀ ਸ਼ਰਧਾ ਨਾਲ ਕਰਵਾਈ ਗਈ। ਪ੍ਰਧਾਨ ਵਿਨੋਦ ਸ਼ਰਮਾ ਨੇ ਕਿਹਾ ਕਿ ਹਰ ਸਾਲ ਜਾਗਰਣ ਕਰਵਾਇਆ ਜਾਂਦਾ ਹੈ ਪਰ ਇਸ ਸਾਲ ਪਹਿਲੀ ਵਾਰ ਮਾਤਾ ਜੀ ਦੀ ਚੌਂਕੀ ਕਰਵਾਈ ਗਈ ਹੈ। ਭਜਨ ਗਾਇਕ ਲਵਿਸ਼ ਲਵ ਨੇ ਦੇਵੀ ਮਾਤਾ ਦਾ ਗੁਣਗਾਨ ਕੀਤਾ। ਆਚਾਰੀਆ ਪਵਨ ਸ਼ਾਸਤਰੀ ਨੇ ਸਟੇਜ ਸੰਚਾਲਨ ਕੀਤਾ। ਸੁੰਦਰ ਨਗਰ ਤੋਂ ਮਾਤਾ ਸ਼ਾਰਦਾ ਮਹੇਸ਼ਵਰੀ ਦੇਵਾ ਵਿਸ਼ੇਸ਼ ਤੌਰ 'ਤੇ ਇਸ ਮਾਤਾ ਜੀ ਦੀ ਚੌਂਕੀ 'ਤੇ ਆਏ। ਇਸ ਮੌਕੇ ਭੰਡਾਰਾ ਵੀ ਲਗਾਇਆ ਗਿਆ। ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੇ ਮਾਤਾ ਦਾ ਆਸ਼ੀਰਵਾਦ ਲਿਆ। ਇਸ ਮੌਕੇ ਰਾਸ਼ਟਰੀ ਹਿੰਦੂ ਚੇਤਨਾ ਮੰਚ ਦੇ ਪੰਜਾਬ ਪ੍ਰਧਾਨ ਅਨੁਜ ਖੇਮਕਾ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦਰਸ਼ਨ ਲਾਲ ਟੀਟਾ, ਸਮਾਜ ਸੇਵਕ ਅਸ਼ਵਨੀ ਜੋਸ਼ੀ, ਗੌਰਵ ਵਰਮਾ, ਅਮਨ ਜੋਸ਼ੀ ਆਦਿ ਵੀ ਮੌਜੂਦ ਸਨ।

## ਲਿਬਰੇਸ਼ਨ ਵੱਲੋਂ ਕੇਂਦਰ ਦੀਆਂ ਪੰਜਾਬ ਵਿਰੋਧੀ ਸਾਜ਼ਿਸ਼ਾਂ ਵਿਰੁੱਧ ਲੋਕਾਂ ਨੂੰ ਇਕਮੁੱਠ ਹੋਣ ਦਾ ਸੱਦਾ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸੀਪੀਆਈ ਐੱਮਐੱਲ ਲਿਬਰੇਸ਼ਨ ਨੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ ਭਾਰਤ ਦੀ ਮੋਦੀ-ਸ਼ਾਹ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਪਹਿਲਾਂ ਤੋਂ ਹੀ ਉਲਝਿਆ ਪਿਆ ਮਸਲਾ ਹੱਲ ਕਰਨ ਦੀ ਬਜਾਏ, ਹੁਣ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਪੂਰਨ ਤੌਰ 'ਤੇ ਕੇਂਦਰੀ ਸ਼ਾਸਿਤ ਪ੍ਰਦੇਸ਼ ਬਣਾਉਣ ਲਈ ਲੋਕ ਸਭਾ ਦੇ ਪਹਿਲੀ ਦਸੰਬਰ ਨੂੰ ਸ਼ੁਰੂ ਹੋਣ ਵਾਲੇ ਸੈਸ਼ਨ ਵਿੱਚ ਲਿਆਂਦੇ ਜਾ ਰਹੇ ਸੰਭਾਵਿਤ ਬਿੱਲ ਨੂੰ ਪੰਜਾਬ ਅਤੇ ਲੋਕਤੰਤਰ ਦੇ ਮੁੱਢਲੇ ਅਸੂਲਾਂ ਦਾ ਘਾਣ ਦੱਸਦਿਆਂ ਕਿਹਾ ਕਿ ਲਿਬਰੇਸ਼ਨ ਇਸ ਦਾ ਸਖਤ ਵਿਰੋਧ ਕਰੇਗੀ। ਕਾਮਰੇਡ ਬਖਤਪੁਰਾ ਨੇ ਕਿਹਾ ਕਿ ਸਾਰਾ ਦੇਸ਼ ਅਤੇ ਸਮੁੱਚੇ ਸਿਆਸੀ ਹਲਕੇ ਜਾਣਦੇ ਹਨ ਕਿ ਚੰਡੀਗੜ੍ਹ ਪੰਜਾਬ ਦੇ 30 ਪਿੰਡਾਂ ਨੂੰ ਉਜਾੜ ਕੇ ਪੰਜਾਬ ਦੀ ਰਾਜਧਾਨੀ ਵਜੋਂ ਬਣਾਇਆ ਗਿਆ ਸੀ। ਪਰ ਅਫਸੋਸ ਕਿ ਹੁਣ ਤੱਕ ਦੀਆਂ ਕੇਂਦਰੀ ਸਰਕਾਰਾਂ ਵੱਲੋਂ ਰਾਜੀਵ ਲੌਂਗੋਵਾਲ ਸਮਝੌਤੇ ਸਮੇਤ ਵਾਰ-ਵਾਰ ਚੰਡੀਗੜ੍ਹ ਪੰਜਾਬ ਨੂੰ ਦੇਣ ਦੇ ਐਲਾਨ ਕਰਨ ਦੇ ਬਾਵਜੂਦ, ਹੁਣ ਪੰਜਾਬ ਤੋਂ ਚੰਡੀਗੜ੍ਹ ਪੱਕੇ ਤੌਰ 'ਤੇ ਖੋਹਣ ਦਾ ਕਾਨੂੰਨ ਲਿਆਂਦਾ ਜਾ ਰਿਹਾ ਹੈ। ਇਹ ਵੀ ਪ੍ਰਤੱਖ ਸੱਚ ਹੈ ਕਿ ਚੰਡੀਗੜ੍ਹ ਤੋਂ ਬਿਨਾਂ ਪੰਜਾਬ ਦੇ ਦਰਿਆਈ ਪਾਣੀਆਂ, ਪੰਜਾਬੀ ਬੋਲਦੇ ਇਲਾਕਿਆਂ ਅਤੇ ਪੰਜਾਬ ਦੇ ਸਮੁੱਚੇ ਹਾਈਡਲ ਪ੍ਰੋਜੈਕਟਾਂ ਦਾ ਕੰਟਰੋਲ ਅੱਜ ਤੱਕ ਪੰਜਾਬ ਹਵਾਲੇ ਨਹੀਂ ਕੀਤਾ ਗਿਆ ਹੈ। ਦੇਸ਼ ਵਿੱਚ ਇਸ ਤਰ੍ਹਾਂ ਦਾ ਸਿਆਸੀ ਵਿਵਹਾਰ ਕੇਵਲ ਪੰਜਾਬ ਨਾਲ ਹੀ ਕੀਤਾ ਜਾ ਰਿਹਾ ਹੈ। ਅਸਲ ਵਿੱਚ ਮੋਦੀ-ਸ਼ਾਹ ਸਰਕਾਰ ਵੱਲੋਂ ਦੇਸ਼ ਦੀ ਘੱਟ ਗਿਣਤੀ ਜੇ ਐਂਡ ਕੇ (ਜੰਮੂ-ਕਸ਼ਮੀਰ) ਦੀ ਜਨਤਾ ਨੂੰ 370 ਧਾਰਾ ਖੋਹਣ ਦਾ ਸਬਕ ਸਿਖਾਉਣ ਤੋਂ ਬਾਅਦ ਪੰਜਾਬ ਦੀ ਘੱਟ ਗਿਣਤੀ ਨੂੰ ਆਪਣਾ ਘੱਟ ਗਿਣਤੀਆਂ ਵਿਰੋਧੀ ਹੋਣ ਦਾ ਸੁਨੇਹਾ ਦਿੱਤਾ ਹੈ। ਲਿਬਰੇਸ਼ਨ ਨੇ ਪੰਜਾਬ ਦੀਆਂ ਸਮੁੱਚੀਆਂ ਰਾਜਸੀ ਪਾਰਟੀਆਂ ਅਤੇ ਲੋਕਾਂ ਨੂੰ ਕੇਂਦਰ ਦੀਆਂ ਪੰਜਾਬ ਵਿਰੋਧੀ ਸਾਜ਼ਿਸ਼ਾਂ ਵਿਰੁੱਧ ਇਕ ਮੁੱਠ ਹੋਣ ਦਾ ਸੱਦਾ ਦਿੱਤਾ ਹੈ।



## ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੀ ਤਿਆਰੀ ਲਈ ਮੀਟਿੰਗਾਂ ਦਾ ਦੌਰ ਸ਼ੁਰੂ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਵਿਧਾਨ ਸਭਾ ਹਲਕਾ ਮਜੀਠਾ ਦੇ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਤੇ ਸੀਨੀਅਰ ਕਾਂਗਰਸੀ ਆਗੂ ਭਗਵੰਤ ਪਾਲ ਸਿੰਘ ਸੱਚਰ ਨੇ ਆਗਾਮੀ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਨੂੰ ਲੈ ਕੇ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਆਪਣੇ ਦਫ਼ਤਰ ਕੱਥੂਨੰਗਲ ਵਿਖੇ ਵੱਖ-ਵੱਖ ਹਲਕੇ ਦੇ ਆਗੂਆਂ ਨਾਲ ਮੀਟਿੰਗ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਲਦ ਹੀ ਹਲਕੇ ਦੇ ਮੋਹਤਬਰ ਆਗੂਆਂ ਦੀ ਇੱਕ ਮੀਟਿੰਗ ਕਰਕੇ ਕਾਂਗਰਸੀ ਆਗੂਆਂ ਤੇ ਵਰਕਰਾਂ ਨੂੰ ਕਮਰਕੱਸੇ ਕਰਨ ਲਈ ਸੁਝਾਅ ਦਿੱਤੇ ਜਾਣਗੇ। ਸੱਚਰ ਨੇ ਕਿਹਾ ਕਿ ਇਸ ਸੱਤਾਧਾਰੀ ਸਰਕਾਰ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਜੋ ਲੋਕਾਂ ਨਾਲ ਵਾਅਦੇ ਕੀਤੇ ਸਨ ਉਹ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਨਹੀਂ ਪੂਰੇ ਹੋਏ। ਹੁਣ ਕਿਸ ਮੂੰਹ ਨਾਲ ਇਹ ਲੋਕਾਂ ਦੀ ਕਚਹਿਰੀ ਵਿੱਚ ਜਾਣਗੇ। ਉਨ੍ਹਾਂ ਕਿਸਾਨਾਂ ਨੂੰ ਲੋੜ ਅਨੁਸਾਰ ਖਾਦ ਨਾ ਮਿਲਣ ਦੀ ਗੱਲ ਕਰਦਿਆਂ ਕਿਹਾ ਕਿ ਪਹਿਲਾਂ ਡਾਇਆ ਤੇ ਹੁਣ ਯੂਰੀਆ ਖਾਦ ਦੀ ਘਾਟ ਨੇ ਲੋਕਾਂ ਦਾ ਮੰਦਾ ਹਾਲ ਕੀਤਾ ਹੈ। ਜੇ ਕਾਨੂੰਨ ਵਿਵਸਥਾ ਦੀ ਗੱਲ ਕਰੀਏ ਤਾਂ ਹਰ ਰੋਜ਼ ਲੁੱਟਾਂ ਖੋਹਾਂ ਤੇ ਕਤਲ ਆਮ ਜਿਹੀ ਗੱਲ ਬਣ ਗਈ ਹੈ, ਨਸ਼ਾ ਪਹਿਲਾਂ ਗਲੀ ਗਲੀ ਵਿਕਦਾ ਸੀ ਤੇ ਹੁਣ ਘਰ-ਘਰ ਹੀ ਵਿਕਣ ਲੱਗ ਪਿਆ ਹੈ। ਇਸ ਸਰਕਾਰ ਕੋਲ ਇਸ਼ਤਿਹਾਰਬਾਜ਼ੀ 'ਤੇ ਲੱਖਾਂ ਕਰੋੜਾਂ ਰੁਪਏ ਖਰਚ ਕਰਨ ਲਈ ਹਨ ਪਰ ਬੀਬੀਆਂ ਦੇ ਖਾਤੇ ਵਿੱਚ ਪਾਉਣ ਲਈ ਹਜ਼ਾਰ ਰੁਪਏ ਦਾ ਇੰਤਜ਼ਾਮ ਨਹੀਂ ਹੋ ਸਕਿਆ। ਇਸ ਮੌਕੇ ਬਲਾਕ ਕਾਂਗਰਸ ਮਜੀਠਾ ਦੇ ਪ੍ਰਧਾਨ ਨਵਤੇਜ ਪਾਲ ਸਿੰਘ ਸੋਹੀਆਂ, ਬਲਜੀਤ ਸਿੰਘ ਵਿਰਕ, ਸੁਲੱਖਣ ਸਿੰਘ, ਡਾ. ਸੁਖਵਿੰਦਰ ਸਿੰਘ ਰੰਧਾਵਾ, ਡਾ. ਮੋਹਨ ਸਿੰਘ, ਦਵਿੰਦਰ ਸਿੰਘ ਭੁੱਲਰ ਮਜੀਠਾ, ਸਾਬਕਾ ਚੇਅਰਮੈਨ ਗੁਰਮੀਤ ਸਿੰਘ ਭੀਲੋਵਾਲ, ਝਿਲਮਲ ਸਿੰਘ ਸਾਧਪੁਰ, ਤਜਿੰਦਰ ਸਿੰਘ ਸ਼ਾਹ ਤਰਫਾਨ, ਸੁਰਜੀਤ ਸਿੰਘ ਭੀਲੋਵਾਲ, ਦਲਜੀਤ ਸਿੰਘ ਸ਼ਾਹ ਹਰੀਆਂ ਤੇ ਹੋਰ ਵੀ ਆਗੂ ਮੌਜੂਦ ਸਨ।



## ਹਲਕਾ ਇੰਚਾਰਜ ਰਵੀਕਰਨ ਸਿੰਘ ਕਾਹਲੋਂ ਨੇ 150 ਦੇ ਕਰੀਬ ਰਾਸ਼ਨ ਕਿੱਟਾਂ ਵੰਡੀਆਂ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਸਾਬਕਾ ਸਰਪੰਚ ਪ੍ਰੇਮ ਸਿੰਘ ਮਾਨ ਦੇ ਗ੍ਰਹਿ ਵਿਖੇ ਹਲਕਾ ਇੰਚਾਰਜ ਰਵੀਕਰਨ ਸਿੰਘ ਕਾਹਲੋਂ ਵੱਲੋਂ ਇੱਕ ਭਰਵੀਂ ਮੀਟਿੰਗ ਕੀਤੀ ਗਈ। ਇਸ ਦੌਰਾਨ 150 ਦੇ ਕਰੀਬ ਰਾਸ਼ਨ ਕਿੱਟਾਂ ਜ਼ਰੂਰਤਮੰਦਾਂ ਨੂੰ ਵੰਡੀਆਂ ਗਈਆਂ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਰਵੀਕਰਨ ਸਿੰਘ ਕਾਹਲੋਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਗਰੀਬ ਲੋਕਾਂ ਦੀ ਭਲਾਈ ਲਈ ਬਹੁਤ ਸਾਰੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਤਾਂ ਜੋ ਉਨ੍ਹਾਂ ਦਾ ਜੀਵਨ ਪੱਧਰ ਉਚਾ ਚੁੱਕਿਆ ਜਾ ਸਕੇ। ਉਨ੍ਹਾਂ ਹਾਜ਼ਰ ਲੋਕਾਂ ਨੂੰ ਅਪੀਲ ਕੀਤੀ ਕੇ ਵੱਧ ਤੋਂ ਵੱਧ ਭਾਜਪਾ ਨਾਲ ਜੁੜਨ।ਉਨ੍ਹਾਂ ਕਿਹਾ ਕੇ ਉਹ ਹਮੇਸ਼ਾ ਆਪਣੇ ਹਲਕੇ ਦੇ ਲੋਕਾਂ ਨਾਲ ਹਰ ਦੁੱਖ ਸੁੱਖ ਵਿੱਚ ਉਨ੍ਹਾਂ ਦੇ ਨਾਲ ਖੜ੍ਹੇ ਹਨ।ਆਖਿਰ ਵਿੱਚ ਪ੍ਰੇਮ ਸਿੰਘ ਮਾਨ ਵੱਲੋਂ ਮੀਟਿੰਗ ਵਿੱਚ ਸ਼ਾਮਲ ਲੋਕਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਪ੍ਰੇਮ ਸਿੰਘ ਮਾਨ, ਮਨਜੀਤ ਸਿੰਘ ਹੌਲਦਾਰ, ਜਰਨੈਲ ਸਿੰਘ, ਹਰਮਨ ਸਿੰਘ ਲੰਗਰਵਾਲ, ਹੈਪੀ ਖਹਿਰਾ, ਵਰਿੰਦਰ ਸਿੰਘ, ਨਿਰਮਲ ਸਿੰਘ ਮਾਨ, ਗਗਨ ਅਲੀਵਾਲ ਜੱਟਾਂ, ਦਲਜੀਤ ਸਿੰਘ ਕੋਟਲੀ ਰਾਜਵਿੰਦਰ ਸਿੰਘ ਭਾਲੋਵਾਲੀ, ਗੋਲਡੀ ਸਿੰਘਪੁਰਾ, ਹੈਪੀ ਸਿੰਘਪੁਰ, ਜੋਗਿੰਦਰ ਸਿੰਘ ਸਿੰਘਪੁਰਾ ਤੇ ਹਰਪਾਲ ਸਿੰਘ ਸਿੰਘਪੁਰਾ ਆਦਿ ਹਾਜ਼ਰ ਸਨ।

## ਚੌਥੀ ਪਵਿੱਤਰ ਨਗਰ ਕੀਰਤਨ ਯਾਤਰਾ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਜੈਕਾਰੇ ਨਾਲ ਸ਼ੁਰੂ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਮੌਕੇ ਤੇ ਯਮੁਨਾਨਗਰ ਜ਼ਿਲ੍ਹੇ ਦੇ ਕਸਬਾ ਸਢੌਰਾ ਤੋਂ ਸ਼ੁਰੂ ਹੋਈ ਚੌਥੀ ਪਵਿੱਤਰ ਨਗਰ ਕੀਰਤਨ ਯਾਤਰਾ ਨੂੰ ਸਰਸਵਤੀ ਨਗਰ ਦੇ ਜਨਤਾ ਪਬਲਿਕ ਸਕੂਲ ਤੋਂ ਖੇਤੀਬਾੜੀ ਮੰਤਰੀ ਸ਼ਿਆਮ ਸਿੰਘ ਰਾਣਾ ਅਤੇ ਯਾਤਰਾ ਕੋਆਰਡੀਨੇਟਰ ਗੁਰਬਾਜ ਸਿੰਘ ਸਿਕੰਦਰਾ, ਬੀਬੀ ਜਸਵੀਰ ਕੌਰ ਅਤੇ ਚੇਅਰਮੈਨ ਰੁਪਿੰਦਰ ਮੱਲੀ ਦੀ ਅਗਵਾਈ ਹੇਠ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਨਾਲ ਪਿੰਡ ਸ਼ੀਵਰਹੇੜੀ ਵਿੱਚ ਰਾਤ ਨੂੰ ਰੁਕਣ ਲਈ ਰਵਾਨਾ ਕੀਤਾ। ਇਹ ਨਗਰ ਕੀਰਤਨ ਯਾਤਰਾ ਜੋੜੀਓ ਗੁਰਦੁਆਰਾ ਸਾਹਿਬ ਤੋਂ ਰਾਤ ਦੇ ਆਰਾਮ ਤੋਂ ਬਾਅਦ ਪਿੰਡ ਉੱਚਾ ਚਾਂਦਨਾ, ਰਪੋਲੀ, ਸਤਗੋਲੀ , ਟੋਪਰਾ ਕਲਾ, ਹਰਨੌਲ ਰੇਤਗੜ੍ਹ , ਹਾਫਿਜਪੁਰ, ਕੁੰਜਲ ਕੰਬੋਯਾਨ, ਬੈਡੀ ,ਖਜੂਰੀ ,ਬਕਾਣਾ , ਰਾਦੌਰੀ ਚੌਕ ਤੋਂ ਹੁੰਦੇ ਹੋਏ ਰਾਦੌਰ ਪਹੁੰਚੀ ਜਿੱਥੇ ਸੀਨੀਅਰ ਨੇਤਾਵਾਂ ਨੇ ਫੁੱਲਾਂ ਦੀ ਵਰਖਾ ਨਾਲ ਯਾਤਰਾ ਦਾ ਜ਼ੋਰਦਾਰ ਸਵਾਗਤ ਕੀਤਾ ਅਤੇ ਸਿਰੋਪਾਓ ਭੇਟ ਕੀਤੇ।

## ਔਰਤਾਂ ਨੂੰ ਹਜ਼ਾਰ ਰੁਪਏ ਉਡੀਕਦੀਆਂ ਚਾਰ ਸਾਲ ਲੰਘ ਗਏ ਪਰ ਮਾਨ ਸਰਕਾਰ ਸੰਜੀਦਾ ਨਹੀਂ ਹੋਈ : ਪ੍ਰਦੀਪ ਭੁੱਲਰ

**ਮਜੀਠਾ (ਸੋਇਮ ਆਨੰਦ)**- ਸੂਬੇ ਦੀ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਚ ਸੱਤਾ ਵਿਚ ਆਉਣ ਤੋਂ ਪਹਿਲਾਂ ਪੰਜਾਬ ਦੀਆਂ ਤਮਾਮ ਔਰਤਾਂ ਨੂੰ ਪ੍ਰਤੀ ਮਹੀਨਾ ਇੱਕ ਇੱਕ ਹਜ਼ਾਰ ਰੁਪਏ ਸਰਕਾਰ ਵੱਲੋਂ ਦਿੱਤੇ ਜਾਣ ਦੀ ਗਾਰੰਟੀ ਦਿੱਤੀ ਸੀ ਜਿਸ ਦੇ ਲਾਲਚ ਵਿਚ ਆ ਕੇ ਸੂਬੇ ਭਰ ਦੀਆਂ ਔਰਤਾਂ ਨੇ ਆਪ ਪਾਰਟੀ ਨੂੰ ਵੋਟਾਂ ਪਾ ਕੇ ਸਰਕਾਰ ਬਣਾਈ ਸੀ ਪਰ ਹੁਣ ਸੱਤਾ ਵਿਚ ਆਉਣ ਤੋਂ ਬਾਅਦ ਚਾਰ ਸਾਲ ਬੀਤ ਜਾਣ ਤੇ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੂਬੇ ਦੀਆਂ ਔਰਤਾਂ ਦੇ ਖਾਤਿਆਂ ਵਿਚ ਇੱਕ ਧੇਲਾ ਤੱਕ ਨਹੀਂ ਪਾਇਆ ਜਿਸ ਤੋਂ ਸਾਫ ਜ਼ਾਹਿਰ ਹੈ ਕਿ ਪੰਜਾਬ ਦੀ ਮਾਨ ਸਰਕਾਰ ਆਪਣੀ ਇਸ ਗਾਰੰਟੀ ਪ੍ਰਤੀ ਬਿਲਕੁਲ ਵੀ ਸੰਜੀਦਾ ਨਹੀਂ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਹਲਕਾ ਮਜੀਠਾ ਦੇ ਹਲਕਾ ਇਚਾਰਜ ਪ੍ਰਦੀਪ ਸਿੰਘ ਭੁੱਲਰ ਨੇ ਆਪਣੇ ਗ੍ਰਹਿ ਪਿੰਡ ਜੇਠੂਨੰਗਲ ਵਿਖੇ ਪਾਰਟੀ ਵਰਕਰਾਂ ਦੀ ਬੈਠਕ ਉਪਰੰਤ ਗਲਬਾਤ ਕਰਦਿਆਂ ਕੀਤਾ।ਭੁੱਲਰ ਨੇ ਕਿਹਾ ਕਿ ਮਾਨ ਸਰਕਾਰ ਪੰਜਾਬ ਦੇ ਖ਼ਜ਼ਾਨੇ ਨੂੰ ਆਪਣੇ ਦਿੱਲੀ ਬੈਠੇ ਦਿੱਲੀ ਦੀ ਜਨਤਾ ਵੱਲੋਂ ਨਕਾਰੇ ਗਏ ਲੀਡਰਾਂ ਦੀ ਐਸ਼ੋ ਇਸ਼ਰਤ ਤੇ ਅਤੇ ਆਪਣੀ ਪਾਰਟੀ ਦੀ ਇਸ਼ਤਿਹਾਰਬਾਜ਼ੀ 'ਤੇ ਖਰਚ ਕਰ ਰਹੀ ਹੈ ਪਰ ਪੰਜਾਬ ਦੇ ਲੋਕਾਂ ਦੇ ਭਲੇ ਵਾਸਤੇ ਇੱਕ ਧੇਲਾ ਤੱਕ ਖਰਚਣ ਲਈ ਤਿਆਰ ਨਹੀਂ। ਸੂਬੇ ਵਿਚਲੀ ਅਮਨ ਤੇ ਕਾਨੂੰਨ ਦੀ ਲਗਾਤਾਰ ਵਿਗੜ ਰਹੀ ਸਥਿਤੀ ਬਾਰੇ ਗੱਲ ਕਰਦਿਆਂ ਭੁੱਲਰ ਨੇ ਕਿਹਾ ਕਿ ਪੰਜਾਬ ਵਿਚ ਗੈਂਗਸਟਰਾਂ ਦਾ ਰਾਜ ਹੈ, ਪੰਜਾਬ ਦੀਆਂ ਸੁਰੱਖਿਆ ਏਜੰਸੀਆਂ ਸਰਕਾਰ ਦੇ ਘਟੀਆ ਪ੍ਰਬੰਧਾਂ ਦੇ ਚਲਦਿਆਂ ਅਮਨ ਤੇ ਕਾਨੂੰਨ ਦੀ ਵਿਵਸਥਾ ਨੂੰ ਸੁਧਾਰਨ ਵਿਚ ਨਾਕਾਮ ਹੋ ਰਹੀਆਂ ਹਨ ਜਿਸ ਨਾਲ ਸੂਬੇ ਦੀ ਅਮਨ ਵਿਵਸਥਾ ਲੀਹੋਂ ਲੱਥ ਗਈ ਹੈ।ਹਰ ਨਾਗਰਿਕ ਆਪਣੇ ਆਪ ਨੂੰ ਅਸੁਰੱਖਿਅਤ ਸਮਝ ਰਿਹਾ ਹੈ ਪਰ ਆਪ ਪਾਰਟੀ ਦੀ ਸਰਕਾਰ ਇਸ ਸਭ ਕੁਝ ਨੂੰ ਜਾਣਦੀ ਹੋਈ ਵੀ ਬੇਖਬਰ ਹੈ।ਉਨ੍ਹਾਂ ਨੇ ਪੰਜਾਬ ਸਰਕਾਰ ਪਾਸੋਂ ਸੂਬੇ ਦੀ ਅਮਨ ਸ਼ਾਂਤੀ ਬਹਾਲ ਕਰਨ ਦੀ ਮੰਗ ਕੀਤੀ ਅਤੇ ਨਾਲ ਹੀ ਔਰਤਾਂ ਦੇ ਖਾਤਿਆਂ ਵਿਚ ਕੀਤੀ ਗਈ ਗਾਰੰਟੀ ਅਨੁਸਾਰ ਪੈਸੇ ਪਾਉਣ ਦੀ ਮੰਗ ਕੀਤੀ।ਇਸ ਮੌਕੇ ਪ੍ਰਦੀਪ ਸਿੰਘ ਭੁੱਲਰ ਦੇ ਨਾਲ ਗੁਰਮੁੱਖ ਸਿੰਘ ਕਾਦਰਾਬਾਦ, ਰਾਕੇਸ਼ ਕੁਮਾਰ ਪੱਪਾ ਮਜੀਠਾ, ਸੁਰਿੰਦਰ ਸਿੰਘ ਚੌਹਾਨ, ਦਵਿੰਦਰ ਸਿੰਘ ਮਾਹਲਾ ਸਮੇਤ ਵੱਡੀ ਗਿਣਤੀ ਵਿਚ ਪਾਰਟੀ ਵਰਕਰ ਹਾਜ਼ਰ ਸਨ।



## ਸ਼ਰੇਆਮ ਨਸ਼ਾ ਕਰ ਰਹੇ ਦੋ ਨਸ਼ੱਈਆਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਸਦਰ ਗੁਰਦਾਸਪੁਰ ਦੇ ਏਐੱਸਆਈ ਸਤਿੰਦਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਟੀ. ਪੁਆਇੰਟ ਸੂਆ ਪੁਲੀ ਲਿੰਕ ਰੋਡ ਬੱਬਰੀ ਤੋਂ ਅਲੀ ਪੁੱਤਰ ਰਵੀ ਵਾਸੀ ਪ੍ਰੇਮਨਗਰ ਹਾਲ ਵਾਸੀ ਕਾਦਰੀ ਮੁਹੱਲਾ ਸਿਟੀ ਗੁਰਦਾਸਪੁਰ ਜੋ ਝਾੜੀਆਂ ਵਿਚ ਬੈਠ ਕੇ ਨਸ਼ੇ ਦਾ ਸੇਵਨ ਕਰ ਰਿਹਾ ਸੀ, ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ।ਉਕਤ ਵਿਅਕਤੀ ਪਾਸੋਂ ਮੌਕੇ 'ਤੇ ਇਕ ਸਿਲਵਰ ਪੇਪਰ, ਲਾਈਟਰ ਅਤੇ 10 ਰੁਪਏ ਦਾ ਨੋਟ ਬਰਾਮਦ ਹੋਇਆ ਹੈ। ਥਾਣਾ ਧਾਰੀਵਾਲ ਏਐੱਸਆਈ ਰਣਜੀਤ ਸਿੰਘ ਨੇ ਸਮੇਤ ਪੁਲਸ ਪਾਰਟੀ ਮਿੱਲ ਗਰਾਊਂਡ ਧਾਰੀਵਾਲ ਤੋਂ ਕਿਸ਼ੋਰ ਪੁੱਤਰ ਸੁਰੇਸ਼ ਮਸੀਹ ਵਾਸੀ ਵੱਡੇਨੰਗਲ ਜੋ ਝਾੜੀਆਂ ਵਿਚ ਬੈਠ ਕੇ ਨਸ਼ੇ ਦਾ ਸੇਵਨ ਕਰ ਰਿਹਾ ਸੀ, ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ। ਪੁਲਿਸ ਵੱਲੋਂ ਉਕਤ ਵਿਅਕਤੀ ਪਾਸੋਂ ਇਕ ਸਿਲਵਰ ਪੇਪਰ, ਲਾਈਟਰ ਅਤੇ 10 ਰੁਪਏ ਦਾ ਨੋਟ ਬਰਾਮਦ ਹੋਇਆ ਹੈ। ਪੁਲਸ ਨੇ ਉਕਤ ਨਸ਼ਾ ਤਸਕਰਾਂ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਈ-ਰਿਕਸ਼ੇ ਵਾਲੇ ਭਾਰ ਦੀ ਢੋਆ-ਢੁਆਈ ਕਰਕੇ ਕਰ ਰਹੇ ਹਨ ਕਾਨੂੰਨ ਦੀ ਉਲੰਘਣਾ, ਟਰੈਫ਼ਿਕ ਵਿਭਾਗ ਨੂੰ ਸਖ਼ਤ ਹੋਣ ਦੀ ਲੋੜ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਭਰ ਵਿਚ ਮੋਡੀਫਾਈ ਵਾਹਨਾਂ ਖਿਲਾਫ ਚਲਾਈ ਜਾ ਰਹੀ ਮੁਹਿੰਮ ਤਹਿਤ ਵੱਖ-ਵੱਖ ਲੋਕਾਂ ਵੱਲੋਂ ਢੁੱਕਵੇਂ ਕਦਮਾਂ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਅਜਿਹੇ ਮੋਡੀਫਾਈ ਵਾਹਨਾਂ ਜਿਵੇਂ ਘੜੁੱਕੇ, ਮੋਟਰਸਾਈਕਲ ਰੇਹੜੇ ਆਦਿ ਦੁਆਰਾ ਬੇ-ਹਿਸਾਬ ਭਾਰ ਅਤੇ ਲੰਬੇ-ਲੰਬੇ ਸਰੀਏ ਆਦਿ ਲੱਦਣ ਕਾਰਨ ਆਏ ਦਿਨ ਹਾਦਸੇ ਹੋ ਰਹੇ ਹਨ। ਇਸ ਮੁਹਿੰਮ ਨੂੰ ਲਗਾਤਾਰ ਚਲਾਉਣ ਨਾਲ ਹਾਦਸਿਆਂ ਵਿਚ ਠੱਲ੍ਹ ਪਵੇਗੀ। ਇਸ ਤੋਂ ਇਲਾਵਾ ਹੋਰ ਵੀ ਕਈ ਮੋਡੀਫਾਈ ਵਾਹਨ ਜੋ ਸਰਕਾਰ ਤੇ ਕਾਨੂੰਨ ਦੀਆਂ ਸ਼ਰੇਆਮ ਧੱਜੀਆਂ ਉਡਾ ਰਹੇ ਹਨ ਅਤੇ ਹਰ ਵੇਲੇ ਹਾਦਸੇ ਦਾ ਕਾਰਨ ਬਣਦੇ ਹਨ। ਗੁਰਦਾਸਪੁਰ ਸ਼ਹਿਰ ਅੰਦਰ ਮੋਡੀਫਾਈ ਵਾਹਨਾਂ ਤੋਂ ਇਲਾਵਾ ਕਾਨੂੰਨ ਦੀ ਉਲੰਘਣਾ ਕਰਨ ਵਿਚ ਕੁਝ ਈ ਰਿਕਸ਼ੇ ਵਾਲੇ ਵੀ ਪਿੱਛੇ ਨਹੀਂ ਹਨ ਕਿਉਂ ਜੋ ਇਹ ਈ ਰਿਕਸ਼ੇ ਵਾਲੇ ਕੇਵਲ ਸਵਾਰੀਆਂ ਢਾਉਣ ਲਈ ਬਣੇ ਹਨ ਨਾ ਕਿ ਛੋਟੇ ਹਾਥੀ ਵਾਂਗ ਭਾਰ ਢੋਣ ਲਈ। ਈ ਰਿਕਸ਼ੇ ਦੀ ਛੱਤ 'ਤੇ 20 ਫੁੱਟ ਲੰਬੀਆਂ ਪਾਈਪਾਂ ਲੱਦ ਕੇ ਆਉਂਦੇ-ਜਾਂਦੇ ਨਜ਼ਰ ਆਉਂਦੇ ਹਨ ਜਿਸ ਨਾਲ ਕਿਸੇ ਵੇਲੇ ਵੀ ਅੱਗੇ ਪਿੱਛੇ ਚਲਦੇ ਵਾਹਨ ਨਾਲ ਕੋਈ ਹਾਦਸਾ ਵਾਪਰ ਸਕਦਾ ਹੈ। ਸ਼ਹਿਰ ਅੰਦਰ ਈ ਰਿਕਸ਼ੇ ਬੜੀ ਸਪੀਡ ਨਾਲ ਚਲਦੇ ਵੇਖੇ ਜਾ ਸਕਦੇ ਹਨ ਜਿਨ੍ਹਾਂ ਦੀ ਸਪੀਡ ਤੈਅ ਕਰਨੀ ਚਾਹੀਦੀ ਹੈ ਤਾਂ ਜੋ ਅਚਾਨਕ ਬਰੇਕ ਲਗਾਉਣ ਨਾਲ ਕੋਈ ਹਾਦਸਾ ਨਾ ਹੋ ਜਾਵੇ। ਅਕਸਰ ਵੇਖਣ ਵਿਚ ਆ ਰਿਹਾ ਹੈ ਕਿ ਤੇਜ਼ ਰਫਤਾਰ ਚੱਲ ਰਹੇ ਈ-ਰਿਕਸ਼ੇ ਚਾਲਕ ਨੂੰ ਜਦ ਵੀ ਕੋਈ ਸਵਾਰੀ ਰੁਕਣ ਦਾ ਇਸ਼ਾਰਾ ਕਰਦੀ ਹੈ ਤਾਂ ਚਾਲਕ ਇਕਦਮ ਬਰੇਕ ਲਗਾ ਦਿੰਦਾ ਹੈ ਜਿਸ ਨਾਲ ਕਈ ਵਾਰੀ ਪਿੱਛੋਂ ਆ ਰਹੇ ਮੋਟਰਸਾਈਕਲ ਅਥਵਾ ਸਕੂਟਰ ਸਵਾਰ ਦੋ ਪਹੀਆ ਵਾਹਨ ਆਦਿ ਈ-ਰਿਕਸ਼ੇ ਨਾਲ ਟਕਰਾ ਜਾਂਦੇ ਹਨ ਜਿਸ ਨਾਲ ਹਾਦਸੇ ਹੋ ਜਾਂਦੇ ਹਨ ਅਤੇ ਦੋਪਹੀਆ ਵਾਹਨ ਚਾਲਕ ਸੱਟਾਂ ਲਗਵਾ ਬੈਠਦੇ ਹਨ। ਇਸ ਲਈ ਇਨ੍ਹਾਂ ਈ ਰਿਕਸ਼ਿਆਂ ਦੇ ਖਿਲਾਫ ਬਣਦੀ ਕਾਰਵਾਈ ਕਰਨੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਈ-ਰਿਕਸ਼ਾ 'ਤੇ ਚੜ੍ਹਨ ਅਤੇ ਉਤਰਨ ਵਾਲੀਆਂ ਸਵਾਰੀਆਂ ਨੂੰ ਖੱਬੇ ਪਾਸਿਓਂ ਸਵਾਰ ਜਾਂ ਉਤਾਰਨਾ ਚਾਹੀਦਾ ਹੈ। ਇਨ੍ਹਾਂ ਈ-ਰਿਕਸ਼ਿਆਂ 'ਤੇ ਸਕੂਲੀ ਬੱਚਿਆਂ ਦੀ ਢੋਆ-ਢੁਆਈ ਵੀ ਆਮ ਵੇਖਣ ਨੂੰ ਮਿਲਦੀ ਹੈ ਅਤੇ ਇਹ ਈ-ਰਿਕਸ਼ੇ ਵਾਲੇ ਮਨਮਰਜ਼ੀਆਂ ਗਿਣਤੀ ਤੋਂ ਵੱਧ ਬੱਚੇ ਰਿਕਸ਼ਿਆਂ ਵਿਚ ਬਿਠਾ ਕੇ ਲਿਜਾਂਦੇ ਹਨ ਜਿਸ ਨਾਲ ਕਦੀ ਵੀ ਹਾਦਸਾ ਵਾਪਰ ਸਕਦਾ ਹੈ। ਟਰੈਫਿਕ ਪੁਲਸ ਨੂੰ ਸਕੂਲ ਬੰਦ ਹੋਣ 'ਤੇ ਸਕੂਲਾਂ ਨਜ਼ਦੀਕ ਨਾਕਾ ਲਗਾ ਕੇ ਅਜਿਹੇ ਈ-ਰਿਕਸ਼ਿਆਂ ਦੇ ਚਲਾਨ ਕਰਕੇ ਅਜਿਹਾ ਕਰਨ ਤੋਂ ਮਨ੍ਹਾ ਕਰਨਾ ਚਾਹੀਦਾ ਹੈ ਤਾਂ ਜੋ ਸਕੂਲੀ ਬੱਚੇ ਸੁਰੱਖਿਅਤ ਰਹਿ ਸਕਣ।



## ਨਗਰ ਪੰਚਾਇਤ ਦੀਆਂ ਆਗਾਮੀ ਚੋਣਾਂ 'ਚ ਕਾਂਗਰਸ ਦੀ ਇਤਿਹਾਸਕ ਜਿੱਤ ਹੋਵੇਗੀ : ਅਜਨਾਲਾ

**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਪੰਜਾਬ ਵਿੱਚ ਹੋਣ ਜਾ ਰਹੀਆਂ 2026 ਵਿੱਚ ਨਗਰ ਪੰਚਾਇਤ ਅਜਨਾਲਾ ਦੀਆਂ ਚੋਣਾਂ ਸਬੰਧੀ ਇੱਕ ਹਗਾਮੀ ਮੀਟਿੰਗ ਅਜਨਾਲਾ ਵਪਾਰ ਮੰਡਲ ਦੇ ਸਾਬਕਾ ਪ੍ਰਧਾਨ ਗੁਰਮੀਤ ਸਿੰਘ ਕੋਹਲੂ ਵਾਲਿਆਂ ਦੀ ਦੁਕਾਨ 'ਤੇ ਹੋਈ। ਮੀਟਿੰਗ ਦੌਰਾਨ ਵਿਧਾਨ ਸਭਾ ਹਲਕਾ ਅਜਨਾਲਾ ਦੇ ਸਾਬਕਾ ਕਾਂਗਰਸੀ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਨੇ ਕਿਹਾ ਕਿ ਜਦੋਂ ਦੀ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ ਹਰ ਇੱਕ ਵਰਗ ਇਸ ਸਰਕਾਰ ਤੋਂ ਬਹੁਤ ਦੁਖੀ ਹੈ, ਭਾਵੇਂ ਉਹ ਵਪਾਰ ਹੋਵੇ, ਕਿਸਾਨ ਜਾਂ ਮਜ਼ਦੂਰ ਹੋਣ, ਇਸ ਸਰਕਾਰ ਨੇ ਕਿਸੇ ਦੀ ਵੀ ਸਾਰ ਨਹੀਂ ਲਈ। ਉਨ੍ਹਾਂ ਨੇ ਅਜਨਾਲੇ ਵਿੱਚ ਰੋਜ਼ਾਨਾ ਬਿਜਲੀ ਦੇ ਲੱਗ ਰਹੇ ਕੱਟਾਂ ਸਬੰਧੀ ਵੀ ਮੁੱਦਾ ਚੁੱਕਿਆ ਅਤੇ ਉਨ੍ਹਾਂ ਨੇ ਐਕਸੀਅਨ ਅਜਨਾਲਾ ਨੂੰ ਫੋਨ ਕਰਕੇ ਕਿਹਾ ਕਿ ਰੋਜ਼ਾਨਾ ਬਿਜਲੀ ਬੰਦ ਹੋਣ ਨਾਲ ਵਪਾਰਕ ਅਦਾਰੇ ਬੰਦ ਹੁੰਦੇ ਹਨ ਜਿਸ ਨਾਲ ਬਹੁਤ ਆਰਥਿਕ ਨੁਕਸਾਨ ਹੁੰਦਾ ਹੈ।ਇਸ ਮੌਕੇ ਹਰਪ੍ਰਤਾਪ ਸਿੰਘ ਅਜਨਾਲਾ ਨੇ ਕਾਂਗਰਸ ਪਾਰਟੀ ਦੇ ਸਾਰੇ ਵਰਕਰਾਂ ਨੂੰ ਹੁਣ ਤੋਂ ਹੀ ਕਮਰ ਕੱਸੇ ਕੱਸਣ ਦੀ ਬੇਨਤੀ ਕੀਤੀ ਤਾਂ ਜੋ ਅਜਨਾਲੇ ਦੀਆਂ ਸਾਰੀਆਂ ਵਾਰਡਾਂ ਜਿੱਤ ਕੇ ਕਾਂਗਰਸ ਦੇ ਹੱਥ ਮਜ਼ਬੂਤ ਕੀਤੇ ਜਾਣ।ਇਸ ਮੌਕੇ ਉਨ੍ਹਾਂ ਦੇ ਨਾਲ ਡਾਇਰੈਕਟਰ ਕੰਵਰਪ੍ਰਤਾਪ ਸਿੰਘ ਅਜਨਾਲਾ, ਸ਼ਹਿਰੀ ਕਾਂਗਰਸ ਪਾਰਟੀ ਦੇ ਪ੍ਰਧਾਨ ਤੇ ਸਾਬਕਾ ਕੌਂਸਲਰ ਦਵਿੰਦਰ ਸਿੰਘ ਡੈਮ ਅਜਨਾਲਾ, ਮਨਿੰਦਰ ਸਿੰਘ ਸਰਾਫ, ਗੁਰਮੀਤ ਸਿੰਘ ਅਰੋੜਾ, ਸਾਬਕਾ ਸ਼ਹਿਰੀ ਪ੍ਰਧਾਨ ਪ੍ਰਵੀਨ ਕੁਮਾਰ ਕੁਕਰੇਜਾ, ਗੁਰਦੇਵ ਸਿੰਘ ਨਿੱਜਰ, ਬਾਊ ਦਰਸ਼ਨ ਲਾਲ ਸ਼ਰਮਾ, ਜਸਪ੍ਰੀਤ ਸਿੰਘ ਅਰੋੜਾ, ਹਰਮੀਤ ਸਿੰਘ ਅਰੋੜਾ, ਦਿਲਬਾਗ ਸਿੰਘ ਸਿਰਸਾ ਵਾਲੇ, ਬਾਬਾ ਗੋਲਡੀ ਸ਼ਾਹ ਅਜਨਾਲਾ, ਸਾਬਕਾ ਇੰਸਪੈਕਟਰ ਬਲਵਿੰਦਰ ਸਿੰਘ, ਮੋਨੂੰ ਅਜਨਾਲਾ ਆਦਿ ਹਾਜ਼ਰ ਸਨ।



## ਵਿਰਲੀਆਂ ਮਾਵਾਂ ਹੀ ਜਨਮ ਦਿੰਦੀਆਂ ਹਨ ਡਾ. ਬਲਵਿੰਦਰ ਸਿੰਘ ਛੇਹਰਟਾ ਵਰਗੇ ਨਿਰਸਵਾਰਥ ਸਿਪਾਹੀਆਂ ਨੂੰ : ਪਾਸਲਾ

**ਤਰਨਤਾਰਨ (ਪ੍ਰਿਤਪਾਲ ਸਿੰਘ)**- ਸਮਾਜ ਅੰਦਰ ਵਿਰਲੀਆਂ ਮਾਵਾਂ ਹੀ ਡਾ. ਬਲਵਿੰਦਰ ਸਿੰਘ ਛੇਹਰਟਾ ਵਰਗੇ ਨਿਰਸਵਾਰਥ, ਸਿਰੜੀ ਅਤੇ ਲਹਿਰ ਪ੍ਰਤੀ ਸਾਥੀਆਂ ਨੂੰ ਜਨਮ ਦਿੰਦੀਆਂ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਇਨਕਲਾਬੀ ਮਾਰਕਸਵਾਦੀ (ਆਰਐੱਮਪੀਆਈ) ਦੇ ਕੌਮੀ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਡਾਕਟਰ ਬਲਵਿੰਦਰ ਸਿੰਘ ਛੇਹਰਟਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਡਾਕਟਰ ਬਲਵਿੰਦਰ ਪੰਜਾਬ ਦੀ ਧਰਤੀ ਤੇ ਮਜ਼ਦੂਰਾਂ ਅਤੇ ਮਜ਼ਲੂਮਾਂ ਦੇ ਨਾਲ ਹੁੰਦੀਆਂ ਧੱਕੇਸ਼ਾਹੀਆਂ ਦੇ ਖਿਲਾਫ ਲੜਦਿਆਂ ਕਈ ਵਾਰ ਸਰਕਾਰਾਂ ਦੇ ਖਿਲਾਫ ਲੜਦਿਆਂ ਹੋਇਆਂ ਪਰਚੇ ਵੀ ਦਰਜ ਕਰਾਏ ਅਤੇ ਜੇਲ ਯਾਤਰਾਵਾਂ ਵੀ ਕੀਤੀਆਂ।ਸਾਥੀ ਪਾਸਲਾ ਨੇ ਕਿਹਾ ਕਿ ਅੱਜ ਸਾਡੇ ਕੋਲੋਂ ਡਾਕਟਰ ਬਲਵਿੰਦਰ ਸਿੰਘ ਬੇਵਕਤੀ ਮੌਤ ਨਾਲ ਜੂਝਦਾ ਹੋਇਆ ਸਦਾ ਲਈ ਵਿੱਛੜ ਗਿਆ। ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੀ ਹੋਵੇਗੀ ਕਿ ਹਾਕਮ ਸਰਕਾਰਾਂ ਦੀਆਂ ਨੀਤੀਆਂ ਖਿਲਾਫ ਇਕੱਠੇ ਹੋ ਕੇ ਸੰਘਰਸ਼ ਕਰੀਏ।ਇਸ ਮੌਕੇ ਪਾਰਟੀ ਦੇ ਸੂਬਾ ਸਕੱਤਰ ਪ੍ਰਗਟ ਸਿੰਘ ਜਾਮਾਰਾਏ ਨੇ ਆਪਣੇ ਵਿੱਛੜ ਚੁੱਕੇ ਸਾਥੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਉਨ੍ਹਾਂ ਨਾਲ ਬਿਤਾਈਆਂ ਯਾਦਾਂ ਤਾਜ਼ਾ ਕੀਤੀਆ। ਸ਼ਰਧਾਂਜਲੀ ਸਮਾਗਮ ਤੋਂ ਪਹਿਲਾਂ ਕੀਰਤਨੀ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ।ਸ਼ਰਧਾਂਜਲੀ ਸਮਾਗਮ ਨੂੰ ਵੱਖ-ਵੱਖ ਸਿਆਸੀ ਪਾਰਟੀਆਂ, ਧਾਰਮਿਕ ਜਥੇਬੰਦੀਆਂ, ਨੌਜਵਾਨ ਸਭਾਵਾਂ, ਮੁਲਾਜ਼ਮਾਂ, ਟਰੇਡ ਯੂਨੀਅਨਾਂ ਦੇ ਆਗੂਆਂ ਨੇ ਆਪਣੇ ਵਿੱਛੜ ਚੁੱਕੇ ਸਾਥੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਸ਼ਰਧਾਂਜਲੀ ਸਮਾਗਮ ਨੂੰ ਕਿਸਾਨ ਆਗੂ ਡਾਕਟਰ ਸਤਨਾਮ ਸਿੰਘ ਅਜਨਾਲਾ, ਸਾਥੀ ਮਹੀਪਾਲ ਬਠਿੰਡਾ, ਸਾਥੀ ਗੁਰਦਰਸ਼ਨ ਬੀਕਾ, ਸ਼ਮਸ਼ੇਰ ਸਿੰਘ ਨਵਾਂ ਪਿੰਡ, ਮੁਲਾਜ਼ਮਾਂ ਦੇ ਆਗੂ ਮੰਗਲ ਸਿੰਘ ਟਾਂਡਾ, ਨਰਿੰਦਰ ਨਰਿੰਦਰ ਸਿੰਘ ਪ੍ਰਧਾਨ, ਸੁਵਿੰਦਰ ਸਿੰਘ ਭੱਟੀ, ਰੇਲਵੇ ਟਰੇਡ ਯੂਨੀਅਨ ਦੇ ਆਗੂ ਕਿਰਪਾਲ ਸਿੰਘ, ਜਗਤਾਰ ਸਿੰਘ, ਕਾਂਗਰਸ ਪਾਰਟੀ ਦੇ ਆਗੂ ਡਾਕਟਰ ਰਾਜ ਕੁਮਾਰ ਵੇਰਕਾ, ਅਕਾਲੀ ਆਗੂ ਤਰਸੇਮ ਸਿੰਘ ਚੰਗਿਆੜਾ, ਸੀਪੀਆਈ ਦੇ ਆਗੂ ਬਲਵਿੰਦਰ ਸਿੰਘ ਦੁਧਾਲਾ, ਅਮੋਲਕ ਸਿੰਘ, ਨਿਰਮਲ ਸਿੰਘ ਭੋਮਾ, ਬਾਬਾ ਅਰਜਨ ਸਿੰਘ, ਆਪ ਦੇ ਸੂਬਾਈ ਆਗੂ ਜਸਕਰਨ ਸਿੰਘ ਬਦੇਸ਼ਾ, ਧਰਮਿੰਦਰ ਸਿੰਘ ਮੁਕੇਰੀਆਂ, ਭੀਮ ਐਕਸ਼ਨ ਕਮੇਟੀ ਦੇ ਆਗੂ ਨਤੀਸ਼ ਭੀਮ, ਮਨਰੇਗਾ ਵਰਕਰਜ਼ ਯੂਨੀਅਨ ਦੇ ਆਗੂ ਬਲਦੇਵ ਸਿੰਘ ਪੰਡੋਰੀ, ਦੀਪਕ ਠਾਕਰ, ਦਵਿੰਦਰ ਸੋਹਲ ਤੋਂ ਇਲਾਵਾ ਹੋਰਨਾਂ ਆਗੂਆਂ ਨੇ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ।ਸਟੇਜ ਸਕੱਤਰ ਦੇ ਫਰਜ਼ ਸਾਥੀ ਰਤਨ ਸਿੰਘ ਰੰਧਾਵਾ ਨੇ ਨਿਭਾਏ।



## ਦਸਮੇਸ਼ ਵਿੱਦਿਅਕ ਸੰਸਥਾਵਾਂ ਨੇ ਕਰਵਾਇਆ ਬੱਚਿਆਂ ਦਾ ਵਿੱਦਿਅਕ ਟੂਰ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਇਲਾਕੇ ਦੇ ਨਾਮਵਰ ਸੰਸਥਾ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅਤੇ ਦਸਮੇਸ਼ ਹੈਰੀਟੇਜ ਪਬਲਿਕ ਸਕੂਲ ਮਹਿਤਾ ਚੌਂਕ ਨੇ ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਬੱਚਿਆਂ ਦਾ ਵਿਦਿਅਕ ਟੂਰ ਲਗਵਾਇਆ ਗਿਆ। ਇਸ ਟੂਰ ਦੌਰਾਨ ਬੱਚਿਆਂ ਨੂੰ ਸਾਇੰਸ ਸਿਟੀ ਕਪੂਰਥਲਾ, ਜੰਗ-ਏ-ਆਜ਼ਾਦੀ ਕਰਤਾਰਪੁਰ ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਵਿਖੇ ਲਿਜਾਇਆ ਗਿਆ। ਸਾਇੰਸ ਸਿਟੀ ਕਪੂਰਥਲਾ ਵਿਖੇ ਬੱਚਿਆਂ ਨੇ ਸਾਇੰਸ ਅਤੇ ਟੈਕਨੋਲੋਜੀ ਬਾਰੇ ਵਿਸ਼ੇਸ਼ ਜਾਣਕਾਰੀ ਪ੍ਰਾਪਤ ਕੀਤੀ। ਜਗ-ਏ-ਆਜ਼ਾਦੀ ਕਰਤਾਰਪੁਰ ਵਿਖੇ ਬੱਚਿਆਂ ਨੂੰ ਅਧਿਆਪਕਾਂ ਦੁਆਰਾ ਆਪਣੇ ਦੇਸ਼ ਭਗਤਾਂ ਦੁਆਰਾ ਆਜ਼ਾਦੀ ਵਿੱਚ ਪਾਏ ਯੋਗਦਾਨ ਬਾਰੇ ਜਾਣੂ ਕਰਵਾਇਆ ਗਿਆ।ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਬੱਚਿਆਂ ਨੇ ਖੇਤੀਬਾੜੀ ਵਿਭਾਗ ਵਿੱਚ ਖੇਤੀਬਾੜੀ ਦੇ ਨਵੇਂ ਢੰਗ ਅਤੇ ਟੈਕਨੋਲੋਜੀ ਬਾਰੇ ਜਾਣਕਾਰੀ ਹਾਸਿਲ ਕੀਤੀ ਅਤੇ ਖੇਡ ਵਿਭਾਗ ਵਿੱਚ ਖੇਡਾਂ ਸਬੰਧੀ ਆਪਣੇ ਗਿਆਨ ਵਿੱਚ ਵਾਧਾ ਕੀਤਾ।ਸੰਸਥਾ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਇਹ ਟੂਰ ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਲਗਾਏ ਗਏ ਹਨ। ਟੂਰ 'ਤੇ ਅਧਿਆਪਕ ਅਨੂਦੀਪ ਕੌਰ, ਬਲਜੀਤ ਕੌਰ, ਹਰਪ੍ਰੀਤ ਕੌਰ, ਹੀਰਾ ਸਿੰਘ ਰੰਧਾਵਾ, ਬਲਜਿੰਦਰ ਸਿੰਘ ਵਿਦਿਆਰਥੀਆ ਨਾਲ ਗਏ।

## 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਧਾਰੀਵਾਲ ਤੋਂ ਤਿੰਨ ਬੱਸਾਂ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ

**ਗੁਰਦਾਸਪੁਰ (ਜਨਕ ਮਹਾਜਨ)**- ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਜਾ ਰਹੇ ਸਮਾਗਮਾਂ ਸਬੰਧੀ ਹਲਕਾ ਕਾਦੀਆਂ ਬਲਾਕ ਧਾਰੀਵਾਲ ਤੋਂ 3 ਬੱਸਾਂ ਸ੍ਰੀ ਅਨੰਦਪੁਰ ਸਾਹਿਬ ਤੋਂ ਗਈਆਂ। ਇਸ ਸਬੰਧੀ ਐਡਵੋਕੇਟ ਜਗਰੂਪ ਸਿੰਘ ਸੇਖਵਾਂ, ਹਲਕਾ ਇੰਚਾਰਜ ਕਾਦੀਆਂ ਵੱਲੋਂ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਵਿਖੇ ਅਰਦਾਸ ਬੇਨਤੀ ਕਰਕੇ ਸੰਗਤਾਂ ਦੇ ਜੱਥੇ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨਾਂ ਲਈ ਰਵਾਨਾ ਕੀਤੇ। ਇਸ ਮੌਕੇ ਗੱਲ ਕਰਦਿਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੰਜਾਬ ਸਰਕਾਰ ਵੱਲੋਂ 23, 24 ਅਤੇ 25 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਵੱਡੇ ਪੱਧਰ ਤੇ ਸਮਾਗਮ ਕਰਵਾਏ ਜਾ ਰਹੇ ਹਨ, ਜਿਸ ਵਿਚ ਸੰਤ-ਮਹਾਂਪੁਰਸ਼, ਵੱਖ-ਵੱਖ ਸੂਬਿਆਂ ਦੇ ਮੁੱਖ ਮੰਤਰੀ ਅਤੇ ਉੱਚ ਸ਼ਖਸੀਅਤਾਂ ਸਮਾਗਮਾਂ 'ਚ ਪਹੁੰਚ ਕੇ ਨਤਮਸਤਕ ਹੋਣਗੀਆਂ। ਉਨ੍ਹਾਂ ਸਮੂਹ ਸੰਗਤਾਂ ਨੂੰ ਪਰਿਵਾਰਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਮਾਨਵਤਾ ਦੀ ਖਾਤਰ ਆਪਣਾ ਬਲੀਦਾਨ ਦਿੱਤਾ ਸੀ ਅਤੇ ਉਨ੍ਹਾਂ ਵੱਲੋਂ ਦਿੱਤੀ ਕੁਰਬਾਨੀ ਅਤੇ ਗੁਰੂ ਜੀ ਦੇ ਵਿਚਾਰ ਅੱਜ ਵੀ ਸਾਂਝੀਵਾਲਤਾ ਦਾ ਸੁਨੇਹਾ ਦਿੰਦੇ ਹਨ।



## ਸੋਨ ਤਮਗਾ ਜੇਤੂ ਇਸ਼ਵਿੰਦਰ ਸਿੰਘ ਨੇ ਟੀ ਸੀ ਇੰਟਰਨੈਸ਼ਨਲ ਸਕੂਲ ਦਾ ਨਾਂਅ ਰੁਸ਼ਨਾਇਆ

**ਗੁਰਦਾਸਪੁਰ (ਦਿਨੇਸ਼ ਕੁਮਾਰ)** ਟੀ. ਸੀ. ਇੰਟਰਨੈਸ਼ਨਲ ਸਕੂਲ ਦੇ 7ਵੀਂ ਜਮਾਤ ਦੇ ਹੋਣਹਾਰ ਵਿਦਿਆਰਥੀ ਇਸ਼ਵਿੰਦਰ ਸਿੰਘ ਨੇ ਵੱਕਾਰੀ ਤੀਜੀ ਆਲ ਇੰਡੀਆ ਕੰਨਿਨਜ਼ੁਕੂ ਕਰਾਟੇ ਚੈਂਪੀਅਨਸ਼ਿਪ 2025 ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਸੋਨ ਤਮਗਾ ਜਿੱਤ ਕੇ ਸਕੂਲ, ਮਾਪਿਆਂ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ। ਇਹ ਨੈਸ਼ਨਲ ਲੈਵਲ ਕਰਾਟੇ ਚੈਂਪੀਅਨਸ਼ਿਪ 15 ਤੋਂ 16 ਨਵੰਬਰ 2025 ਤੱਕ ਸਟਾਲਵਰਟਸ ਵਰਲਡ ਸਕੂਲ, ਮਜੀਠਾ-ਵੇਰਕਾ ਬਾਈਪਾਸ, ਸ਼ਾਸਤਰੀ ਨਗਰ, ਅੰਮ੍ਰਿਤਸਰ (ਪੰਜਾਬ) ਵਿਖੇ ਕਰਵਾਈ ਗਈ।ਇਹ ਮੁਕਾਬਲਾ ਜਾਪਾਨ ਸ਼ੋਟੋਕਨ ਕਰਾਟੇ-ਡੋ ਕੰਨਿਨਜ਼ੁਕੂ ਸੰਸਥਾ (ਪੰਜਾਬ) ਦੁਆਰਾ ਆਯੋਜਿਤ ਕੀਤਾ ਗਿਆ ਸੀ ਅਤੇ ਭਾਰਤ ਅਤੇ ਜਾਪਾਨ ਦੀਆਂ ਕਈ ਮਾਨਤਾ ਪ੍ਰਾਪਤ ਕਰਾਟੇ ਸੰਸਥਾਵਾਂ ਨਾਲ ਜੁੜਿਆ ਹੋਇਆ ਸੀ।ਇਸ਼ਵਿੰਦਰ ਸਿੰਘ ਨੇ ਵਿਅਕਤੀਗਤ/ ਓਪਨ/ ਕਾਟਾ/ ਕੁਮੀਟ ਸਮਾਗਮਾਂ ਵਿੱਚ ਭਾਗ ਲਿਆ ਅਤੇ ਭਾਰ ਗਰੁੱਪ: 35 ਕਿਲੋ, ਉਮਰ: 12 ਸਾਲ ਪਹਿਲਾ ਸਥਾਨ ਹਾਸਲ ਕਰਕੇ ਸੋਨ ਤਮਗਾ ਹਾਸਲ ਕੀਤਾ।ਸਕੂਲ ਦੇ ਚੇਅਰਮੈਨ ਨੇ ਇਸ਼ਵਿੰਦਰ ਸਿੰਘ ਨੂੰ ਸਨਮਾਨਿਤ ਕੀਤਾ ਅਤੇ ਵਧਾਈ ਦਿੱਤੀ ਅਤੇ ਉਸਦੀ ਸ਼ਾਨਦਾਰ ਕਾਰਗੁਜ਼ਾਰੀ 'ਤੇ ਮਾਣ ਮਹਿਸੂਸ ਕੀਤਾ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਸਕੂਲ ਲਈ ਹੀ ਨਹੀਂ ਸਗੋਂ ਪੂਰੇ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ।ਚੇਅਰਮੈਨ ਨੇ ਇਸ਼ਵਿੰਦਰ ਦੇ ਮਾਤਾ-ਪਿਤਾ ਅਤੇ ਟਰੇਨਿੰਗ ਸਟਾਫ਼ ਨੂੰ ਵੀ ਵਧਾਈ ਦਿੱਤੀ ਅਤੇ ਕਿਹਾ ਕਿ ਇਸ ਕਾਮਯਾਬੀ ਵਿੱਚ ਉਨ੍ਹਾਂ ਦੀ ਮਿਹਨਤ ਅਤੇ ਮਾਰਗਦਰਸ਼ਨ ਨੇ ਅਹਿਮ ਭੂਮਿਕਾ ਨਿਭਾਈ ਹੈ।ਪ੍ਰਿੰ. ਅਤੇ ਸਕੂਲ ਸਟਾਫ਼ ਨੇ ਵੀ ਇਸ਼ਵਿੰਦਰ ਸਿੰਘ ਦੇ ਉਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਸਕੂਲ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਹਮੇਸ਼ਾ ਉਤਸ਼ਾਹਿਤ ਕਰੇਗਾ। ਟੀ. ਸੀ. ਇੰਟਰਨੈਸ਼ਨਲ ਸਕੂਲ ਪਰਿਵਾਰ ਨੂੰ ਇਸ ਹੋਣਹਾਰ ਖਿਡਾਰੀ 'ਤੇ ਬੇਹੱਦ ਮਾਣ ਹੈ।




## ਪੰਜਾਬ ਹਮੇਸ਼ਾ ਭਾਜਪਾ ਲੀਡਰਸ਼ਿਪ ਦੀਆਂ ਅੱਖਾਂ 'ਚ ਰੜਕਦਾ : ਹਰਮਿੰਦਰ ਸਿੰਘ ਗਿੱਲ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਕਾਂਗਰਸ ਪਾਰਟੀ ਦੇ ਤਰਨਤਾਰਨ ਹਲਕੇ ਤੋਂ ਇੰਚਾਰਜ ਕਰਨਬੀਰ ਸਿੰਘ ਬੁਰਜ ਨੇ ਹਲਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਅਤੇ ਲੋਕਾਂ ਨਾਲ ਨੇੜਤਾ ਵਧਾਉਣ ਅਤੇ ਮਿਸ਼ਨ 2027 ਦੀ ਤਿਆਰੀ ਲਈ ਅੱਡਾ ਝਬਾਲ ਦਾਣਾ ਮੰਡੀ ਵਿਖੇ ਕਾਂਗਰਸ ਪਾਰਟੀ ਦਾ ਦਫਤਰ ਖੋਲ੍ਹਿਆ, ਜਿਸ ਦਾ ਉਦਘਾਟਨ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਅਤੇ ਹਲਕਾ ਇੰਚਾਰਜ ਕਰਨਬੀਰ ਸਿੰਘ ਬੁਰਜ ਨੇ ਕੀਤਾ।ਇਸ ਸਮੇਂ ਗੱਲਬਾਤ ਕਰਦਿਆਂ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਕਾਂਗਰਸ ਪਾਰਟੀ 2027 ਵਿੱਚ ਵੱਡੇ ਬਹੁਮੱਤ ਨਾਲ ਸਰਕਾਰ ਬਣਾਉਣ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਕਦੇ ਵੀ ਪੰਜਾਬ ਹਿਤੈਸ਼ੀ ਨਹੀਂ ਹੋ ਸਕਦੀਆਂ ਜਿਸ ਕਰਕੇ ਪੰਜਾਬ ਦੀਆਂ ਪ੍ਰਮੁੱਖ ਸੰਸਥਾਵਾਂ 'ਤੇ ਜਬਰੀ ਕਬਜ਼ੇ ਕੀਤੇ ਜਾ ਰਹੇ, ਪ੍ਰੰਤੂ ਕਾਂਗਰਸ ਇਨ੍ਹਾਂ ਦੇ ਮਨਸੂਬੇ ਸਫਲ ਨਹੀਂ ਹੋਣ ਦੇਵੇਗੀ।ਇਸ ਸਮੇਂ ਕਰਨਬੀਰ ਸਿੰਘ ਬੁਰਜ ਨੇ ਕਿਹਾ ਕਿ ਉਹ ਹਮੇਸ਼ਾ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹਿਣਗੇ।ਇਸ ਸਮੇਂ ਮਨਜੀਤ ਸਿੰਘ ਕਾਲੇਕੇ, ਸਾਬਕਾ ਸਰਪੰਚ ਮਿਲਖਾ ਸਿੰਘ ਮੱਝੂਪੁਰ, ਇੰਦਰਜੀਤ ਸਿੰਘ ਲਾਲੀ, ਬੰਟੀ ਬਘਿਆੜੀ, ਹਰਜੀਤ ਸਿੰਘ, ਸਰਪੰਚ ਗੁਰਚਰਨ ਸਿੰਘ ਖੈਰਦੀ, ਸਾਬਕਾ ਸਰਪੰਚ ਗੁਰਪਾਲ ਸਿੰਘ ਜਗਤਪੁਰਾ, ਨੌਨਿਹਾਲ ਸਿੰਘ ਕਸੇਲ, ਅਵਤਾਰ ਸਿੰਘ ਤਾਰੀ, ਹਰਜੀਤ ਸਿੰਘ ਝਬਾਲ ਆਦਿ ਹਾਜ਼ਰ ਸਨ।



## ਕੌਮਾਂਤਰੀ ਗੀਤਾ ਮਹੋਤਸਵ ਪੁਰਬ ਮਨਾਇਆ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਕੌਮਾਂਤਰੀ ਗੀਤਾ ਮਹੋਤਸਵ ਦੇ ਪਵਿੱਤਰ ਪਰਬ ਤੇ ਕੁਰੂਕਸ਼ੇਤਰ ਵਿੱਚ ਬ੍ਰਹਮ ਸਰੋਵਰ ਦੇ ਕਿਨਾਰੇ ਤੇ ਦੇਸ਼ ਦੀ ਸੰਸਕ੍ਰਿਤਿਕ ਵਿਰਾਸਤ ਨੂੰ ਵੇਖ ਕੇ ਸੈਲਾਨੀਆਂ ਨੂੰ ਛੋਟੇ ਭਾਰਤ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਰਹੀ ਹੈ। ਵੱਖ ਵੱਖ ਰਾਜਾਂ ਦੀ ਸੰਸਕ੍ਰਿਤੀ ਨੂੰ ਇੱਕ ਥਾਂ ਤੇ ਇਕੱਠਾ ਕਰਕੇ ਆਪਣੀ ਇੱਕ ਵੱਖ ਪਛਾਣ ਬਣਾ ਚੁੱਕਾ ਹੈ। ਇਸ ਸਰੋਵਰ ਤੇ ਦੇਸ਼ ਦੇ ਵੱਖ ਵੱਖ ਰਾਜ ਦੇ ਲੋਕ ਕਲਾਕਾਰਾਂ ਨੇ ਆਪਣੇ ਆਪਣੇ ਸੂਬੇ ਦੀ ਲੋਕ ਸੰਸਕ੍ਰਿਤੀ ਨੂੰ ਪੇਸ਼ ਕੀਤਾ ਅਤੇ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਆਏ ਦਸਤਕਾਰਾਂ ਨੇ ਆਪਣੀ ਕਲਾ ਦੇ ਜ਼ਰੀਏ ਲੋਕਾਂ ਨੂੰ ਮੋਹਣ ਦਾ ਕੰਮ ਕੀਤਾ। ਇਸ ਸੰਸਕ੍ਰਿਤਿਕ ਵਿਰਾਸਤ ਤੋਂ ਰੂਬਰੂ ਹੋਣ ਅਤੇ ਪਵਿੱਤਰ ਗ੍ਰੰਥ ਗੀਤਾ ਦੀ ਨਗਰੀ ਨੂੰ ਵੇਖਣ ਲਈ ਰੋਜ਼ਾਨਾ ਵਾਧੂ ਗਿਣਤੀ ਵਿੱਚ ਸੈਲਾਨੀ ਕੁਮਾਂਤਰੀ ਗੀਤ ਮੋਹਤਸਵ ਵਿੱਚ ਪਹੁੰਚ ਰਹੇ ਹਨ।

## ਲੇਬਰ ਕੋਡ ਦੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ



**ਛੇਹਰਟਾ (ਮਨੋਜ ਕੁਮਾਰ)** : ਭੰਡਾਰੀ ਪੁਲ 'ਤੇ ਮਜ਼ਦੂਰਾਂ ਦੇ ਵਿਸ਼ਾਲ ਇਕੱਠ ਨੇ ਲੇਬਰ ਕੋਡ ਦੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ। ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਸੀਟੂ ਵੱਲੋਂ ਕਾਮਰੇਡ ਸੁੱਚਾ ਸਿੰਘ ਅਜਨਾਲਾ, ਇੰਟਕ ਵੱਲੋਂ ਸੁਰਿੰਦਰ ਕੁਮਾਰ ਤੇ ਸੀ. ਟੀ. ਯੂ. ਵੱਲੋਂ ਜਗਤਾਰ ਸਿੰਘ ਕਰਮਪੁਰਾ ਨੇ ਕੀਤੀ। ਉਨ੍ਹਾਂ ਨੇ ਕੇਂਦਰੀ ਤੇ ਸੂਬਾ ਸਰਕਾਰਾਂ ਨੂੰ ਮੁਲਾਜ਼ਮ ਵਿਰੋਧੀ ਕਰਾਰ ਦਿੱਤਾ ਅਤੇ ਦੱਸਿਆ ਕਿ 8 ਘੰਟੇ ਦੀ ਦਿਹਾੜੀ ਦੀ ਜਗ੍ਹਾ 12 ਘੰਟੇ ਦਿਹਾੜੀ ਕਰਨਾ, ਇਸਤਰੀ ਵਰਕਰਾਂ ਨੂੰ 24 ਘੰਟੇ ਕੰਮ 'ਤੇ ਰੱਖਣਾ, ਛੁੱਟੀਆਂ ਆਦਿ ਖ਼ਤਮ ਕਰਨਾ, ਠੇਕੇਦਾਰੀ ਪ੍ਰਥਾ ਨੂੰ ਪਹਿਲ ਦੇਣਾ, ਲੇਬਰ ਵਿਭਾਗ ਦੀਆਂ ਡਿਊਟੀਆਂ ਘੱਟ ਕਰਕੇ ਮਾਲਕਾਂ ਦੇ ਹੱਕਾਂ ਦੀ ਰਾਖੀ ਕਰਨਾ ਆਦਿ ਮੰਗਾਂ ਦੀ ਪ੍ਰਾਪਤੀ ਲਈ 26 ਨਵੰਬਰ ਨੂੰ ਕਿਸਾਨ ਸੰਯੁਕਤ ਮੋਰਚਾ ਵੱਲੋਂ ਚੰਡੀਗੜ੍ਹ ਵਿਖੇ ਕੀਤੇ ਜਾ ਰਹੇ ਰੋਸ ਇਕੱਠ ਵਿਚ ਮਜ਼ਦੂਰ ਵਰਕਰ ਵੱਡੀ ਗਿਣਤੀ ਵਿਚ ਸ਼ਾਮਿਲ ਹੋਣਗੇ। ਇਸ ਮੌਕੇ ਸੀਟੂ ਵੱਲੋਂ ਚਰਨਜੀਤ ਮਜੀਠਾ, ਨਰਿੰਦਰਪਾਲ ਚਮਿਆਰੀ, ਕਿਰਪਾ ਰਾਮ, ਗੁਰਦੀਪ ਸਿੰਘ ਬੁਤਾਲਾ, ਤਰਸੇਮ ਸਿੰਘ ਦਿਓਲ, ਵਾਸੂਦੇਵ, ਇੰਟਕ ਵੱਲੋਂ ਕਾਮਰੇਡ ਗੁਲਜ਼ਾਰ ਸਿੰਘ ਖਾਸਾ, ਬਿੱਟੂ ਵੇਰਕਾ, ਪੂਜਾ, ਸਰੋਜ ਬਾਲਾ, ਸੀ. ਟੀ. ਯੂ. ਤੋਂ ਇੰਦਰਪਾਲ ਸਿੰਘ, ਲਖਬੀਰ ਸਿੰਘ, ਪ੍ਰਤਾਪ ਸਿੰਘ ਆਦਿ ਸਾਥੀ ਹਾਜ਼ਰ ਸਨ।

## ਸੈਕਰਡ ਹਾਰਟ ਕਾਨਵੈਂਟ ਸਕੂਲ ਵਿਖੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਆਯੋਜਿਤ

**ਮਜੀਠਾ (ਸੋਇਮ ਆਨੰਦ)**- ਸੈਕਰਡ ਹਾਰਟ ਕਾਨਵੈਂਟ ਸਕੂਲ ਮਜੀਠਾ ਵਿਖੇ ਪ੍ਰਿੰਸੀਪਲ ਸਿਸਟਰ ਡਾ: ਵਿਲਫੀ ਦੀ ਅਗਵਾਈ ਵਿਚ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਮਹਾਨ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਕਰਾਇਆ ਗਿਆ।ਸਵੇਰ ਦੀ ਸਭਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਸਮਰਪਿਤ ਪ੍ਰਾਰਥਨਾ ਸਭਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸ਼ੁਰੂ ਹੋਈ।ਉਪਰੰਤ ਸਕੂਲੀ ਵਿਦਿਆਰਥੀਆਂ ਨੇ ਗੁਰੂ ਸਾਹਿਬ ਦੇ ਜੀਵਨ ਅਤੇ ਗੁਰੂ ਜੀ ਦੀ ਸ਼ਹਾਦਤ ਬਾਰੇ ਪ੍ਰੇਰਣਾ ਦਾਇਕ ਵਿਚਾਰ ਪੇਸ਼ ਕੀਤੇ।ਵਿਦਿਆਰਥੀਆਂ ਵੱਲੋਂ ਗੁਰੂ ਸਾਹਿਬ ਦੀ ਧਰਮ ਦੀ ਰੱਖਿਆ ਲਈ ਕੀਤੀ ਮਹਾਨ ਸ਼ਹਾਦਤ ਦੀ ਮਹੱਤਤਾ ਨੂੰ ਬਿਆਨ ਕਰਦੇ ਹੋਏ ਦੱਸਿਆ ਗਿਆ ਕਿ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸੰਦੇਸ਼, ਹਿੰਮਤ, ਸਹਿਣਸ਼ੀਲਤਾ ਅਤੇ ਮਨੁੱਖਤਾ ਦੀ ਸੇਵਾ ਅੱਜ ਵੀ ਸ਼ਮਾਜ ਲਈ ਪ੍ਰੇਰਣਾ ਦਾ ਸਰੋਤ ਹੈ।ਵਿਦਿਆਰਥੀਆਂ ਨੇ ਮਨੋਹਰ ਗੁਰਬਾਣੀ ਦਾ ਸ਼ਬਦ ਕੀਰਤਨ, ਕਵੀਸ਼ਰੀ ਅਤੇ ਧਾਰਮਿਕ ਕਵਿਤਾਵਾਂ ਗਾ ਕੇ ਆਪਣੀ ਸ਼ਰਧਾਂਜਲੀ ਅਰਪਿਤ ਕੀਤੀ।ਪ੍ਰਿੰ. ਸਿਸਟਰ ਡਾ: ਵਿਲਫੀ ਨੇ ਬੱਚਿਆਂ ਨੂੰ ਗੁਰੂ ਸਾਹਿਬ ਦੇ ਆਦਰਸ਼ਾਂ ਤੇ ਚੱਲਣ ਦੀ ਪ੍ਰੇਰਨਾ ਦਿੱਤੀ ਅਤੇ ਕਿਹਾ ਕਿ ਸੱਚ, ਹਿੰਮਤ ਅਤੇ ਸਭਨਾ ਦੇ ਪ੍ਰਤੀ ਸਤਿਕਾਰ ਜਿਹਾ ਜੀਵਣ ਜਿਊਣਾ ਹੀ ਗੁਰੂ ਜੀ ਦੀ ਅਸਲ ਵਿਚ ਯਾਦ ਮਨਾਉਣਾ ਹੈ।ਸਕੂਲ ਪ੍ਰਬੰਧਕਾਂ ਵੱਲੋਂ ਸਟਾਫ, ਵਿਦਿਆਰਥੀਆਂ ਅਤੇ ਸੰਗਤਾਂ ਵਾਸਤੇ ਚਾਹ ਪਕੌੜਿਆਂ ਦਾ ਲੰਗਰ ਵੀ ਲਗਾਇਆ ਗਿਆ।ਅਖੀਰ ਵਿਚ ਪ੍ਰਿੰਸੀਪਲ ਨੇ ਸੰਦੇਸ਼ ਦਿੱਤਾ ਕਿ ਆਓ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਪ੍ਰੇਰਨਾ ਲੈ ਕੇ ਸੱਚ, ਹਿੰਮਤ ਅਤੇ ਮਨੁੱਖਤਾ ਦੀ ਭਲਾਈ ਦੇ ਰਾਹ 'ਤੇ ਤੁਰਨ ਦਾ ਸੰਕਲਪ ਕਰੀਏ।ਸਕੂਲ ਪ੍ਰਬੰਧਕਾਂ ਅਤੇ ਸਟਾਫ ਮੈਂਬਰਾਂ ਨੇ ਗੁਰੂ ਜੀ ਦੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ ਕੀਤਾ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।




## ਮਾਤਾ ਸਾਹਿਬ ਕੌਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ 'ਚ ਮਨਾਇਆ ਸਪੋਰਟਸ ਡੇ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਮਾਤਾ ਸਾਹਿਬ ਕੌਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਪੋਰਟਸ ਡੇ ਬੜੇ ਹੀ ਉਤਸ਼ਾਹ ਅਤੇ ਧੂਮ-ਧਾਮ ਨਾਲ ਮਨਾਇਆ ਗਿਆ।ਇਸ ਖੇਡ ਸਮਾਰੋਹ ਵਿੱਚ ਪ੍ਰੀ-ਪ੍ਰਾਇਮਰੀ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ ਅਤੇ ਆਪਣੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਖੇਡ ਮੁਕਾਬਲਿਆਂ ਦੌਰਾਨ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਬੱਚਿਆਂ ਨੇ ਵੱਖ-ਵੱਖ ਖੇਡਾਂ ਜਿਵੇਂ ਕਿ ਫਰੋਗ ਰੇਸ, ਥਰੀ ਲੈਗ ਰੇਸ, ਟਗ ਆਫ ਵਾਰ (ਰੱਸਾਕਸ਼ੀ), ਸਪੂਨ ਰੇਸ, ਅੜਿਕਾ ਦੌੜ, 100 ਮੀਟਰ, 200 ਮੀਟਰ, 400 ਮੀਟਰ ਅਤੇ ਰਿਲੇਅ ਰੇਸ ਵਿੱਚ ਪੂਰੇ ਜੋਸ਼ ਨਾਲ ਭਾਗ ਲਿਆ। ਸਮੂਹ ਅਧਿਆਪਕ ਸਾਹਿਬਾਨ ਨੇ ਵੀ ਗਰਾਊਂਡ ਵਿੱਚ ਮੌਜੂਦ ਰਹਿ ਕੇ ਵਿਦਿਆਰਥੀਆਂ ਦਾ ਹੌਂਸਲਾ ਵਧਾਇਆ ਅਤੇ ਉਨ੍ਹਾਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਉਤਸ਼ਾਹਿਤ ਕੀਤਾ।ਸਮਾਗਮ ਦੇ ਅੰਤ ਵਿੱਚ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕਰਨ ਲਈ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ।ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਸੁਖਵਿੰਦਰ ਕੌਰ, ਮੈਨੇਜਿੰਗ ਡਾਇਰੈਕਟਰ ਤਜਿੰਦਰ ਸਿੰਘ, ਸੈਕਟਰੀ ਬਨਵੀਰ ਸਿੰਘ, ਕਮੇਟੀ ਮੈਂਬਰ ਮੈਡਮ ਸੰਗੀਤ ਕੌਰ ਅਤੇ ਪ੍ਰਿੰਸੀਪਲ ਨਵਜੋਤੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਉਨ੍ਹਾਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਜੇਤੂ ਰਹੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ।ਪ੍ਰਬੰਧਕੀ ਕਮੇਟੀ ਅਤੇ ਪ੍ਰਿੰਸੀਪਲ ਸਾਹਿਬਾਨ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੀ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਬਹੁਤ ਜ਼ਰੂਰੀ ਹਨ।ਉਨ੍ਹਾਂ ਨੇ ਸਮੂਹ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਖੇਡਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।



## ਰੈਵੀਨਿਊ ਪਟਵਾਰ ਯੂਨੀਅਨ ਦੇ ਨਾਰੀਕੇ ਜ਼ਿਲ੍ਹਾ ਜਨਰਲ ਸਕੱਤਰ ਤੇ ਮਹਿਰਾਜ ਜ਼ਿਲ੍ਹਾ ਖਜ਼ਾਨਚੀ ਨਿਯੁਕਤ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਦੀ ਰੈਵੀਨਿਊ ਪਟਵਾਰ ਯੂਨੀਅਨ ਨੇ ਜ਼ਿਲ੍ਹਾ ਮਾਲੇਰਕੋਟਲਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਦੁਸ਼ਯੰਤ ਸਿੰਘ ਰਾਕਾ ਦੀ ਪ੍ਰਧਾਨਗੀ ਹੇਠ ਵਿਰਾਸਤ ਹੋਟਲ ਮਾਲੇਰਕੋਟਲਾ ਵਿਖੇ ਕੀਤੀ ਗਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਦੀਦਾਰ ਸਿੰਘ ਛੋਕਰ ਮੀਤ ਪ੍ਰਧਾਨ ਪੰਜਾਬ ਤੇ ਬਹੁ-ਗਿਣਤੀ 'ਚ ਪਟਵਾਰੀ ਸਹਿਬਾਨ ਨੇ ਸ਼ਮੂਲੀਅਤ ਕੀਤੀ।ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਦੁਸ਼ਯੰਤ ਸਿੰਘ ਰਾਕਾ ਨੇ ਦੱਸਿਆ ਕਿ ਜ਼ਿਲ੍ਹਾ ਬਾਡੀ ਦੇ ਖਾਲੀ ਹੋਏ ਅਹੁਦਿਆਂ 'ਤੇ ਸਰਵਸੰਮਤੀ ਨਾਲ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ ਵਿੱਚ ਪਰਮਜੀਤ ਸਿੰਘ ਪਟਵਾਰੀ ਨੂੰ ਜ਼ਿਲ੍ਹਾ ਜਨਰਲ ਸਕੱਤਰ, ਗੁਰਿੰਦਰਜੀਤ ਸਿੰਘ ਪਟਵਾਰੀ ਨੂੰ ਜ਼ਿਲ੍ਹਾ ਖਜ਼ਾਨਚੀ ਨਿਯੁਕਤ ਕੀਤਾ ਗਿਆ। ਇਸ ਮੌਕੇ ਦੀਦਾਰ ਸਿੰਘ ਛੋਕਰ ਮੀਤ ਪ੍ਰਧਾਨ ਪੰਜਾਬ, ਜ਼ਿਲ੍ਹਾ ਪ੍ਰਧਾਨ ਦੁਸ਼ਯੰਤ ਸਿੰਘ ਰਾਕਾ ਤੇ ਹੋਰਨਾਂ ਪਟਵਾਰੀਆਂ ਨੇ ਨਵ-ਨਿਯੁਕਤ ਅਹੁਦੇਦਾਰਾਂ ਪਰਮਜੀਤ ਸਿੰਘ ਨਾਰੀਕੇ ਜ਼ਿਲ੍ਹਾ ਜਰਨਲ ਸਕੱਤਰ, ਗੁਰਿੰਦਰਜੀਤ ਸਿੰਘ ਜ਼ਿਲ੍ਹਾ ਖਜ਼ਾਨਚੀ ਨੂੰ ਮੁਬਾਰਕਬਾਦ ਦਿੰਦਿਆਂ ਉਮੀਦ ਪ੍ਰਗਟਾਈ ਕਿ ਦੋਵੇਂ ਪਟਵਾਰੀ ਸਾਥੀ ਆਪਣੇ ਅਹੁਦਿਆਂ ਅਨੁਸਾਰ ਜਥੇਬੰਦੀ ਦੀ ਚੜ੍ਹਦੀਕਲਾ ਲਈ ਕੰਮ ਕਰਨਗੇ।ਨਵ-ਨਿਯੁਕਤ ਅਹੁਦੇਦਾਰਾਂ ਨੇ ਵਿਸ਼ਵਾਸ ਦਿਵਾਇਆ ਕਿ ਜੋ ਉਨ੍ਹਾਂ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਦੁਸ਼ਯੰਤ ਸਿੰਘ ਰਾਕਾ, ਜ਼ਿਲ੍ਹਾ ਜਨਰਲ ਸਕੱਤਰ ਪਰਮਜੀਤ ਸਿੰਘ ਨਾਰੀਕੇ, ਜ਼ਿਲ੍ਹਾ ਖਜ਼ਾਨਚੀ ਗੁਰਿੰਦਰਜੀਤ ਸਿੰਘ, ਸਰਿੰਦਰ ਸਿੰਘ ਗੁੱਜਰਾਂ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ, ਸਿਮਰਨਜੀਤ ਕੌਰ, ਕਰਨ ਅਜੈਪਾਲ ਸਿੰਘ, ਅਜੈ ਪਾਲ ਸਿੰਘ, ਸੁਭਮ ਹਾਂਡਾ, ਸਾਹਿਲ ਪੰਨਵਾਰ, ਹਰਵੀਰ ਸਿੰਘ ਆਦਿਕ ਪਟਵਾਰੀ ਮੌਜੂਦ ਸਨ।

# ਗੁਰਦੁਆਰਾ ਗੋਪਾਲਸਰ ਵਿਖੇ ਬਰਸੀ ਸਮਾਗਮ ਮੌਕੇ ਧਾਰਮਿਕ ਸਮਾਗਮ ਕਰਵਾਇਆ



**ਜਗਰਾਉਂ (ਸੰਜੀਵ ਅਰੋੜਾ)**-ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਤ ਤੇ ਸੱਚਖੰਡ ਵਾਸੀ ਮਹਾਨ ਰੱਬੀ ਰੂਹ ਸੰਤ ਬਾਬਾ ਰਤਨ ਸਿੰਘ ਅਤਰਸਰ ਸਾਹਿਬ (ਰਾੜਾ ਸਾਹਿਬ) ਵਾਲਿਆਂ ਦੀ ਚੌਥੀ ਬਰਸੀ ਨੂੰ ਸਮਰਪਤ ਗੁਰਦੁਆਰਾ ਗੋਪਾਲਸਰ ਸਾਹਿਬ ਯਾਦਗਾਰ ਸ਼੍ਰੋਮਣੀ ਭਗਤ ਧੰਨਾ ਜੀ ਪਿੰਡ ਗਗੜਾ ਵਿਖੇ ਧਾਰਮਿਕ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਮਹਾਨ ਕੀਰਤਨੀਏ ਜੱਥਿਆਂ, ਕਥਾ ਵਾਚਕਾਂ ਤੋਂ ਇਲਾਵਾ ਸੰਤਾਂ-ਮਹਾਂਪੁਰਸ਼ਾਂ ਵੱਲੋਂ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ ਗਈ। ਸਮਾਗਮ ਦੌਰਾਨ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਅਮਰਜੀਤ ਸਿੰਘ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਨੌਵੇਂ ਪਾਤਸ਼ਾਹ ਜੀ ਵੱਲੋਂ ਜ਼ੁਲਮ ਦਾ ਟਾਕਰਾ ਕਰਨ ਲਈ ਮਜ਼ਲੂਮਾਂ ਨੂੰ ਜੱਥਬੰਦ ਕਰਨ ਲਈ ਸਿਰ ਧੜ ਦੀ ਬਾਜ਼ੀ ਲਗਾਈ। ਉਨ੍ਹਾਂ ਸਿੱਖ ਪੰਥ ਦੇ ਮਹਾਨ ਕੁਰਬਾਨੀਆਂ ਭਰੇ ਇਤਿਹਾਸ ਬਾਰੇ ਦਸਦਿਆਂ ਕਿਹਾ ਕਿ ਹਿੰਦ ਦੀ ਚਾਂਦਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ, ਉਹ ਮਹਾਨ ਜੋਤ ਸੀ, ਜੋ ਦਿੱਲੀ ਦੇ ਚਾਂਦਨੀ ਚੌਕ 'ਚ ਝੁੱਲਣ ਵਾਲੀ ਜ਼ੁਲਮ ਦੀ ਲਾਲ ਹਨੇਰੀ ਵਿੱਚ ਵੀ ਅਡੋਲ ਰਹੀ। ਉਨ੍ਹਾਂ ਸੰਗਤਾਂ ਨੂੰ ਅਗਿਆਨਤਾ ਦੇ ਹਨੇਰੇ ਵਿਚੋਂ ਨਿਕਲ ਦੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਚਾਨਣ ਤੋਂ ਸੇਧ ਲੈਣ ਦੀ ਅਪੀਲ ਕੀਤੀ ਗਈ। ਸਮਾਗਮ ਦੌਰਾਨ ਭਾਈ ਮਨਦੀਪ ਸਿੰਘ ਅਤਰਸਰ ਸਾਹਿਬ ਵਾਲਿਆਂ ਵੱਲੋਂ ਹਰੀ ਜਸ ਕਰਦਿਆਂ ਕੀਰਤਨ ਦੀਆਂ ਮਿੱਠੀਆਂ ਧੁਨਾਂ ਨਾਲ ਸੰਗਤਾਂ ਨੂੰ ਮੰਤਰ ਮੁਗਧ ਕੀਤਾ। ਸਮਾਗਮ ਦੌਰਾਨ ਬਾਬਾ ਪਿਆਰਾ ਸਿੰਘ ਸਿਰਥਲੇ ਵਾਲੇ, ਬਾਬਾ ਸਰਬਜੋਤ ਸਿੰਘ ਡਾਂਗੋ, ਬਾਬਾ ਜਸ਼ਨਪ੍ਰੀਤ ਸਿੰਘ ਢੋਲਣ, ਬਾਬਾ ਲਖਵੀਰ ਸਿੰਘ ਠਾਠ ਨਾਨਕਸਰ ਵੜੈਚ ਵੱਲੋਂ ਸਿੱਖ ਸੰਗਤਾਂ ਨੂੰ ਬਾਣੀ ਤੇ ਬਾਣੇ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਉਪਰੰਤ ਭਾਈ ਕਰਮਜੀਤ ਸਿੰਘ ਖਾਲਸਾ ਵੱਲੋਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਸਮਾਗਮ ਦੌਰਾਨ ਬਾਬਾ ਅਮਰਜੀਤ ਸਿੰਘ ਵੱਲੋਂ ਸਮੂਹ ਸੰਤਾਂ-ਮਹਾਂਪੁਰਸ਼ਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ ਗਿਆ। ਸਮਾਗਮ ਦੌਰਾਨ ਮੰਚ ਸੰਚਾਲਨ ਦੀ ਸੇਵਾ ਬਾਬਾ ਜਗਮੋਹਣ ਸਿੰਘ ਮਲਸੀਹਾਂ ਬਾਜਣ ਵਾਲਿਆਂ ਵੱਲੋਂ ਬਾਖੂਬੀ ਨਿਭਾਈ ਗਈ। ਸਮਾਗਮ ਦੌਰਾਨ ਖੂਨਦਾਨ ਕੈਂਪ ਵੀ ਲਗਾਇਆ ਗਿਆ, ਜਿਸ 'ਚ ਨੌਜਵਾਨਾਂ ਵੱਲੋਂ ਵੱਡੀ ਤਾਦਾਤ 'ਚ ਖੂਨ ਦਾਨ ਕੀਤਾ। ਇਸ ਮੌਕੇ ਬਾਬਾ ਜੋਬਨਪ੍ਰੀਤ ਸਿੰਘ ਖਾਲਸਾ, ਡਾ: ਕਰਮਜੀਤ ਸਿੰਘ ਦੌਧਰ, ਸੁਖਮੰਦਰ ਸਿੰਘ ਰਾਜਾ ਦੌਧਰ, ਸੱਤਾ ਭੰਮੀਪੁਰਾ, ਹਰਪ੍ਰੀਤ ਸਿੰਘ ਲੁਧਿਆਣਾ, ਗਗਨਦੀਪ ਸਿੰਘ ਕਪੂਰੇ, ਰਵਿੰਦਰ ਸਿੰਘ ਲੁਧਿਆਣਾ, ਗੁਰਪ੍ਰੀਤ ਸਿੰਘ ਜਗਰਾਉਂ ਤੇ ਜੱਸ ਸੁਧਾਰ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

## ਭਾਕਿਯੂ ਡਕੌਂਦਾ ਵੱਲੋਂ ਚੰਡੀਗੜ੍ਹ ਮੋਰਚੇ ਦੀ ਤਿਆਰੀ ਸੰਬੰਧੀ ਪਿੰਡ-ਪਿੰਡ ਮੀਟਿੰਗਾਂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ) ਦੇ ਸੂਬਾਈ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਹੇਠ 26 ਨਵੰਬਰ ਨੂੰ ਕਿਸਾਨਾਂ ਦੇ ਵੱਡੇ ਕਾਫਲੇ ਚੰਡੀਗੜ੍ਹ ਲਈ ਰਵਾਨਾ ਹੋਣਗੇ।ਜਥੇਬੰਦੀ ਦੇ ਆਗੂਆਂ ਸਤਨਾਮ ਸਿੰਘ ਮੂੰਮ, ਭਿੰਦਰ ਸਿੰਘ ਮੂੰਮ, ਬਲੌਰ ਸਿੰਘ ਨੇ ਦੱਸਿਆ ਕਿ ਮੀਟਿੰਗ ਦੇ ਫੈਸਲੇ ਮੁਤਾਬਕ ਅੱਜ ਪਿੰਡ ਮੂੰਮ, ਠੁੱਲੀਵਾਲ ਵਿੱਚ ਪ੍ਰਚਾਰ, ਫੰਡ ਮੁਹਿੰਮ ਸ਼ੁਰੂ ਕੀਤੀ ਗਈ ਹੈ, ਕਿਉਂਕਿ ਸਰਕਾਰਾਂ ਲਗਾਤਾਰ ਲੋਕ ਵਿਰੋਧੀ ਫੈਸਲੇ ਕਰ ਰਹੀਆਂ ਹਨ, ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਨੂੰ ਤੇਜ਼ ਕਰਨਾ ਸਮੇਂ ਦੀ ਮੁੱਖ ਲੋੜ ਹੈ।ਇਸ ਲਈ ਪਿੰਡਾਂ ਅੰਦਰ ਫੰਡ ਮੁਹਿੰਮ ਨੂੰ ਤੇਜ਼ ਕਰਨ ਦਾ ਸੱਦਾ ਦਿੱਤਾ ਗਿਆ।ਕਿਸਾਨ ਆਗੂਆਂ ਗੁਰਮੇਲ ਸਿੰਘ ਮੈਂਬਰ, ਦਰਸ਼ਨ ਸਿੰਘ, ਰੋਸ਼ਨ ਸਿੰਘ, ਅਜਮੇਰ ਸਿੰਘ, ਨਿਰਮਲ ਸਿੰਘ, ਜੋਗਿੰਦਰ ਸਿੰਘ ਨੇ ਕਿਹਾ ਕਿ 26 ਨਵੰਬਰ ਨੂੰ ਦਿੱਲੀ ਮੋਰਚੇ ਦੀ ਪੰਜਵੀਂ ਵਰ੍ਹੇਗੰਢ ਨੂੰ ਸਮਰਪਤ ਮੋਰਚੇ ਦੀਆਂ ਰਹਿੰਦੀਆਂ ਮੰਗਾਂ ਤੇ ਪੰਜਾਬ ਸਰਕਾਰ ਨਾਲ ਸੰਬੰਧਤ ਮੰਗਾਂ ਦੀ ਹੱਲ ਲਈ ਬਲਾਕ ਮਹਿਲ ਕਲਾਂ ਦੇ ਪਿੰਡ-ਪਿੰਡ ਤੋਂ ਕਾਫਲੇ ਚੰਡੀਗੜ੍ਹ ਵੱਲ ਕੂਚ ਕਰਨ ਲਈ ਤਿਆਰੀਆਂ ਪੂਰੇ ਜ਼ੋਰਾਂ ਸ਼ੋਰਾਂ 'ਤੇ ਚੱਲ ਰਹੀਆਂ ਹਨ।

## ਜਮਹੂਰੀ ਕਿਸਾਨ ਸਭਾ ਜ਼ਿਲ੍ਹਾ ਮਾਨਸਾ ਦੀ ਅਹਿਮ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਜਮਹੂਰੀ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਇਕਾਈ ਮਾਨਸਾ ਦੀ ਇੱਕ ਅਹਿਮ ਮੀਟਿੰਗ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਫਫੜੇ ਭਾਈ ਕੇ ਦੀ ਪ੍ਰਧਾਨਗੀ ਹੇਠ ਸਥਾਨਕ ਬਾਲ ਭਵਨ ਵਿਖੇ ਹੋਈ।ਮੀਟਿੰਗ ਦੀ ਕਾਰਵਾਈ ਪ੍ਰੈੱਸ ਦੇ ਨਾਂ ਜਾਰੀ ਕਰਦਿਆਂ ਸਕੱਤਰ ਛੱਜੂ ਰਾਮ ਰਿਸ਼ੀ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਨਵੰਬਰ ਨੂੰ ਚੰਡੀਗੜ੍ਹ ਵਿਖੇ ਕਿਸਾਨ ਮੋਰਚੇ ਦੀ ਪੰਜਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ।ਇਸ ਦੀ ਤਿਆਰੀ ਵਜੋਂ ਜਥੇਬੰਦੀ ਵੱਲੋਂ ਪਿੰਡਾਂ 'ਚ ਨੁੱਕੜ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਕਿਸਾਨੀ ਮੰਗਾਂ 'ਤੇ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ।ਮੰਗਾਂ ਸਬੰਧੀ ਗੱਲ ਕਰਦਿਆਂ ਰਿਸ਼ੀ ਨੇ ਦੱਸਿਆ ਕਿ ਦਿੱਲੀ ਮੋਰਚੇ ਦੀ ਸਮਾਪਤੀ ਸਮੇਂ ਕੇਂਦਰ ਸਰਕਾਰ ਵੱਲੋਂ ਐੱਮ ਐੱਸ ਪੀ ਦੇਣ, 2020 ਦਾ ਬਿਜਲੀ ਐਕਟ ਰੱਦ ਕਰਨ, ਆਦਿ ਕੀਤੇ ਵਾਅਦੇ ਲਾਗੂ ਕਰਵਾਉਣ ਤੋਂ ਇਲਾਵਾ ਹੜ੍ਹਾਂ ਦੌਰਾਨ ਗਈਆਂ ਮਨੁੱਖੀ ਜਾਨਾਂ, ਫਸਲਾਂ, ਘਰਾਂ ਤੇ ਮਾਲ ਡੰਗਰ ਦੇ ਹੋਏ ਨੁਕਸਾਨ ਦਾ ਢੁਕਵਾਂ ਮੁਆਵਜ਼ਾ ਦੇਣ ਆਦਿ ਨੂੰ ਮੁੱਖ ਤੌਰ 'ਤੇ ਉਭਾਰਿਆ ਜਾਵੇਗਾ।ਮੀਟਿੰਗ ਦੌਰਾਨ ਮੈਂਬਰਸ਼ਿਪ ਸ਼ੁਰੂ ਕਰਨ ਦਾ ਮਸਲਾ ਵੀ ਵਿਚਾਰਿਆ ਗਿਆ ਤੇ ਇਸ ਸਬੰਧੀ ਡਿਊਟੀਆਂ ਵੀ ਲਗਾਈਆਂ ਗਈਆਂ।

# 26 ਨੂੰ ਕਿਸਾਨ ਅੰਦੋਲਨ ਦੀ ਵਰ੍ਹੇਗੰਢ ਮੌਕੇ ਚੰਡੀਗੜ੍ਹ ਰੈਲੀ 'ਚ ਹੋਵੇਗਾ ਅਗਲੇ ਸੰਘਰਸ਼ ਦਾ ਐਲਾਨ : ਕਲੇਰ



**ਜਗਰਾਉਂ (ਨਛੱਤਰ ਸੰਧੂ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬਲਾਕ ਸਿੱਧਵਾਂ ਬੇਟ ਦੀ ਮੀਟਿੰਗ ਬਲਾਕ ਪ੍ਰਧਾਨ ਜਗਜੀਤ ਸਿੰਘ ਕਲੇਰ ਦੀ ਪਿੰਡ ਸ਼ੇਰਪੁਰ ਕਲਾਂ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਇੱਕ ਦਰਜਨ ਪਿੰਡਾਂ ਦੀਆਂ ਇਕਾਈਆਂ ਦੇ ਨੁਮਾਇੰਦਿਆਂ ਨੇ ਭਾਗ ਲਿਆ।ਇਸ ਸਮੇਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਲੀ ਕਿਸਾਨ ਸੰਘਰਸ਼ ਦੀ ਵਰ੍ਹੇਗੰਢ ਮੌਕੇ 26 ਨਵੰਬਰ ਨੂੰ ਪੂਰੇ ਦੇਸ਼ ਵਾਂਗ ਚੰਡੀਗੜ੍ਹ ਵਿਖੇ ਕੀਤੀ ਜਾ ਰਹੀ ਰੈਲੀ 'ਚ ਵੱਡੀ ਗਿਣਤੀ 'ਚ ਪੁੱਜਣ ਦਾ ਫੈਸਲਾ ਕੀਤਾ ਗਿਆ।ਮੀਟਿੰਗ ਵਿੱਚ ਜ਼ਿਲ੍ਹਾ ਮੀਤ ਪ੍ਰਧਾਨ ਇੰਦਰਜੀਤ ਸਿੰਘ ਲੋਧੀਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਬਲਾਕ ਸੱਕਤਰ ਕੁਲਵੰਤ ਸਿੰਘ ਗਾਲਿਬ ਨੇ ਦੱਸਿਆ ਕਿ ਮੀਟਿੰਗ ਵਿੱਚ ਦੇਸ਼ ਤੇ ਲੋਕ ਵਿਰੋਧੀ ਬਿਜਲੀ ਬਿਲ 2025 ਨੂੰ ਤੁਰੰਤ ਵਾਪਸ ਲੈਣ, ਪੰਜਾਬ ਦੀਆਂ ਸਰਕਾਰੀ ਜ਼ਮੀਨਾਂ ਵੇਚਣ ਦੀ ਤਜਵੀਜ਼ ਰੱਦ ਕਰਨ, ਕੇਂਦਰ ਸਰਕਾਰ ਵੱਲੋਂ ਸਰਦ ਰੁੱਤ ਸੈਸ਼ਨ 'ਚ ਚੰਡੀਗੜ੍ਹ ਪੱਕੇ ਤੌਰ 'ਤੇ ਖੋਹਣ ਲਈ ਲਿਆਂਦੀ ਜਾ ਰਹੀ ਸੋਧ ਰੱਦ ਕਰਨ, ਪੰਜਾਬ ਯੂਨੀਵਰਸਿਟੀ ਵਿਦਿਆਰਥੀਆਂ ਦੇ ਘੋਲ ਦੀ ਹਮਾਇਤ ਕਰਨ ਤੇ ਸੈਨੇਟ ਚੋਣਾਂ ਦਾ ਐਲਾਨ ਕਰਨ, ਪੰਜਾਬ ਸਰਕਾਰ ਵੱਲੋਂ ਰੋਕੀ ਹੋਈ ਨਵੀਂ ਖੇਤੀ ਨੀਤੀ ਜਾਰੀ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ। ਮੀਟਿੰਗ ਵਿੱਚ ਕੇਂਦਰ ਸਰਕਾਰ ਵੱਲੋਂ ਦੇਸ ਦੀ ਮਜ਼ਦੂਰ ਜਮਾਤ ਦੇ ਲੰਮੇ ਵਿਰੋਧ ਦੇ ਬਾਵਜੂਦ ਮਜ਼ਦੂਰ ਵਿਰੋਧੀ ਘਾਤਕ ਕਿਰਤ ਕੋਡ ਲਾਗੂ ਕਰਨ ਦੀ ਵੀ ਸਖ਼ਤ ਨਿੰਦਾ ਕਰਦਿਆਂ ਮਜ਼ਦੂਰ ਸੰਗਠਨਾਂ ਦੇ ਸੰਘਰਸ਼ ਦੀ ਹਮਾਇਤ ਦਾ ਐਲਾਨ ਕੀਤਾ ਗਿਆ।ਇਸ ਸਮੇਂ ਪੰਜਾਬ ਸਰਕਾਰ ਤੋਂ ਸੂਬੇ ਦੀਆਂ ਅਨਾਜ ਮੰਡੀਆਂ ਵਿੱਚ ਵਿਕਣ ਲਈ ਪਏ ਝੋਨੇ ਦੀ ਰੋਕੀ ਖਰੀਦ ਤੁਰੰਤ ਬਹਾਲ ਕਰਨ ਦੀ ਮੰਗ ਕੀਤੀ ਹੈ।

ਉਨ੍ਹਾਂ ਦੱਸਿਆ ਕਿ 24 ਨਵੰਬਰ ਨੂੰ ਇਨ੍ਹਾਂ ਦੋਹਾਂ ਮਸਲਿਆਂ ਨੂੰ ਲੈ ਕੇ ਏ ਡੀ ਸੀ ਜਗਰਾਉਂ ਨੂੰ ਕਿਸਾਨਾਂ ਦਾ ਵੱਡਾ ਵਫ਼ਦ ਮਿਲੇਗਾ।ਮੀਟਿੰਗ ਵਿੱਚ ਸੰਘੀ ਗੁੰਡਿਆਂ ਵੱਲੋਂ ਜਮਹੂਰੀ ਅਧਿਕਾਰ ਸਭਾ ਦੀ ਆਗੂ, ਸਾਬਕਾ ਵਿਦਿਆਰਥੀ ਆਗੂ ਐਡਵੋਕੇਟ ਅਮਨਦੀਪ ਕੌਰ ਨੂੰ ਧਮਕੀਆਂ ਦੇਣ ਦੀ ਵੀ ਸਖ਼ਤ ਨਿੰਦਾ ਕੀਤੀ ਗਈ।

## ਸੇਵਾ ਕੇਂਦਰਾਂ 'ਚ ਆਰ ਟੀ ਏ ਨਾਲ ਸੰਬੰਧਤ ਅਰਜ਼ੀਆਂ ਦੀ ਪ੍ਰਕਿਰਿਆ ਸ਼ੁਰੂ : ਡੀ ਸੀ

### ਹੁਣ ਤੱਕ ਲਗਭਗ 200 ਤੋਂ ਵੱਧ ਅਰਜ਼ੀਆਂ ਜਮ੍ਹਾਂ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਟਰਾਂਸਪੋਰਟ ਵਿਭਾਗ ਦੀਆਂ ਸਾਰੀਆਂ ਮੁੱਖ ਸੇਵਾਵਾਂ ਨੂੰ ਹੁਣ ਸੇਵਾ ਕੇਂਦਰਾਂ ਰਾਹੀਂ ਸ਼ੁਰੂ ਕਰ ਦਿੱਤਾ ਗਿਆ ਹੈ।ਇਸ ਲੜੀ ਤਹਿਤ ਹੁਣ ਸੇਵਾ ਕੇਂਦਰਾਂ 'ਤੇ ਡਰਾਈਵਿੰਗ ਲਾਇਸੰਸ, ਆਰ. ਸੀ., ਪਰਮਿਟ ਆਦਿ ਨਾਲ ਸਬੰਧਤ ਆਰ.ਟੀ.ਏ. ਦੀਆਂ ਅਹਿਮ ਸੇਵਾਵਾਂ ਲਈ ਆਨ-ਲਾਈਨ ਅਰਜ਼ੀ ਭੇਜਣ ਦੀ ਸਹੂਲਤ ਮੁਹੱਈਆ ਕਰਵਾ ਦਿੱਤੀ ਗਈ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੇਵਾ ਕੇਂਦਰਾਂ 'ਤੇ ਆਰ.ਟੀ.ਏ. ਦਫਤਰ ਦੀਆਂ 28 ਕਿਸਮਾਂ ਦੀਆਂ ਸੇਵਾਵਾਂ ਤੋਂ ਇਲਾਵਾ ਹੋਰ ਵਿਭਾਗਾਂ ਦੀਆਂ 500 ਤੋਂ ਵੱਧ ਸੇਵਾਵਾਂ ਇੱਕ ਥਾਂ ਉਪਲਬਧ ਹਨ। ਇਸ ਪ੍ਰਕਿਰਿਆ ਨਾਲ ਆਮ ਲੋਕਾਂ ਲਈ ਅਰਜ਼ੀ ਦੇਣਾ ਕਾਫ਼ੀ ਆਸਾਨ ਹੋ ਗਿਆ ਹੈ।ਬਿਨੈਕਾਰ ਸੇਵਾ ਕੇਂਦਰ ਵਿੱਚ ਜਾ ਕੇ ਜਾਂ ਘਰ ਬੈਠੇ ਵੀ ਟੋਲ ਫਰੀ ਨੰਬਰ 1076 'ਤੇ ਕਾਲ ਕਰਕੇ ਸਹਾਇਤਾ ਪ੍ਰਾਪਤ ਕਰ ਸਕਦੇ ਹਨ।ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਮੈਨੇਜਰ ਰਾਜਵੀਰ ਸਿੰਘ ਨੇ ਦੱਸਿਆ ਕਿ ਹੁਣ ਤੱਕ ਸੇਵਾ ਕੇਂਦਰਾਂ 'ਚ ਆਰ.ਟੀ.ਏ. ਸੇਵਾਵਾਂ ਲਈ ਲਗਭਗ 200 ਤੋਂ ਵੱਧ ਅਰਜ਼ੀਆਂ ਜਮ੍ਹਾਂ ਹੋ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਬਿਨੈਕਾਰ ਨੂੰ ਅਰਜ਼ੀ ਦੀ ਸਥਿਤੀ ਬਾਰੇ ਜਾਣਕਾਰੀ ਮੋਬਾਇਲ ਦੇ ਸੁਨੇਹੇ ਰਾਹੀਂ ਪ੍ਰਾਪਤ ਹੋ ਜਾਵੇਗੀ।ਉਨ੍ਹਾਂ ਦੱਸਿਆ ਕਿ ਜੇਕਰ ਸੇਵਾ ਕੇਂਦਰ ਤੋਂ ਬਿਨੈਕਾਰ ਨਾਲ ਕੋਈ ਦਸਤਾਵੇਜ਼ ਅਪਲੋਡ ਕਰਨ ਜਾਂ ਹੋਰ ਜਾਣਕਾਰੀ ਲਈ ਰਾਬਤਾ ਕਾਇਮ ਕਰਨਾ ਹੋਵੇ ਤਾਂ ਉਸ ਨੂੰ ਸਮੇਂ-ਸਮੇਂ 'ਤੇ ਦੱਸਿਆ ਜਾਵੇਗਾ।

## ਸੱਤਿਆ ਭਾਰਤੀ ਸਕੂਲ ਵੱਲੋਂ ਰੰਗ-ਤਰੰਗ ਪ੍ਰੋਗਰਾਮ



**ਸਮਰਾਲਾ (ਸੁਰਜੀਤ ਸਿੰਘ)**-ਸੱਤਿਆ ਭਾਰਤੀ ਸਕੂਲ ਪਿੰਡ ਮਾਦਪੁਰ 'ਚ ਰੰਗ ਤਰੰਗ ਪ੍ਰੋਗਰਾਮ ਦਾ ਆਯੋਜਨ ਕਲਸਟਰ ਲੈਵਲ 'ਤੇ ਕੀਤਾ ਗਿਆ, ਜਿਸ ਵਿੱਚ ਬਿਸ਼ਨਪੁਰਾ, ਗੋਬਿੰਦਪੁਰਾ, ਹਰਨਾਮਪੁਰਾ, ਲਲੌਰੀ ਕਲਾਂ, ਮਾਦਪੁਰ, ਪ੍ਰਿਥੀਪੁਰ ਸਕੂਲ ਦੇ ਬੱਚਿਆਂ ਨੇ ਇੰਗਲਿਸ਼ ਕੁਇਜ਼ ਤੇ ਡਰਾਇੰਗ ਮੁਕਾਬਲੇ 'ਚ ਭਾਗ ਲਿਆ।ਇਸ ਤੋਂ ਇਲਾਵਾ ਸਕੂਲ ਦੇ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਵਿੱਚ ਵੱਖ-ਵੱਖ ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਦੇ ਹੋਏ ਨਾਟਕ ਪੇਸ਼ ਕੀਤੇ।ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।ਇਸ ਪ੍ਰੋਗਰਾਮ ਦੌਰਾਨ ਸਕੂਲ ਵਿੱਚ ਮੁੱਖ ਮਹਿਮਾਨ ਪ੍ਰੋ. ਡਾ. ਕੁਲਵਿੰਦਰ ਕੌਰ ਮਾਲਵਾ ਕਾਲਜ ਸਮਰਾਲਾ, ਮੈਡਮ ਪਵਨਦੀਪ ਕੌਰ ਤੇ ਪਿੰਡ ਦੇ ਪੰਚਾਇਤ ਮੈਂਬਰ ਸਵਰਨ ਸਿੰਘ, ਪਰਵੀਨ ਸਿੰਘ ਮਨੀਲਾ ਤੇ ਬੱਚਿਆਂ ਦੇ ਮਾਤਾ-ਪਿਤਾ ਤੋਂ ਇਲਾਵਾ ਕਲਸਟਰ ਹੈੱਡ ਮਾਸਟਰ ਅਰੁਣ ਚੌਧਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਸਕੂਲ ਦੇ ਮੁੱਖ ਅਧਿਆਪਕ ਸਤਵੀਰ ਕੌਰ ਸੇਖੋਂ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ।ਇਸ ਤੋਂ ਇਲਾਵਾ ਹਰਮੇਸ਼ ਕੁਮਾਰੀ, ਹਰਪ੍ਰੀਤ ਕੌਰ, ਰਮਨਦੀਪ ਕੌਰ, ਚਰਨਜੀਤ ਕੌਰ, ਸਰਬਜੀਤ ਕੌਰ ਤੇ ਬਾਕੀ ਸਕੂਲਾਂ ਦੇ ਹੈੱਡ ਟੀਚਰ ਪਵਨਦੀਪ ਕੌਰ, ਜਤਿੰਦਰਪਾਲ ਸਿੰਘ, ਮਨਪ੍ਰੀਤ ਕੌਰ, ਹਰਜਿੰਦਰ ਕੌਰ ਤੇ ਸੁਖਦੀਪ ਕੌਰ ਸ਼ਾਮਲ ਸਨ।

## ਬਠਿੰਡਾ ਪ੍ਰੀਮੀਅਰ ਲੀਗ ਲਈ ਖਿਡਾਰੀ 26 ਤੱਕ ਅਰਜ਼ੀਆਂ ਜਮ੍ਹਾਂ ਕਰਵਾਉਣ : ਮੇਅਰ ਮਹਿਤਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਆਪ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਹਿੱਸੇ ਵਜੋਂ ਬਠਿੰਡਾ ਨਗਰ ਨਿਗਮ ਦੇ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਵੱਲੋਂ ਕੀਤੇ ਜਾ ਰਹੇ ਇਤਿਹਾਸਕ ਕ੍ਰਿਕਟ ਮੈਗਾ-ਈਵੈਂਟ 'ਬਠਿੰਡਾ ਪ੍ਰੀਮੀਅਰ ਲੀਗ' ਵਿੱਚ ਬਠਿੰਡਾ ਦੇ ਸਾਰੇ 50 ਵਾਰਡ ਆਹਮੋ-ਸਾਹਮਣੇ ਹੋਣਗੇ।28 ਦਸੰਬਰ ਨੂੰ ਇਤਿਹਾਸਕ 'ਬਠਿੰਡਾ ਪ੍ਰੀਮੀਅਰ ਲੀਗ' ਦਾ ਵੱਡੇ ਪੱਧਰ 'ਤੇ ਸ਼ੁਭ ਆਰੰਭ ਹੋਵੇਗਾ।ਮੇਅਰ ਪਦਮਜੀਤ ਸਿੰਘ ਮਹਿਤਾ ਨੇ ਦੱਸਿਆ ਕਿ ਬਠਿੰਡਾ ਮਹਾਂਨਗਰ ਦੇ ਸਾਰੇ 50 ਵਾਰਡਾਂ ਦੇ ਕ੍ਰਿਕਟ ਖਿਡਾਰੀ ਇਸ ਮੈਗਾ-ਈਵੈਂਟ ਵਿੱਚ ਹਿੱਸਾ ਲੈ ਸਕਦੇ ਹਨ।ਉਨ੍ਹਾਂ ਦੱਸਿਆ ਕਿ ਦਿਲਚਸਪੀ ਰੱਖਣ ਵਾਲੇ ਖਿਡਾਰੀ 26 ਨਵੰਬਰ ਬੁੱਧਵਾਰ ਸ਼ਾਮ 5 ਵਜੇ ਤੱਕ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ 26 ਨਵੰਬਰ ਨੂੰ ਸ਼ਾਮ 5 ਵਜੇ ਤੋਂ ਬਾਅਦ ਪ੍ਰਾਪਤ ਅਰਜ਼ੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ ਤੇ ਅਵੈਧ ਹੋਣਗੀਆਂ।ਮੇਅਰ ਮਹਿਤਾ ਨੇ ਸਾਰੇ 50 ਵਾਰਡਾਂ ਦੇ ਕ੍ਰਿਕਟ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਉਹ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਹਿੱਸੇ ਵਜੋਂ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਆਯੋਜਿਤ ਕੀਤੀ ਜਾ ਰਹੀ 'ਬਠਿੰਡਾ ਪ੍ਰੀਮੀਅਰ ਲੀਗ' ਵਿੱਚ ਆਪਣੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਸਮੇਂ ਸਿਰ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਵਾਉਣ।

## ਵਿਧਾਇਕਾ ਡਾ. ਅਰੋੜਾ ਨੇ ਥੰਮਣ ਵਾਲਾ ਤੇ ਮੰਗੇਵਾਲਾ 'ਚ ਅਤਿ-ਆਧੁਨਿਕ ਖੇਡ ਮੈਦਾਨਾਂ ਦੇ ਨੀਂਹ ਪੱਥਰ ਰੱਖੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਨੌਜਵਾਨਾਂ ਦੇ ਬਿਹਤਰ ਭਵਿੱਖ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਯਤਨ ਕਰ ਰਹੀ ਹੈ। ਇਸ ਪਹਿਲਕਦਮੀ ਦੇ ਹਿੱਸੇ ਵਜੋਂ, ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਮੋਗਾ ਹਲਕੇ ਦੇ ਪਿੰਡ ਥੰਮਣ ਵਾਲਾ 33 ਲੱਖ 34 ਹਜ਼ਾਰ ਰੁਪਏ ਤੇ ਪਿੰਡ ਮੰਗੇਵਾਲਾ ਵਿੱਚ 11 ਲੱਖ 25 ਹਜ਼ਾਰ ਰੁਪਏ ਦੀ ਲਾਗਤ ਨਾਲ ਬਣਾਏ ਜਾ ਰਹੇ ਅਤਿ-ਆਧੁਨਿਕ ਖੇਡ ਮੈਦਾਨਾਂ ਦਾ ਨੀਂਹ ਪੱਥਰ ਰੱਖਿਆ।ਇਸ ਮੌਕੇ ਸਰਪੰਚ ਇਕਬਾਲ ਸਿੰਘ ਥੰਮਣ ਵਾਲਾ, ਸਰਪੰਚ ਹਰਪ੍ਰੀਤ ਸਿੰਘ ਮੰਗੇਵਾਲਾ, ਗ੍ਰਾਮ ਪੰਚਾਇਤ, ਪਿੰਡ ਵਾਸੀ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਮੌਜੂਦ ਸਨ।ਇਸ ਤੋਂ ਪਹਿਲਾਂ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੇ ਥੰਮਣ ਵਾਲਾ ਤੇ ਮੰਗੇਵਾਲਾ ਪਿੰਡਾਂ ਵਿੱਚ ਪਹੁੰਚਣ 'ਤੇ ਪਿੰਡ ਵਾਸੀਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਥੰਮਣ ਵਾਲਾ ਤੇ ਮੰਗੇਵਾਲਾ ਵਿੱਚ ਬਣਾਏ ਜਾ ਰਹੇ ਅਤਿ-ਆਧੁਨਿਕ ਖੇਡ ਮੈਦਾਨ ਨੌਜਵਾਨਾਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਤੇ ਉਨ੍ਹਾਂ ਦੇ ਹੁਨਰ ਨੂੰ ਨਿਖਾਰਨ ਵੱਲ ਇੱਕ ਵੱਡਾ ਕਦਮ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਨੇ ਪਿੰਡਾਂ ਨੂੰ ਮਹੱਤਵਪੂਰਨ ਗ੍ਰਾਂਟਾਂ ਜਾਰੀ ਕੀਤੀਆਂ ਹਨ, ਜਿਸ ਦੇ ਨਤੀਜੇ ਵਜੋਂ ਵਿਕਾਸ ਕਾਰਜ ਜਾਰੀ ਹਨ।ਉਨ੍ਹਾਂ ਦੋਵਾਂ ਪਿੰਡਾਂ ਦੇ ਸਰਪੰਚਾਂ, ਗੁਰਪ੍ਰੀਤ ਸਿੰਘ, ਸਰਪੰਚ ਇਕਬਾਲ ਸਿੰਘ ਤੇ ਗ੍ਰਾਮ ਪੰਚਾਇਤ ਦਾ ਉਨ੍ਹਾਂ ਨੂੰ ਦਿੱਤੇ ਗਏ ਸਨਮਾਨ ਤੇ ਸਤਿਕਾਰ ਲਈ ਧੰਨਵਾਦ ਕੀਤਾ।

## ਬਾਬਾ ਖਾਟੂ ਸ਼ਿਆਮ ਦਾ ਕੀਰਤਨ ਕਰਵਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਦੁਸਹਿਰਾ ਮੈਦਾਨ ਵਿੱਚ ਖਾਟੂ ਸ਼ਿਆਮ ਪਰਵਾਰ ਵੱਲੋਂ ਕੀਰਤਨ ਕਰਵਾਇਆ ਗਿਆ, ਜਿਸ ਵਿੱਚ ਭਾਰੀ ਗਿਣਤੀ ਸ਼ਰਧਾਲੂਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਪ੍ਰਸਿੱਧ ਭਜਨ ਗਾਇਕਾ ਦੀਦੀ ਓਮਾ ਲਹਿਰ ਜੈਪੁਰ ਵਾਲੇ ਤੇ ਇੰਦਰਜੀਤ ਪਰਿਹਾਰ ਨੇ ਬਾਬਾ ਖਾਟੂ ਸ਼ਿਆਮ ਜੀ ਦੀ ਮਹਿਮਾ ਦਾ ਗੁਣਗਾਣ ਕੀਤਾ। ਇਨ੍ਹਾਂ ਵੱਲੋਂ ਪੇਸ਼ ਕੀਤੇ ਭਜਨਾਂ 'ਤੇ ਸ਼ਰਧਾਲੂ ਝੂਮ ਉੱਠੇ। 'ਹਾਰੇ ਕਾ ਸਹਾਰਾ ਬਾਬਾ ਸ਼ਿਆਮ ਹਮਾਰਾ' ਭਜਨ ਨੇ ਪੰਡਾਲ ਵਿੱਚ ਬੈਠੇ ਸ਼ਰਧਾਲੂਆਂ ਨੂੰ ਮੰਤਰ ਮੁਗਧ ਕਰ ਦਿੱਤਾ। ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਿੰਦਰ ਬਾਂਸਲ, ਸਰਵਹਿੱਤਕਾਰੀ ਸਭਾ ਦੇ ਚੇਅਰਮੈਨ ਅਸ਼ੋਕ ਸੂਦ, ਦਲਵੀਰ ਸਿੰਘ ਕੰਗ, ਹਰਚੰਦ ਸਿੰਘ ਪੀ.ਏ., ਨੰਦ ਕਿਸ਼ੋਰ, ਠੇਕੇਦਾਰ ਚਿਰਾਗ ਬਾਂਸਲ, ਅਜੈ ਬਾਂਸਲ, ਨੀਟਾ ਬਾਂਸਲ, ਡਿੰਪਲ ਸਪਰਾ, ਹਰੀਸ਼ ਨਾਗਪਾਲ, ਅਸ਼ਵਨੀ ਸਿੰਗਲਾ, ਰਿਸ਼ਭ ਕੁਮਾਰ, ਵਿੱਕੀ ਕਪੂਰ, ਸੰਨੀ ਸੂਦ, ਸੰਨੀ ਓਹਰੀ ਮੌਜੂਦ ਸਨ। ਪ੍ਰਬੰਧਕ ਰੋਕੀ ਬਾਂਸਲ ਨੇ ਆਏ ਸ਼ਰਧਾਲੂਆਂ ਤੇ ਮੁੱਖ ਮਹਿਮਾਨਾਂ ਦਾ ਧੰਨਵਾਦ ਪ੍ਰਗਟਾਇਆ।

## ਪਲੇਸਮੈਂਟ ਕੈਂਪ 27 ਨੂੰ

**ਸੰਗਰੂਰ (ਪ੍ਰਵੀਨ ਸਿੰਘ)**

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਸੰਗਰੂਰ ਵੱਲੋਂ ਪੁਖਰਾਜ ਹੈਲਥ ਕੇਅਰ ਪ੍ਰਾਈਵੇਟ ਲਿਮਿਟਡ ਤੇ ਭਾਰਤ ਫਾਈਨਾਂਸ਼ੀਅਲ ਇੰਕਲੂਸ਼ਨ ਲਿਮਿਟਡ ਕੰਪਨੀਆਂ ਨਾਲ ਤਾਲਮੇਲ ਕਰਕੇ 27 ਨਵੰਬਰ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਦਫ਼ਤਰ ਵਿਖੇ ਇੱਕ ਪਲੇਸਮੈਂਟ ਕੈਂਪ ਲਾਇਆ ਜਾ ਰਿਹਾ ਹੈ।ਪੁਖਰਾਜ ਕੰਪਨੀ ਵੱਲੋਂ ਵੈਲਨੇਸ ਅਡਵਾਈਜਰ, ਸੀਨੀਅਰ ਵੈਲਨੇਸ ਅਡਵਾਈਜ਼ਰ ਤੇ ਟ੍ਰੇਨਰ (ਕੇਵਲ ਲੜਕੀਆਂ ਲਈ) ਤੇ ਭਾਰਤ ਫਾਈਨੈਂਸ਼ਲ ਕੰਪਨੀ ਵੱਲੋਂ ਕਸਟਮਰ ਰੇਟੇਸ਼ਨ ਅਫਸਰ ਟ੍ਰੇਨੀ, ਫੀਲਡ ਵਰਕ (ਕੇਵਲ ਲੜਕੇ) ਦੀ ਅਸਾਮੀਆਂ ਲਈ ਇੰਟਰਵਿਊ ਲਈ ਜਾਵੇਗੀ, ਜਿਸ ਲਈ ਪ੍ਰਾਰਥੀ ਦੀ ਵਿੱਦਿਅਕ ਯੋਗਤਾ 10ਵੀਂ, 12ਵੀਂ, ਗ੍ਰੈਜੂਏਟ ਪਾਸ ਹੋਣੀ ਚਾਹੀਦੀ ਹੈ।ਇਸ ਤੋਂ ਇਲਾਵਾ ਉਮਰ 18 ਤੋਂ 27 ਸਾਲ ਹੋਣੀ ਚਾਹੀਦੀ ਹੈ।

ਚਾਹਵਾਨ ਤੇ ਯੋਗ ਪ੍ਰਾਰਥੀ ਰਜਿਊਮ ਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ 'ਚ ਭਾਗ ਲੈ ਸਕਦੇ ਹਨ।ਇੰਟਰਵਿਊ 'ਚ ਭਾਗ ਲੈਣ ਲਈ ਕੋਈ ਵੀ ਟੀ.ਏ ਤੇ ਡੀ.ਏ ਦੇਣ ਯੋਗ ਨਹੀਂ ਹੋਵੇਗਾ।

# ਜ਼ਿਲ੍ਹਾ ਫਿਰੋਜ਼ਪੁਰ 'ਚ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਮਹਾਂ-ਅਭਿਆਨ

### ਪੁਲਸ ਅਧਿਕਾਰੀ ਖ਼ੁਦ ਰਾਤ ਭਰ ਕਰ ਰਹੇ ਹਨ ਨਾਕਿਆਂ ਦਾ ਨਿਰੀਖਣ



**ਫ਼ਿਰੋਜ਼ਪੁਰ (ਗੁਰਬਚਨ ਸਿੰਘ, ਐਲਿਗਜੈਂਡਰ ਡਿਸੂਜਾ)**-ਜ਼ਿਲ੍ਹਾ ਫਿਰੋਜ਼ਪੁਰ ਵਿੱਚ ਕਾਨੂੰਨ ਵਿਵਸਥਾ ਨੂੰ ਮਜ਼ਬੂਤ ? ?ਕਰਨ ਤੇ ਸਮਾਜ ਵਿਰੋਧੀ ਗਤੀਵਿਧੀਆਂ 'ਤੇ ਨਕੇਲ ਕੱਸਣ ਲਈ ਪੰਜਾਬ ਪੁਲਸ ਵੱਲੋਂ ਇੱਕ ਵਿਸ਼ਾਲ ਤੇ ਸਖ਼ਤ ਮੁਹਿੰਮ ਸ਼ੁਰੂ ਕੀਤੀ ਗਈ ਹੈ।ਜ਼ਿਲ੍ਹੇ ਦੇ ਸੀਨੀਅਰ ਕਪਤਾਨ ਪੁਲਸ ਭੁਪਿੰਦਰ ਸਿੰਘ ਸਿੱਧੂ ਦੇ ਸਿੱਧੇ ਨਿਰਦੇਸ਼ਾਂ ਹੇਠ ਸਮੁੱਚੇ ਜ਼ਿਲ੍ਹੇ ਵਿੱਚ ਪੁਲਸ ਦੀ ਵਿਸ਼ੇਸ਼ ਨਾਕਾਬੰਦੀ ਤੇ ਗਸ਼ਤ ਜਾਰੀ ਹੈ।ਇਸ ਕਾਰਵਾਈ ਦਾ ਮੁੱਖ ਉਦੇਸ਼ ਇਲਾਕੇ ਵਿੱਚ ਅਮਨ-ਸ਼ਾਂਤੀ ਬਣਾ ਕੇ ਰੱਖਣਾ ਤੇ ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹੋਂ ਖ਼ਤਮ ਕਰਨਾ ਹੈ।ਪੁਲਸ ਦੀ ਇਸ ਮੁਸਤੈਦੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜ਼ਿਲ੍ਹੇ ਦੇ ਸੀਨੀਅਰ ਪੁਲਸ ਅਧਿਕਾਰੀ, ਜਿਨ੍ਹਾਂ ਵਿੱਚ ਖ਼ੁਦ ਜ਼ਿਲ੍ਹਾ ਪੁਲਸ ਮੁਖੀ ਦੇ ਨਾਲ-ਨਾਲ ਐੱਸ ਪੀ ਤੇ ਡੀ ਐੱਸ ਪੀ ਰੈਂਕ ਦੇ ਅਧਿਕਾਰੀ ਸ਼ਾਮਲ ਹਨ, ਉਹ ਸਾਰੀ ਰਾਤ ਖ਼ੁਦ ਪੁਲਸ ਨਾਕਿਆਂ ਦਾ ਜਾਇਜ਼ਾ ਲੈ ਰਹੇ ਹਨ ਅਤੇ ਫੀਲਡ ਵਿੱਚ ਤਾਇਨਾਤ ਜਵਾਨਾਂ ਦਾ ਮਾਰਗਦਰਸ਼ਨ ਕਰ ਰਹੇ ਹਨ।ਇਸੇ ਤਰ੍ਹਾਂ ਦੀ ਨਿਗਰਾਨੀ ਇਹ ਯਕੀਨੀ ਬਣਾਉਂਦੀ ਹੈ ਕਿ ਚੈਕਿੰਗ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਨਾ ਵਰਤੀ ਜਾਵੇ।ਨਾਕਾਬੰਦੀ ਦੌਰਾਨ ਆਉਂਦੇ-ਜਾਂਦੇ ਹਰ ਸ਼ੱਕੀ ਵਾਹਨ ਤੇ ਵਿਅਕਤੀ ਦੀ ਗੰਭੀਰਤਾ ਨਾਲ ਤਲਾਸ਼ੀ ਲਈ ਜਾ ਰਹੀ ਹੈ।ਪੁਲਸ ਦਾ ਮਕਸਦ ਸਪੱਸ਼ਟ ਹੈ ਕਿ ਕਿਸੇ ਵੀ ਅਣਚਾਹੀ ਗਤੀਵਿਧੀ ਨੂੰ ਜ਼ਿਲ੍ਹੇ ਦੀ ਹੱਦ ਅੰਦਰ ਦਾਖ਼ਲ ਨਹੀਂ ਹੋਣ ਦੇਣਾ।

ਸਮਾਜ ਵਿਰੋਧੀ ਅਨਸਰਾਂ 'ਤੇ ਸ਼ਿਕੰਜਾ ਕੱਸਣ ਲਈ, ਐੱਸ. ਐੱਸ. ਪੀ. ਸਿੱਧੂ ਨੇ ਜ਼ਿਲ੍ਹੇ ਦੇ ਸਮੂਹ ਥਾਣਿਆਂ ਦੇ ਐੱਸ. ਐੱਚ. ਓਜ਼. ਨੂੰ ਸਖ਼ਤ ਹੁਕਮ ਦਿੱਤੇ ਹਨ ਕਿ ਉਹ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ 24 ਘੰਟੇ ਪੁਲਸ ਪੈਟਰੋਲਿੰਗ ਜਾਰੀ ਰੱਖਣ।ਇਸ ਨਾਲ ਅਪਰਾਧੀਆਂ ਨੂੰ ਲੁਕਣ ਜਾਂ ਕੋਈ ਵੀ ਵਾਰਦਾਤ ਕਰਨ ਦਾ ਮੌਕਾ ਨਹੀਂ ਮਿਲੇਗਾ।ਐੱਸ ਐੱਸ ਪੀ ਨੇ ਜ਼ਿਲ੍ਹੇ ਦੇ ਸਾਰੇ ਨਾਗਰਿਕਾਂ ਨੂੰ ਇੱਕ ਖਾਸ ਅਪੀਲ ਜਾਰੀ ਕੀਤੀ ਕਿ ਪੁਲਸ ਦੀ ਇਹ ਮੁਹਿੰਮ ਉਦੋਂ ਤੱਕ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋ ਸਕਦੀ, ਜਦੋਂ ਤੱਕ ਲੋਕ ਆਪਣਾ ਪੂਰਾ ਸਹਿਯੋਗ ਨਹੀਂ ਦਿੰਦੇ।ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਨਸ਼ੇ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਪੁਲਸ ਨੂੰ ਆਪਣਾ ਸਹਿਯੋਗ ਦੇਣ।

ਪੁਲਸ ਅਧਿਕਾਰੀ ਨੇ ਭਰੋਸਾ ਦਿੱਤਾ ਕਿ ਸੂਚਨਾ ਦੇਣ ਵਾਲੇ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।ਉਨ੍ਹਾ ਕਿਹਾ ਕਿ ਜਨਤਾ ਦੇ ਸਰਗਰਮ ਸਹਿਯੋਗ ਨਾਲ ਸਾਰੇ ਨਸ਼ਾ ਸਮੱਗਲਰ, ਚੋਰ, ਲੁਟੇਰੇ ਤੇ ਸਨੈਚਰ ਬਹੁਤ ਜਲਦੀ ਹੀ ਸਲਾਖਾਂ ਪਿੱਛੇ ਹੋਣਗੇ।

## ਸੱਤਵੀਂ ਵਿਦਿਆਰਥੀ ਚੇਤਨਾ ਪ੍ਰੀਖਿਆ ਦਾ ਸੂਬਾਈ ਸਨਮਾਨ ਸਮਾਗਮ



**ਸੰਗਰੂਰ (ਪ੍ਰਵੀਨ ਸਿੰਘ)**-ਪਿਛਲੇ ਦਿਨੀਂ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਗ਼ਦਰ ਲਹਿਰ ਦੀ ਨਾਇਕਾ ਗ਼ਦਰੀ ਗੁਲਾਬ ਕੌਰ ਨੂੰ ਸਮਰਪਤ ਸੱਤਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਪੰਜਾਬ ਵਿੱਚ ਮੋਹਰੀ ਰਹਿਣ ਵਾਲੇ ਵਿਦਿਆਰਥੀਆਂ ਦਾ ਸੂਬਾਈ ਸਨਮਾਨ ਸਮਾਗਮ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਇਆ। ਇਕਾਈ ਸੰਗਰੂਰ ਦੇ ਤਰਕਸ਼ੀਲ ਆਗੂਆਂ ਮਾਸਟਰ ਪਰਮਵੇਦ, ਲੈਕਚਰਾਰ ਕ੍ਰਿਸ਼ਨ ਸਿੰਘ, ਪ੍ਰਗਟ ਸਿੰਘ ਬਾਲੀਆਂ ਨੇ ਦੱਸਿਆ ਕਿ ਛੇਵੀਂ ਤੋਂ ਬਾਰ੍ਹਵੀਂ ਤੇ ਅਪਰ ਸੈਕੰਡਰੀ ਜਮਾਤਾਂ ਵਿੱਚ ਸੂਬਾਈ ਮੈਰਿਟ ਵਿੱਚ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ 30 ਹੋਣਹਾਰ ਵਿਦਿਆਰਥੀਆਂ ਨੂੰ ਨਕਦ ਇਨਾਮ, ਤਰਕਸ਼ੀਲ ਕਿਤਾਬਾਂ, ਯਾਦਗਾਰੀ ਚਿੰਨ੍ਹ, ਸਨਮਾਨ ਪੱਤਰ ਤੇ ਚੇਤਨਾ ਪ੍ਰੀਖਿਆ ਪ੍ਰੀਖਿਆ ਵਿੱਚ ਚੰਗੀ ਕਾਰਗੁਜ਼ਾਰੀ ਦਿਖਾਉਣ ਕਰਕੇ ਬਹੁਤ ਸਾਰੀਆਂ ਤਰਕਸ਼ੀਲ ਇਕਾਈਆਂ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ।ਸਮਾਗਮ ਦੇ ਮੁੱਖ ਮਹਿਮਾਨ ਉੱਘੇ ਸਾਹਿਤਕਾਰ ਗੁਰਮੀਤ ਕੜਿਆਲਵੀ ਸਨ।ਸੰਗਰੂਰ ਇਕਾਈ ਦੀ ਬਚਪਨ ਇੰਗਲਿਸ਼ ਸਕੂਲ ਸੰਗਰੂਰ ਦੀ ਸੱਤਵੀਂ ਜਮਾਤ ਦੀ ਵਿਦਿਆਰਥਣ ਵਾਨੀ ਨੂੰ ਸੂਬੇ ਵਿੱਚ ਮੋਹਰੀ ਸਥਾਨ ਪ੍ਰਾਪਤ ਕਰਨ ਕਰਕੇ ਸਨਮਾਨਤ ਕੀਤਾ ਗਿਆ।ਚੇਤਨਾ ਪ੍ਰੀਖਿਆ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਬਦਲੇ ਇਕਾਈ ਸੰਗਰੂਰ ਨੂੰ ਵੀ ਸਨਮਾਨਤ ਕੀਤਾ ਗਿਆ ਤੇ ਇਕਾਈ ਸੰਗਰੂਰ ਦੇ ਆਗੂਆਂ ਸੀਤਾ ਰਾਮ ਬਾਲਦ ਕਲਾਂ, ਸੁਰਿੰਦਰਪਾਲ, ਗੁਰਦੀਪ ਸਿੰਘ ਤੇ ਗੁਰਜੰਟ ਸਿੰਘ ਨੇ ਸੂਬਾ ਕਮੇਟੀ ਵੱਲੋਂ ਸਨਮਾਨ ਪੱਤਰ ਪ੍ਰਾਪਤ ਕੀਤਾ।

## ਗੁਰਸ਼ਰਨ ਸਿੰਘ ਅਕਾਲ ਕਿੰਗ ਸਭਾ ਦੇ ਪ੍ਰਧਾਨ ਤੇ ਸੁਰਿੰਦਰ ਸਿੰਘ ਜਨਰਲ ਸਕੱਤਰ ਬਣੇ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ)**-ਬਾਬਾ ਨਾਮਦੇਵ ਵੈੱਲਫੇਅਰ ਸਭਾ (ਰਜਿ:) ਧੂਰੀ ਦੀ ਮੀਟਿੰਗ ਚੇਅਰਮੈਨ ਕੁਲਵੰਤ ਸਿੰਘ ਵਰਨ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਕਰਮ ਸਿੰਘ ਮਾਨ, ਸਵਰਨ ਸਿੰਘ ਸ਼ਿਮਲੇ ਵਾਲੇ, ਗੁਰਸ਼ਰਨ ਸਿੰਘ ਅਕਾਲ ਕਿੰਗ, ਜਸਪਾਲ ਸਿੰਘ ਪਾਲ ਬੁੱਕ, ਚਰਨਜੀਤ ਸਿੰਘ, ਜਸਪਾਲ ਸਿੰਘ ਜੱਗੀ ਤੇ ਅਮਰਜੀਤ ਸਿੰਘ ਮੋਹਲ ਨੇ ਸ਼ਿਰਕਤ ਕੀਤੀ।ਮੀਟਿੰਗ ਦੌਰਾਨ ਖੁੱਲ੍ਹੇ ਵਿਚਾਰ ਵਟਾਂਦਰੇ ਤੋਂ ਬਾਅਦ ਗੁਰਸ਼ਰਨ ਸਿੰਘ ਅਕਾਲ ਕਿੰਗ ਨੂੰ ਸਰਬਸੰਮਤੀ ਨਾਲ ਸਭਾ ਦਾ ਪ੍ਰਧਾਨ, ਸੁਰਿੰਦਰ ਸਿੰਘ ਕੈਂਥ ਜਨਰਲ ਸਕੱਤਰ ਤੇ ਮਾਸਟਰ ਗੁਰਮੀਤ ਸਿੰਘ ਨੂੰ ਖਜ਼ਾਨਚੀ ਚੁਣਿਆ ਗਿਆ।ਸਭਾ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਚੁਣੀ ਗਈ ਕਮੇਟੀ ਦਾ ਕਾਰਜਕਾਲ ਦੋ ਸਾਲ ਹੋਵੇਗਾ।

## ਸੀਟੀ ਮੀਡੀਆ ਕਲੱਬ ਵੱਲੋਂ ਸ੍ਰੀ ਰੁਮਾਲਾ ਸਾਹਿਬ ਭੇਟ



**ਸੁਨਾਮ (ਹਾਕਮ ਭੱਟੀ, ਅਸ਼ੋਕ ਬਾਂਸਲ)**-ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਵੇਂ ਸ਼ਹੀਦੀ ਦਿਨ ਨੂੰ ਸਮਰਪਤ ਗੁਰਦੁਆਰਾ ਨਿਆਈ ਸਾਹਿਬ ਤੋਂ ਸ਼੍ਰੀਨਗਰ ਕੀਰਤਨ ਦੇ ਚਾਲੇ ਪਾਏ ਗਏ। ਇਹ ਨਗਰ ਕੀਰਤਨ ਵੱਖ-ਵੱਖ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਬੱਸ ਸਟੈਂਡ, ਮਹਾਰਾਜਾ ਅੱਗਰ ਸਿੰਘ ਚੌਕ ਵਿੱਚ ਜਿਵੇਂ ਹੀ ਪੁੱਜਿਆ, ਸਿਟੀ ਮੀਡੀਆ ਕਲੱਬ ਦੇ ਪ੍ਰਧਾਨ ਸ੍ਰੀ ਤਰੁਨ ਬਾਂਸਲ, ਚੇਅਰਮੈਨ ਅਜੈਬ ਸਿੰਘ ਮੋਰਾਂਵਾਲੀ, ਪੱਤਰਕਾਰ ਭਗਵੰਤ ਸਿੰਘ ਚੰਦੜ, ਖ਼ਜ਼ਾਨਚੀ ਹਾਕਮ ਸਿੰਘ ਭੱਟੀ, ਪੱਤਰਕਾਰ ਰਾਜੂ ਸਿੰਗਲਾ ਤੇ ਸਮੂਹ ਮੈਂਬਰਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨੂੰ ਨਮਨ ਕਰਦੇ ਹੋਏ ਸ੍ਰੀ ਰੁਮਾਲਾ ਸਾਹਿਬ ਬਹੁਤ ਹੀ ਸ਼ਰਧਾ ਨਾਲ ਭੇਟ ਕੀਤਾ ਗਿਆ।ਸਟੀਫ਼ਨ ਇੰਟਰਨੈਸ਼ਨਲ ਸਕੂਲ ਦੇ ਗੈਵੀ ਸ਼ਰਮਾ ਨੇ ਸਟੇਟ ਖੇਡਾਂ 'ਚ ਸੋਨ ਤਗਮਾ ਜਿੱਤਿਆ।

## ਬਿਜਲੀ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਨਵੇਂ ਲੇਬਰ ਕੋਡ ਲਾਗੂ ਕਰਨ ਖ਼ਿਲਾਫ਼ ਡਵੀਜ਼ਨ ਪੱਧਰ 'ਤੇ ਕਰਨਗੀਆਂ ਰੋਸ ਪ੍ਰਦਰਸ਼ਨ

**ਮਾਨਸਾ (ਆਤਮਾ ਸਿੰਘ ਪਮਾਰ)**

ਸੀਪੀਆਈ (ਐਮਐਲ) ਲਿਬਰੇਸ਼ਨ ਨੇ ਮੋਦੀ-ਸ਼ਾਹ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪਹਿਲਾਂ ਤੋਂ ਹੀ ਅੰਦੋਲਨ ਦਾ ਮੁੱਦਾ ਬਣੇ ਮਸਲੇ ਨੂੰ ਹੱਲ ਕਰਨ ਦੀ ਬਜਾਏ, ਉਲਟਾ ਹੁਣ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਮੁਕੰਮਲ ਤੌਰ 'ਤੇ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾਉਣ ਲਈ ਲੋਕ ਸਭਾ ਦੇ ਪਹਿਲੀ ਦਸੰਬਰ ਤੋਂ ਸ਼ੁਰੂ ਹੋਣ ਵਾਲੇ ਸੈਸ਼ਨ ਦੌਰਾਨ ਲਿਆਂਦੇ ਜਾ ਰਹੇ ਸੰਭਾਵੀ ਬਿੱਲ ਨੂੰ ਪੰਜਾਬ ਦੋਖੀ ਅਤੇ ਲੋਕਤੰਤਰ ਦੇ ਮੁਢਲੇ ਅਸੂਲਾਂ ਦਾ ਘਾਣ ਕਰਨ ਵਾਲਾ ਕਰਾਰ ਦਿੰਦਿਆਂ ਕਿਹਾ ਹੈ ਕਿ ਲਿਬਰੇਸ਼ਨ ਸਾਰੀਆਂ ਹਮਖਿਆਲ ਤਾਕਤਾਂ ਨਾਲ ਮਿਲ ਕੇ ਇਸ ਅਨੈਤਿਕ ਫੈਸਲੇ ਦਾ ਪੂਰੀ ਤਾਕਤ ਨਾਲ ਵਿਰੋਧ ਕਰੇਗੀ।

ਲਿਬਰੇਸ਼ਨ ਦੇ ਸੂਬਾਈ ਸਕੱਤਤਰ ਕਾਮਰੇਡ ਗੁਰਮੀਤ ਸਿੰਘ ਬਖ਼ਤਪੁਰ ਤੇ ਪਾਰਟੀ ਦੇ ਸੂਬਾਈ ਬੁਲਾਰੇ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਸਮੁੱਚੇ ਸਿਆਸੀ ਹਲਕੇ ਅਤੇ ਦੇਸ਼ ਦੇ ਜਾਗਰੂਕ ਲੋਕ ਜਾਣਦੇ ਹਨ ਕਿ ਚੰਡੀਗੜ੍ਹ ਪੰਜਾਬ ਦੇ 30 ਪਿੰਡਾਂ ਨੂੰ ਉਜਾੜ ਕੇ ਪੰਜਾਬ ਦੀ ਰਾਜਧਾਨੀ ਵਜੋਂ ਉਸਾਰਿਆ ਗਿਆ ਸੀ, ਪਰ ਅਫਸੋਸ ਕਿ ਰਾਜੀਵ ਲੌਂਗੋਵਾਲ ਸਮਝੌਤੇ ਤਹਿਤ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਐਲਾਨ ਕਰਨ ਦੇ ਬਾਵਜੂਦ ਉਦੋਂ ਤੋਂ ਲੈ ਕੇ ਹੁਣ ਤੱਕ ਕਿਸੇ ਵੀ ਕੇਂਦਰੀ ਸਰਕਾਰ ਨੇ ਇਸ ਫੈਸਲੇ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ, ਉਲਟਾ ਹੁਣ ਮੋਦੀ ਸਰਕਾਰ ਵਲੋਂ ਪੰਜਾਬ ਤੋਂ ਚੰਡੀਗੜ੍ਹ ਨੂੰ ਪੱਕੇ ਤੌਤਰ 'ਤੇ ਖੋਹਣ ਦਾ ਕਾਨੂੰਨ ਲਿਆਂਦਾ ਜਾ ਰਿਹਾ ਹੈ।ਬਿਆਨ 'ਚ ਕਿਹਾ ਗਿਆ ਹੈ ਕਿ ਦਰਅਸਲ ਮੋਦੀ-ਸ਼ਾਹ ਸਰਕਾਰ ਵੱਲੋਂ ਰਿਆਸਤ ਜੰਮੂ ਤੇ ਕਸ਼ਮੀਰ ਦੇ ਭਾਰਤ ਨਾਲ ਇਲਹਾਕ ਦਾ ਆਧਾਰ ਬਣੀ 370 ਧਾਰਾ ਨੂੰ ਖਤਮ ਕਰਕੇ ਉਥੋਂ ਦੀ ਮੁਸਲਿਮ ਘੱਟ ਗਿਣਤੀ ਜਨਤਾ ਨੂੰ ਅਪਣੇ ਵਲੋਂ ਸਬਕ ਸਿਖਾਉਣ ਤੋਂ ਬਾਅਦ ਹੁਣ ਸਿੱਖ ਘੱਟ ਗਿਣਤੀ ਨੂੰ ਵੀ ਝਟਕਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਦੁੱਖ ਦੀ ਗੱਲ ਹੈ ਕਿ ਹਾਲੇ ਵੀ ਸਤਾ ਦੀ ਲਾਲਸਾ ਵਿੱਚ ਵੱਖ ਵੱਖ ਅਕਾਲੀ ਧੜੇ ਅੰਦਰਖਾਤੇ ਪੰਜਾਬ ਦੁਸ਼ਮਣ ਬੀਜੇਪੀ ਨਾਲ ਚੋਣ ਗਠਜੋੜ ਕਰਨ ਲਈ ਤਰਲੋ ਮੱਛੀ ਹੋ ਰਹੇ ਹਨ।

## ਡੀ ਏ ਵੀ ਪਾਤੜਾਂ 'ਚ ਮਨਾਇਆ ਸ਼ਹੀਦੀ ਦਿਹਾੜਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਡੀਏਵੀ ਪਬਲਿਕ ਸਕੂਲ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ 350ਵਾਂ ਸ਼ਹੀਦੀ ਦਿਵਸ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਪ੍ਰਿੰਸੀਪਲ ਨਵਦੀਪ ਵਸ਼ਿਸ਼ਟ ਨੇ ਦੱਸਿਆ ਕਿ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਨੌਵੀਂ ਜਮਾਤ ਦੀ ਵਿਦਿਆਰਥਣ ਭਾਵਨਾ ਨੇ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਵਿਸ਼ੇਸ਼ ਜਾਣਕਾਰੀ ਸਾਂਝੀ ਕੀਤੀ।ਇਸ ਉਪਰੰਤ ਪੰਜਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਸੰਗੀਤ ਅਧਿਆਪਿਕਾ ਪੂਜਾ ਗਿੱਲ ਤੇ ਪੰਜਾਬੀ ਅਧਿਆਪਕਾ ਰਣਜੀਤ ਕੌਰ ਵੱਲੋਂ ਤਿਆਰ ਕਰਵਾਏ ਸ਼ਬਦ ਕੀਰਤਨ ਅਤੇ ਕਵਿਤਾਵਾਂ ਪੇਸ਼ ਕੀਤੀਆਂ।ਮੰਚ ਸੰਚਾਲਕ ਦੀ ਭੂਮਿਕਾ ਪੰਜਾਬੀ ਵਿਸ਼ੇ ਦੀ ਅਧਿਆਪਕਾ ਮਨਪ੍ਰੀਤ ਕੌਰ ਨੇ ਨਿਭਾਈ।ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਨਵਦੀਪ ਵਿਸ਼ਿਸ਼ਟ ਨੇ ਗੁਰੂ ਸਾਹਿਬ ਦੁਆਰਾ ਦੇਸ਼, ਕੌਮ ਤੇ ਧਰਮ ਲਈ ਦਿੱਤੀ ਗਈ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕੀਤਾ ਤੇ ਸਮੂਹ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੁਆਰਾ ਦਿਖਾਏ ਗਏ ਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੱਤੀ।

# ਗੁਰੂ ਤੇਗ ਬਹਾਦਰ ਜੀ ਨੇ ਧਰਮ ਨਿਰਪੱਖਤਾ ਦੀ ਰਾਖੀ ਲਈ ਦਿੱਤੀ ਕੁਰਬਾਨੀ : ਊਸ਼ਾ ਰਾਣੀ, ਮਹਾਂ ਸਿੰਘ ਰੌੜੀ



**ਸੰਗਰੂਰ (ਪ੍ਰਵੀਨ ਸਿੰਘ)**

ਸੈਂਟਰ ਆਫ ਇੰਡੀਆ ਟਰੇਡ ਯੂਨੀਅਨ ਦੇ ਸੂਬਾਈ ਅਜਲਾਸ ਦੀ ਸਵਾਗਤ ਕਮੇਟੀ ਦੇ ਚੇਅਰਮੈਨ ਮੇਜਰ ਸਿੰਘ ਪੁੰਨਾਵਾਲ ਦੀ ਅਗਵਾਈ 'ਚ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਦਾ ਸ਼ਹਾਦਤ ਦਿਵਸ ਮਨਾਇਆ ਗਿਆ।ਸੰਗਰੂਰ ਦੇ ਬਰਨਾਲਾ ਕੈਂਚੀਆਂ ਚੌਕ ਵਿੱਚ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸੀਟੂ ਆਲ ਇੰਡੀਆ ਦੇ ਸਕੱਤਰ ਭੈਣ ਊਸ਼ਾ ਰਾਣੀ ਨੇ ਕਿਹਾ ਕਿ ਗੁਰੂ ਜੀ ਦੀ ਲਾਸਾਨੀ ਕੁਰਬਾਨੀ ਸਾਨੂੰ ਅੱਜ ਵੀ ਜਬਰ ਜ਼ੁਲਮ ਦੇ ਖ਼ਿਲਾਫ ਲੜਨ ਤੇ ਸ਼ਹਾਦਤਾਂ ਦੇ ਵਿਰਸੇ ਨਾਲ ਜੋੜਦੀ ਹੈ।ਉਨ੍ਹਾਂ ਕਿਹਾ ਕਿ ਉਸ ਵੇਲੇ ਦੇ ਹੁਕਮਰਾਨ ਔਰੰਗਜ਼ੇਬ ਵਲੋਂ ਆਪਣੀ ਕੱਟੜਤਾ ਦੇ ਚਲਦਿਆਂ ਦਿੱਲੀ ਦੇ ਹਿੰਦੂ ਭਰਾਵਾਂ ਨਾਲ ਜਬਰ ਕੀਤਾ ਜਾ ਰਿਹਾ ਸੀ।ਗੁਰੂ ਜੀ ਨੇ ਆਪਣੀ ਸ਼ਹਾਦਤ ਦੇ ਕੇ ਔਰੰਗਜ਼ੇਬ ਦੇ ਜਬਰ ਨੂੰ ਰੋਕਿਆ।ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਹਕੂਮਤ ਵੀ ਆਪਣੀ ਕੱਟੜਵਾਦੀ ਵਿਚਾਰਧਾਰਾ ਨੂੰ ਲੋਕਾਂ ਤੇ ਥੋਪਣ ਲਈ ਔਰੰਗਜ਼ੇਬ ਦੇ ਰਾਹ 'ਤੇ ਚੱਲ ਰਹੀ ਹੈ। ਸੀਟੂ ਪੰਜਾਬ ਦੇ ਪ੍ਰਧਾਨ ਕਾਮਰੇਡ ਮਹਾਂ ਸਿੰਘ ਰੋੜੀ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਸਾਨੂੰ ਆਜ਼ਾਦ ਸੋਚ, ਧਰਮ ਨਿਰਪੱਖਤਾ, ਮਨੁੱਖੀ ਬਰਾਬਰਤਾ ਲਈ ਜਾਤ-ਪਾਤ ਤੇ ਧਰਮ ਤੋਂ ਉੱਪਰ ਉੱਠ ਕੇ ਆਪਸੀ ਸਾਂਝ ਦਾ ਸੰਦੇਸ਼ ਦਿੱਤਾ ਤੇ ਉਨ੍ਹਾਂ ਦੀ ਕੁਰਬਾਨੀ ਦੀ ਸਾਰਥਿਕਤਾ ਕਾਇਮ ਹੈ।

ਸੀਟੂ ਪੰਜਾਬ ਦੇ ਜਨਰਲ ਸਕੱਤਰ ਕਾਮਰੇਡ ਚੰਦਰ ਸ਼ੇਖਰ ਨੇ ਕਿਹਾ ਕਿ ਅੱਜ ਵੀ ਹਕੂਮਤਾਂ ਸਾਡੇ ਲੋਕਾਂ ਨਾਲ ਧੱਕਾ ਕਰ ਰਹੀਆਂ ਹਨ, ਕੇਂਦਰ ਦੀ ਮੋਦੀ ਸਰਕਾਰ ਦੇਸ਼ ਦੇ ਸੰਵਿਧਾਨ ਨੂੰ ਤੋੜ ਮਰੋੜ ਕੇ ਪੰਜਾਬ ਦੇ ਅਧਿਕਾਰਾਂ ਤੇ ਡਾਕਾ ਮਾਰ ਰਹੀ ਹੈ।ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬ ਯੂਨੀਵਰਸਟੀ, ਬੀ ਬੀ ਐਮ ਬੀ ਵਰਗੇ ਅਦਾਰੇ ਕੇਂਦਰ ਦੀ ਮੋਦੀ ਹਕੂਮਤ ਜਬਰੀ ਆਪਣੀ ਅਧੀਨ ਕਰਕੇ ਆਪਣੀ ਔਰੰਗਜ਼ੇਬ ਵਰਗੀ ਸੋਚ ਦਾ ਪ੍ਰਗਟਾਵਾ ਕਰ ਚੁੱਕੀ ਹੈ।

## ਹੱਡੀਆਂ ਤੇ ਜੋੜਾਂ ਦਾ ਮੁਫਤ ਮੈਡੀਕਲ ਕੈਂਪ ਲਾਇਆ



**ਭੀਖੀ (ਗੁਰਿੰਦਰ ਸਿੰਘ ਔਲਖ)**-ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਮਾਨਵ ਹਸਪਤਾਲ ਮਾਨਸਾ ਵਲੋਂ ਹੱਡੀਆਂ ਤੇ ਜੋੜਾਂ ਦਾ ਮੁਫਤ ਚੈਕਅੱਪ ਕੈਂਪ ਲਾਇਆ ਗਿਆ।ਹਸਪਤਾਲ ਦੇ ਡਾ. ਮਾਨਵ ਜਿੰਦਲ ਨੇ ਕਿਹਾ ਕਿ ਹੱਡੀਆਂ ਨੂੰ ਮਜ਼ਬੂਤ ਕਰਨ ਲਈ ਕੈਲਸ਼ੀਅਮ ਵਾਲੇ ਪਦਾਰਥਾਂ ਦਾ ਸੇਵਨ ਵੱਧ ਕਰਨਾ ਚਾਹੀਦਾ ਹੈ।ਉਨ੍ਹਾਂ ਦੱਸਿਆ ਕਿ ਹਸਪਤਾਲ ਵਲੋਂ ਸਮੇਂ-ਸਮੇਂ ਮਾਨਵਤਾ ਦੀ ਭਲਾਈ ਲਈ ਮੁਫਤ ਕੈਂਪ ਲਗਾਏ ਜਾਂਦੇ ਹਨ ਤਾਂ ਜੁ ਲੋੜਵੰਦ ਅਤੇ ਗਰੀਬ ਪਰਵਾਰਾਂ ਨੂੰ ਫਾਇਦਾ ਮਿਲ ਸਕੇ।ਉਨ੍ਹਾਂ ਦੱਸਿਆ ਕਿ ਅੱਜ ਦੇ ਕੈਂਪ ਵਿੱਚ 190 ਮਰੀਜ਼ਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਨੂੰ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ।ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ ਸਾਲਾਨਾ ਜੋੜ ਮੇਲੇ ਨੂੰ ਸਮਰਪਤ ਭਿੱਖੀਵਿੰਡ ਤੋਂ ਵਿਸ਼ੇਸ਼ ਸਪਲੀਮੈਂਟ



## ਸ਼ਹੀਦ ਬਾਬਾ ਸ਼ਾਮ ਸਿੰਘ ਜੀ ਨਾਰਲਾ

ਸਾਖੀ ਸਿੰਘ ਸੁ ਸਯਾਮ ਕੀ ਜੋ ਸਰਦਾਰਨ ਭਯੋ ਸਰਦਾਰ

ਆਪ ਸਭ ਸੰਗਤਾਂ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਸ਼ਹੀਦ ਬਾਬਾ ਸ਼ਾਮ ਸਿੰਘ ਜੀ ਨਾਰਲਾ (18ਵੀਂ ਸਦੀ ਦੇ ਮਹਾਨ ਜਰਨੈਲ ਕਰੋੜੀਆਂ ਮਿਸਲ ਵਾਲੇ) ਜੀ ਦਾ

## ਸਾਲਾਨਾ 335ਵਾਂ ਜਨਮ ਦਿਹਾੜਾ

ਹਰ ਸਾਲ ਦੀ ਤਰ੍ਹਾਂ ਮਿਤੀ 25 ਨਵੰਬਰ, 2025 ਦਿਨ ਮੰਗਲਵਾਰ (10 ਮੱਘਰ) ਪਿੰਡ ਨਾਰਲਾ ਵਿਖੇ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ।

### ਸੰਖੇਪ ਇਤਿਹਾਸ

ਜਥੇਦਾਰ ਸ. ਸ਼ਾਮ ਸਿੰਘ ਜੀ ਨਾਰਲਾ ਦਾ ਜਨਮ ਪਿੰਡ ਨਾਰਲਾ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ ਸਾਹਿਬ ਨੇੜੇ ਭਿੱਖੀਵਿੰਡ ਵਿਖੇ 1690 ਈਸਵੀ ਵਿੱਚ ਸ. ਮਾਲੀ ਸਿੰਘ ਸੰਧੂ ਜੱਟ ਦੇ ਘਰ ਹੋਇਆ। ਸੰਨ 1700 'ਚ ਦਸਮੇਸ਼ ਪਿਤਾ ਜੀ ਦੇ ਦਰਸ਼ਨ ਆਪ ਜੀ ਨੇ ਆਪਣੇ ਪਿਤਾ ਨਾਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੀਤੇ। ਜਦੋਂ ਜਵਾਨ ਹੋਏ ਤਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਜਰਨੈਲ ਸ. ਮਸਤਾਨ ਸਿੰਘ ਦੇ ਜਥੇ ਵਿੱਚ ਸ਼ਾਮਲ ਹੋ ਕੇ ਦੇਸ਼ ਅਤੇ ਕੌਮ ਦੀ ਸੇਵਾ ਕੀਤੀ ਅਤੇ ਸ. ਮਸਤਾਨ ਸਿੰਘ ਦੀ ਸ਼ਹੀਦੀ ਪਿੱਛੋਂ ਜਥੇ ਦੀ ਕਮਾਨ ਸੰਭਾਲੀ। ਮੱਸੇ ਰੰਗੜ ਦਾ ਸਿਰ ਵੱਡ ਕੇ ਬੁੱਢੇ ਜੋਹੜ ਰਾਜਸਥਾਨ ਵਿੱਚ ਬਾਬਾ ਸ਼ਾਮ ਸਿੰਘ ਜੀ ਦੇ ਜਥੇ ਦੇ ਸੂਰਬੀਰਾਂ ਸ. ਸੁੱਖਾ ਅਤੇ ਮਹਿਤਾਬ ਸਿੰਘ ਜੀ ਨੇ ਖੜ੍ਹਿਆ ਸੀ।

### ਗੁਰਮਤਿ ਦੇ ਅਸੂਲ

ਅਕਾਲ ਖੁਰਖ ਦਾ ਹੁਕਮ ਹੈ ਫੋਟੋਆਂ ਨੂੰ ਮੱਥਾ ਨਹੀਂ ਟੇਕਣਾ, ਕੋਈ ਜੋਤ ਨਹੀਂ ਜਗਾਉਣੀ, ਨਾ ਕਿਸੇ ਕਬਰ 'ਤੇ ਮੱਥਾ ਟੇਕਣਾ ਅਤੇ ਨਾ ਹੀ ਤੇਲ ਪਾਉਣਾ, ਬਾਹਰੋਂ ਕਿਸੇ ਕੋਲੋਂ ਪ੍ਰਸਾਦ ਨਹੀਂ ਲੈਣਾ, ਸ਼ੇਖ ਫੱਤੇ ਖੀਰ ਨਹੀਂ ਖੜਨੀ, ਖੀਰ ਸਿਰਫ਼ ਗੁਰਦੁਆਰਾ ਸਾਹਿਬ ਹੀ ਲੈ ਕੇ ਜਾਣੀ ਹੈ, ਕਿਸੇ ਪਾਖੰਡੀ ਸਾਧੂ ਸੰਤ ਦੇ ਪੈਰੀਂ ਜਾਂ ਗੋਡੀਂ ਹੱਥ ਨਹੀਂ ਲਾਉਣਾ ਅਤੇ ਨਾ ਹੀ ਸ਼ਬਦ ਧਾਗਾ ਲੈਣਾ ਹੈ, ਸ਼ਬਦ ਸਿਰਫ਼ ਤੇ ਸਿਰਫ਼ ਗੁਰੂ ਸਾਹਿਬ ਹੈ, ਪਾਖੰਡੀ ਸਾਧਾਂ ਦੀਆਂ ਮਨ ਮਤਾਂ ਤੋਂ ਬਚਣਾ, ਮੱਥਾ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਟੇਕਣਾ ਅਤੇ ਭਰੋਸਾ ਸਿਰਫ਼ ਅਕਾਲ ਪੁਰਖ 'ਤੇ ਰੱਖਣਾ ਹੈ। ਇਹ ਹੀ ਗੁਰਮਤਿ ਅਤੇ ਸਿੱਖੀ ਦੇ ਅਸੂਲ ਹਨ।


ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਸਾਬਕਾ ਸੈਨਿਕਾਂ ਲਈ ਈ ਸੀ ਐੱਚ ਐੱਸ ਸੇਵਾ ਅਧੀਨ

ਰਾਣਾ ਹਸਪਤਾਲ ਖਾਲੜਾ

ਵਿਖੇ ਇਲਾਜ ਕਰਵਾਉਣ ਲਈ ਮਿਲੋ



ਐਮ ਡੀ ਰਣਜੀਤ ਸਿੰਘ ਰਾਣਾ




ਮੋਬਾ. 98550-88415

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਸਰਵਣ ਸਿੰਘ ਧੁੰਨ, ਹਲਕਾ ਵਿਧਾਇਕ ਖੇਮਕਰਨ — ਹਰਦਿਆਲ ਸਿੰਘ, ਸਰਪੰਚ ਮਾੜੀ ਕੰਬੋਕੇ

## ਧੰਨਵਾਦ

ਮੈਂ ਉਨ੍ਹਾਂ ਸੱਜਣਾਂ-ਮਿੱਤਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾਂ ਹਾਂ, ਜਿਨ੍ਹਾਂ ਨੇ ਮੈਨੂੰ ਸਪਲੀਮੈਂਟ ਦੇ ਕੇ ਮੇਰਾ ਸਾਥ ਦਿੱਤਾ ਤੇ ਭਰਵਾਂ ਸਹਿਯੋਗ ਦਿੱਤਾ। ਮੈਂ ਉਨ੍ਹਾਂ ਦਾ ਵੀ ਧੰਨਵਾਦ ਕਰਨੋਂ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਇਸ ਮੌਕੇ ਟਾਲ-ਮਟੋਲ ਕਰਕੇ ਆਪਣਾ ਤੇ ਮੇਰਾ ਟਾਇਮ ਖਰਾਬ ਕੀਤਾ ਤੇ ਅੰਤ ਸਮੇਂ ਫੋਨ ਚੁੱਕਣੇ ਹੀ ਬੰਦ ਕਰ ਦਿੱਤੇ। ਮੈਨੂੰ ਉਨ੍ਹਾਂ 'ਤੇ ਕੋਈ ਗਿਲਾ ਨਹੀਂ ਹੈ, ਸਗੋਂ ਪੂਰੀ ਆਸ ਹੈ ਕਿ ਉਹ ਅਗਲੇ ਸਪਲੀਮੈਂਟ ਵਿੱਚ ਮੈਨੂੰ ਸਹਿਯੋਗ ਜ਼ਰੂਰ ਦੇਣਗੇ।



**ਪੱਤਰਕਾਰ ਲਖਵਿੰਦਰ ਸਿੰਘ ਗੋਲਣ**

ਪ੍ਰਧਾਨ ਪ੍ਰੈਸ ਫੀਲਡ ਜਰਨਲਿਸਟ ਐਸੋਸੀਏਸ਼ਨ ਹਲਕਾ ਖੇਮਕਰਨ

98147-70122, 70094-77561

golannrimpal9@gmail.com

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ ਦੀਆਂ ਸਮੂਹ ਸਾਧ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਸੈਕਰਡ ਸੋਲਜ਼ ਸਕੂਲ, ਕਾਲੇ

ਚੇਅਰਮੈਨ ਕੰਧਾਲ ਸਿੰਘ ਬਾਠ

ਮੋਬਾ. 98725-35001

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ



**ਪ੍ਰਿਤਪਾਲ ਸਿੰਘ**

ਜ਼ਿਲ੍ਹਾ ਇੰਚਾਰਜ 'ਨਵਾਂ ਜ਼ਮਾਨਾ' ਤਰਨ ਤਾਰਨ

ਮੋਬਾ. 98143-68268

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ ਦੀਆਂ ਸਮੂਹ ਸਾਧ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਬਾਬਾ ਸਤਨਾਮ ਸਿੰਘ ਜੀ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਜੀ ਦੇ 335ਵੇਂ ਸਾਲਾਨਾ ਜੋੜ ਮੇਲੇ ਦੀਆਂ ਸਮੂਹ ਸਾਧ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਬਾਬਾ ਮੌਜ ਦਾਸ ਜੀ
ਕੰਬੋਕੇ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਰਣਧੀਰ ਸਿੰਘ, ਵੈਟਰਨਰੀ ਅਫ਼ਸਰ — ਮਨਜੀਤ ਸਿੰਘ, ਐਸ ਡੀ ਓ ਪੰਜਾਬ ਮੰਡੀ ਬੋਰਡ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਸੁਖਬੀਰ ਸਿੰਘ ਬਾਦਲ, ਪ੍ਰਧਾਨ ਸ਼੍ਰੋਮਣੀ ਅਕਾਲੀ ਬਾਦਲ — ਸੁਰਜੀਤ ਸਿੰਘ ਆੜਤੀਆ, ਮੁਗਲਚੱਕ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਸਵ. ਬਾਬਾ ਬਾਜ਼ ਸਿੰਘ, ਅਲਗੋਂ ਕਲਾਂ — ਬਾਬਾ ਗੁਰਸੇਵਕ ਸਿੰਘ, ਲਾਡੀ

ਰਾਹੁਲ, ਡਿਪਟੀ ਕਮਿਸ਼ਨਰ, ਤਰਨ ਤਾਰਨ — ਸਰਵਣ ਸਿੰਘ ਧੁੰਨ, ਹਲਕਾ ਵਿਧਾਇਕ, ਖੇਮਕਰਨ — ਪ੍ਰੀਤਇੰਦਰ ਸਿੰਘ, ਡੀ ਐਸ ਪੀ, ਭਿੱਖੀਵਿੰਡ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਵਿਰਸਾ ਸਿੰਘ ਵਲਟੋਹਾ, ਸਾਬਕਾ ਵਿਧਾਇਕ — ਜਸਪਾਲ ਸਿੰਘ, ਐਸ ਐਚ ਓ, ਥਾਣਾ ਕੱਚਾ ਪੱਕਾ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਜਗਮੋਹਨ ਸਿੰਘ, ਸਰਪੰਚ, ਕਲਸੀਆਂ ਖੁਰਦ — ਜਰਨੈਲ ਸਿੰਘ ਨਾਰਲਾ, ਸਾਬਕਾ ਸਰਪੰਚ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਜੀ ਦੇ 335ਵੇਂ ਸਾਲਾਨਾ ਜੋੜ ਮੇਲੇ ਦੀਆਂ ਸਮੂਹ ਸਾਧ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

KALGIDHAR PUBLIC SCHOOL, BHIKHIWIND

REQUIRES STAFF FOR THE FOLLOWING SUBJECTS

MATHEMATICS, ENGLISH, SCIENCE, B.Sc. Non-Medical, M.A. English, B.Sc. Medical

ਚੇਅਰਮੈਨ ਬੁੱਢਾ ਸਿੰਘ

*Salary No Bar For Competent Candidate Fluent in English and Computer Savvy Will Be Preferred.*

Come Join our Team

Contact : 98153-73247

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਡਾ. ਨੀਰਜ ਮਲਹੋਤਰਾ

ਆਨੰਦ ਹਸਪਤਾਲ, ਅੰਮ੍ਰਿਤਸਰ ਰੋਡ ਭਿੱਖੀਵਿੰਡ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਡਾ. ਹਰਪ੍ਰਭਜੀਤ ਸਿੰਘ — ਡਾ. ਅਮਰਜੀਤ ਸਿੰਘ (ਭਿੱਖੀਵਿੰਡ) — ਗੁਰਜੀਤ ਸਿੰਘ ਜੰਡ, ਸਰਪੰਚ, ਖਾਲੜਾ — ਮਾਸਟਰ ਨਿਰਮਲ ਸਿੰਘ, ਨਾਰਲਾ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਜੀ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਸਰਵਣ ਸਿੰਘ ਧੁੰਨ, ਹਲਕਾ ਵਿਧਾਇਕ, ਖੇਮਕਰਨ — ਭਗਵੰਤ ਸਿੰਘ ਕੰਬੋਕੇ ਚੇਅਰਮੈਨ, ਮਾਰਕੀਟ ਕਮੇਟੀ ਖੇਮਕਰਨ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਜਗਰੂਪ ਸਿੰਘ ਮੱਖੀਵਾਲੇ — ਅਵਤਾਰ ਸਿੰਘ ਮੱਖੀਵਾਲੇ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਸੁਖਪਾਲ ਸਿੰਘ ਭੁੱਲਰ, ਸਾਬਕਾ ਵਿਧਾਇਕ ਖੇਮਕਰਨ — ਰਾਜ ਕੁਮਾਰ, ਸੀਨੀ. ਕਾਂਗਰਸੀ ਆਗੂ, ਅਲਗੋਂ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਗਾਇਕ ਸੁਰਜੀਤ ਸਿੰਘ ਭੁੱਲਰ — ਗੁਰਪ੍ਰੀਤ ਸਿੰਘ, ਪਰਸਨਲ ਸੈਕਟਰੀ, ਸੁਰਜੀਤ ਭੁੱਲਰ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਸੁਖਪਾਲ ਸਿੰਘ ਭੁੱਲਰ, ਸਾਬਕਾ ਵਿਧਾਇਕ, ਕਾਂਗਰਸ — ਸੁਬੇਗ ਸਿੰਘ, ਸੀਨੀ. ਕਾਂਗਰਸੀ ਆਗੂ, ਨਾਰਲੀ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਗੁਰਚਰਨਜੀਤ ਸਿੰਘ (ਰਜਿਸਟਰਾਰ), ਜੀ ਐਨ ਡੀ ਯੂ, ਕਾਲਜ ਚੁੰਘ — ਪ੍ਰਿੰਸੀਪਲ ਕਿੰਦਰਜੀਤ ਕੌਰ, ਜੀ ਐਨ ਡੀ ਯੂ, ਕਾਲਜ ਚੁੰਘ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਹਰਦਿਆਲ ਸਿੰਘ, ਪੱਤਰਕਾਰ, ਅਲਗੋਂ ਕੋਠੀ — ਪੰਜਾਬ ਸਿੰਘ ਕੰਬੋਕੇ, ਬੀ ਕੇ ਯੂ (ਅੰਬਾਵਤਾ) ਜ਼ਿਲ੍ਹਾ ਪ੍ਰਧਾਨ ਤਰਨ ਤਾਰਨ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਗੁਰਬੀਰ ਸਿੰਘ ਨਾਰਲੀ — ਹਰਨੰਦ ਸਿੰਘ ਨਾਰਲਾ — ਸੰਨੀ ਅਰੋੜਾ, ਖਾਲੜਾ — ਸਰਵਣ ਸਿੰਘ ਆੜ੍ਹਤੀਆ — ਜਸਬੀਰ ਸਿੰਘ ਖਾਲਸਾ — ਨੰਬਰਦਾਰ ਕੁਲਵਿੰਦਰ ਸਿੰਘ ਕੰਬੋਕੇ — ਅਵਤਾਰ ਸਿੰਘ ਨਾਰਲਾ

ਮਾਸਟਰ ਬਖ਼ਸ਼ੀਸ ਸਿੰਘ — ਗੁਰਸਾਹਿਬ ਸਿੰਘ ਸਰਪੰਚ, ਅਮੀਸ਼ਾਹ — ਨਿਰਵੈਲ ਸਿੰਘ ਸਰਪੰਚ ਮੜੀ ਉਧੋਕੇ — ਇੰਦਰਜੀਤ ਸਿੰਘ ਚੇਅਰਮੈਨ IT CLG — ਪੱਤਰਕਾਰ ਕੰਵਲਜੀਤ ਸਿੰਘ — ਪੱਤਰਕਾਰ ਰਿੰਪਲ ਗੋਲਣ — ਸੁਰਿੰਦਰ ਸਿੰਘ ਵਾਂ, ਪੱਤਰਕਾਰ

SHAHEED BHAGAT SINGH PUBLIC SEN.SEC.SCHOOL

PATTI ROAD, BHIKHIWIND (NCC 1 Pb bn. Asr)

ADMISSION OPEN

Nursery to +2

Medical, Non Medical, Commerce, Arts

Amenities & Facilities

1. Smart Classrooms
2. Green Campus
3. Sports Excellence
4. Career Guidance
5. Activity based learning
6. Best Transport Facility
7. Well Equipped Labs
8. Indoor & Outdoor Activities
9. Extra Curricular Activities
10. Highly Qualified & Dedicated Staff

Contact no:- 99159-87234, 78890-94160

ਧੰਨ ਧੰਨ ਬਾਬਾ ਸ਼ਾਮ ਸਿੰਘ ਨਾਰਲਾ ਜੀ ਦੇ 335ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ



ਸਿਮਰਨ ਹਸਪਤਾਲ ਭਿੱਖੀਵਿੰਡ

ਐਮ ਡੀ ਗੁਰਮੇਜ ਸਿੰਘ ਵੀਰਮ